ਸਿਰਜਣਾ

ਜੁਲਾਈ-ਸਤੰਬਰ 2008 (ਅੰਕ 149)

July- September 2008

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

ਸਿਰਜਣਾ



ਜੁਲਾਈ-ਸਤੰਬਰ 2008 149 25 ਰੁਪਏ

ਸਿਰਜਣਾ

149

ਜੁਲਾਈ-ਸਤੰਬਰ 2008

ਸੰਪਾਦਕ : ਰਘਬੀਰ ਸਿੰਘ

Editor : Raghbir Singh

*

ਪਤਾ

1728, ਸੈਕਟਰ 43-ਬੀ,

ਚੰਡੀਗੜ੍ਹ - 160 022

ਫੋਨ : +91-172-2601693

*

SIRJANA

1728, Sector 43-B,

Chandigarh-160 022

INDIA

Phone : +91-172-2601693

E-mail :

raghbirsingh_chd@dataone.in

raghbirssirjana@yahoo.com

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ/ ਸੰਪਾਦਕੀ / ਸੇਖੋਂ ਸ਼ਤਾਬਦੀ/ 1

ਗੁਲਜ਼ਾਰ ਸਿੰਘ ਸੰਧੂ/ ਨਿਬੰਧ/ਸੰਤ ਸਿੰਘ ਸੇਖੋਂ/ 2

ਪ੍ਰਭਜੋਤ ਕੌਰ/ਕਵਿਤਾ/ਵਾਯੂਸ਼ੂਨ ਖਿਲਾਅ ਦੇ ਅੰਦਰ /9

ਜਸਬੀਰ ਸਿੰਘ ਆਹਲੂਵਾਲੀਆ/ਕਵਿਤਾ/ਕੀ ਤੁਸੀ ਪੰਜਵੀਂ ਫੇਲ੍ਹ ਤੋਂ ਘੱਟ ਕਮਜ਼ੋਰ ਹੋ?/10

ਜਸਵੰਤ ਦੀਦ/ ਕਵਿਤਾ/ਖੁਸ਼ਬੋਈ/11

ਪ੍ਰਮਿੰਦਰਜੀਤ/ ਤਿੰਨ ਕਵਿਤਾਵਾਂ/13

ਮੁਸ਼ਤਾਕ/ਤਿੰਨ ਕਵਿਤਾਵਾਂ/ 15

ਸੁਰਿੰਦਰ ਸੋਹਲ/ਅੱਧ-ਪੜ੍ਹੀ ਕਿਤਾਬ/ 18

ਜਸਵੀਰ/ ਪਿਆਰ ਤੇ ਜ਼ਿੰਦਗੀ : ਕੁਝ ਕਵਿਤਾਵਾਂ/ 20

ਪਿਆਰਾ ਸਿੰਘ ਭੋਗਲ/ਕਹਾਣੀ/ਦੁਸ਼ਮਣ /25

ਹਰਜੀਤ ਅਟਵਾਲ / ਕਹਾਣੀ/ਭਾਈਆ / 34

ਗੁਰਸੇਵਕ ਸਿੰਘ ਪ੍ਰੀਤ/ਕਹਾਣੀ/ਟੁੱਟੀ ਮਾਲਾ ਦੇ ਮਣਕੇ/39

ਸ਼ਸ਼ੀ ਸਮੁੰਦਰਾ/ ਨਿਬੰਧ/ ਧੋਬੀ ਘਾਟ ਵਾਲਾ ਪਾਤਰ ਤੇ ਅਸੀਂ/47

ਤਰਸੇਮ /ਮੁਲਾਕਾਤ/ ਬਲਬੀਰ ਮਾਧੋਪੁਰੀ ਨਾਲ ਗੱਲਬਾਤ /56

ਰਘਬੀਰ ਸਿੰਘ/ਨਿਬੰਧ/ਕਹਾਣੀਕਾਰ ਕੁਲਵੰਤ ਸਿੰਘ ਵਿਰਕ /62

ਚੰਦਰ ਮੋਹਨ/ਨਿਬੰਧ/ਮੰਗਾ ਬਾਸੀ : ਮਾਨਵੀ ਬੋਲਾਂ ਦਾ ਸ਼ਾਇਰ /79

ਸੁਰਜੀਤ ਹਾਂਸ/ ਰਿਵਿਊ ਨਿਬੰਧ/ ਲੈਨਿਨਗਰਾਦ ਦਾ ਮੁਹਾਸਰਾ ਅਤੇ ਪ੍ਰਗਤੀਵਾਦੀ ਕਲਾ/86

ਜਸਬੀਰ/ਰਿਵਿਊ/ਭਾਊ/90

ਰਘਬੀਰ ਸਿੰਘ/ਰਿਵਿਊ/ਤਾ ਮੈਂ ਕਹਿਆ ਕਹਿਣੁ/94

ਸੁਰਜੀਤ ਗਿੱਲ, ਡਾ. ਕਰਮਜੀਤ ਸਿੰਘ ਨਡਾਲਾ, ਜਸਵਿੰਦਰ ਸਿੰਘ, ਦਰਸ਼ਨ ਸਿੰਘ ਆਸ਼ਟ, ਜਸਦੇਵ ਸਿੰਘ ਧਾਲੀਵਾਲ, ਰਸ਼ੀਦ ਅੱਬਾਸ/ ਪੱਤਰ/ 97

ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ : ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 250 ਰੁਪਏ, ਵਾਰਸ਼ਿਕ : 100 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ

ਸੰਪਾਦਕੀ

ਸੇਖੋਂ ਸ਼ਤਾਬਦੀ

ਸਾਲ 2008 ਸੰਤ ਸਿੰਘ ਸੇਖੋਂ ਦੀ ਸ਼ਤਾਬਦੀ ਦਾ ਵਰ੍ਹਾ ਹੈ। ਵੀਹਵੀਂ ਸਦੀ ਵਿਚ ਪੰਜਾਬੀ ਦੇ ਸਾਹਿਤਕ ਮੰਡਲਾਂ ਉੱਤੇ ਨਮੂਦਾਰ ਹੋਣ ਵਾਲੇ ਪ੍ਰਤਿਭਾਵਾਨ ਲੇਖਕਾਂ ਦੀ ਗਿਣਤੀ ਤਾਂ ਥੋੜ੍ਹੀ ਨਹੀਂ ਪਰ ਜਿੰਨ੍ਹਾਂ ਕੁਝ ਕੁ ਸ਼ਖਸੀਅਤਾਂ ਨੇ ਪੰਜਾਬੀ ਸਾਹਿਤ ਦੇ ਜਗਤ ਉੱਤੇ ਏਸ ਸਦੀ ਵਿਚ ਵੱਡਾ ਪ੍ਰਭਾਵ ਪਾਇਆ ਉਹਨਾਂ ਵਿਚ ਸੰਤ ਸਿੰਘ ਦਾ ਨਾਉਂ ਬਹੁਤ ਉਘੜਵਾਂ ਹੈ। ਸੱਚ ਤਾਂ ਇਹ ਹੈ ਕਿ ਸੰਤ ਸਿੰਘ ਸੇਖੋਂ ਹੀ ਆਖਰੀ ਵੱਡੀ ਸ਼ਖਸੀਅਤ ਹੈ ਜਿਸ ਨੇ ਪੰਜਾਬੀ ਸਾਹਿਤ ਦਾ ਮੁਹਾਣ ਬਦਲਿਆ। ਜੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਭਾਈ ਵੀਰ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਵਰਗੀਆਂ ਸ਼ਖਸੀਅਤਾਂ ਦਾ ਬੋਲ-ਬਾਲਾ ਸੀ ਤਾਂ ਇਸ ਸਦੀ ਦਾ ਪਿਛਲਾ ਅੱਧ ਅਵੱਸ਼ ਹੀ ਸੰਤ ਸਿੰਘ ਸੇਖੋਂ ਦਾ ਨਾਂ ਨਾਲ ਜੁੜਦਾ ਸੀ।

ਪੰਜਾਬੀ ਸਿਰਜਣਾਤਮਕ ਸਾਹਿਤ ਨੂੰ ਸੇਖੋਂ ਦੀ ਆਪਣੀ ਨਿਜੀ ਦੇਣ ਯਕੀਨਨ ਬਹੁਤ ਮੁੱਲਵਾਨ ਹੈ। ਨਿੱਕੀ ਕਹਾਣੀ, ਨਾਵਲ ਅਤੇ ਨਾਟਕ ਦੇ ਖੇਤਰ ਵਿਚ ਜੋ ਨਵੀਆਂ ਪੈੜਾਂ ਸੰਤ ਸਿੰਘ ਸੇਖੋਂ ਨੇ ਪਾਈਆਂ ਉਸਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪੂਰੀ ਤਰ੍ਹਾਂ ਸਵੀਕਾਰਿਆ ਗਿਆ ਹੈ। ਪਰ ਇਸ ਤੋਂ ਵੀ ਵੱਧ ਸੇਖੋਂ ਦੀ ਦੇਣ ਇਕ ਅਜਿਹੇ ਚਿੰਤਕ ਤੇ ਆਲੋਚਕ ਦੀ ਸੀ ਜਿਸਨੇ ਸਮੁੱਚੇ ਪੰਜਾਬੀ ਸਾਹਿਤ-ਜਗਤ ਨੂੰ ਆਪਣੇ ਪ੍ਰਭਾਵ ਖੇਤਰ ਵਿਚ ਲੈ ਆਂਦਾ ਸੀ। ਇਸ ਦੌਰ ਦਾ ਕੋਈ ਗੌਲਣਯੋਗ ਲੇਖਕ ਅਜਿਹਾ ਨਹੀਂ ਸੀ ਜੋ ਸੰਤ ਸਿੰਘ ਸੇਖੋਂ ਦੇ ਅਚੇਤ ਜਾ ਸੁਚੇਤ ਪ੍ਰਭਾਵ ਤੋਂ ਮੁਕਤ ਰਿਹਾ ਹੋਵੇ। ਸਮਾਜਕ ਤੇ ਮਨੋ-ਯਥਾਰਥ ਦੀ ਪੁੱਠ ਵਾਲੀ ਜਿਸ ਪ੍ਰਕਾਰ ਦੀ ਰਚਨਾ ਨੂੰ ਹੁਣ ਪ੍ਰਮੁਖਤਾ ਹਾਸਲ ਹੈ ਉਸਦੇ ਪ੍ਰਚਾਰਨ ਪਰਸਾਰਨ ਵਿਚ ਵੱਡਾ ਯੋਗਦਾਨ ਸੰਤ ਸਿੰਘ ਸੇਖੋਂ ਦਾ ਹੀ ਸੀ।

ਹਰ ਵੱਡੀ ਸ਼ਖਸੀਅਤ ਵਾਂਗ ਸੇਖੋਂ ਵਿਵਾਦ ਮੁਕਤ ਨਹੀਂ ਸੀ। ਉਸਦੀ ਸ਼ਖਸੀਅਤ ਵਿਚ ਵੀ ਅਤੇ ਉਸਦੇ ਚਿੰਤਨ ਵਿਚ ਵੀ ਬਹੁਤ ਸਾਰੇ ਅੰਤਰ-ਵਿਰੋਧ ਸਨ। ਇਸ ਤਰ੍ਹਾਂ ਦੇ ਵਿਰੋਧ ਨਿੱਜ ਦੀ ਪੱਧਰ ਉੱਤੇ ਤਾਂ ਇਹੀ ਪ੍ਰਮਾਣਤ ਕਰਦੇ ਹਨ ਕਿ ਹਰ ਵੱਡੀ ਤੋਂ ਵੱਡੀ ਸ਼ਖਸੀਅਤ ਵੀ ਆਖਰ ਇਨਸਾਨ ਹੀ ਹੁੰਦੀ ਹੈ। ਚਿੰਤਨ ਵਿਚ ਇਸ ਤਰ੍ਹਾਂ ਦੇ ਵਿਰੋਧ ਇਕ ਨਿਸਚਤ ਕਾਲ ਦੇ ਯਥਾਰਥ ਦੀ ਉਪਜ ਹੁੰਦੇ ਹਨ। ਪਰ ਇਹ ਤੈਅ ਹੈ ਕਿ ਯੁਗ ਅਨੁਕੂਲ ਵਿਚਾਰਧਾਰਾ ਨਾਲ ਪੱਲਾ ਮੇਚਕੇ ਪੰਜਾਬੀ ਸਾਹਿਤ-ਸਭਿਆਚਾਰ ਨੂੰ ਜੋ ਨਵੀਂ ਦਿਸ਼ਾ ਸੰਤ ਸਿੰਘ ਸੇਖੋਂ ਨੇ ਪ੍ਰਦਾਨ ਕੀਤੀ,ਉਸਦੀ ਸਾਰਥਕਤਾ ਲੰਮੇਂ ਸਮੇਂ ਤਕ ਬਣੀ ਰਹੇਗੀ। ਸਰਕਾਰੇ ਦਰਬਾਰੇ ਜਾਂ ਸਥਾਪਤੀ ਵਾਲੀਆਂ ਥਾਵਾਂ ਉਤੇ ਆਪਣੇ ਨਿੱਜੀ ਚਰਿੱਤਰ ਕਾਰਨ ਵੀ ਅਤੇ ਆਪਣੀ ਵਿਚਾਰਧਾਰਕ ਪਹੁੰਚ ਕਾਰਨ ਵੀ ਸੰਤ ਸਿੰਘ ਸੇਖੋਂ ਨੂੰ ਕੋਈ ਬਹੁਤਾ ਮਾਣ ਸਤਿਕਾਰ ਭਾਵੇਂ ਨਹੀਂ ਸੀ ਮਿਲਿਆ ਪਰ ਪੰਜਾਬੀ ਸਾਹਿਤ ਸਭਿਆਚਾਰ ਦੇ ਜਗਤ ਵਿਚ ਉਸਦੀ ਦੇਣ ਤੋਂ ਮੁਨਕਰ ਹੋਣਾ ਕਿਸੇ ਲਈ ਵੀ ਸੰਭਵ ਨਹੀਂ ਸੀ।

ਉਸਦੀ ਸ਼ਤਾਬਦੀ ਦੇ ਵਰ੍ਹੇ ਵਿਚ ਪਤਾ ਨਹੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾਵਾਂ ਸੰਤ ਸਿੰਘ ਸੇਖੋਂ ਨੂੰ ਕਿਵੇਂ ਚੇਤੇ ਕਰਦੀਆਂ ਹਨ। ਪਰ ਪ੍ਰਗਤੀਮੁਖ ਤੇ ਸਮਾਜਕ ਸਾਰਥਕਤਾ ਵਾਲੇ ਉਸਦੇ ਚਿੰਤਨ ਨੂੰ ਚੇਤੇ ਕਰਦੇ ਹੋਏ ਅਸੀਂ ਸੰਤ ਸਿੰਘ ਸੇਖੋਂ ਦੀ ਦੇਣ ਨੂੰ ਨਮਸਕਾਰ ਕਰਦੇ ਹਾਂ। ਅਗਲੇ ਪੰਨਿਆਂ ਉੱਤੇ ਸੰਤ ਸਿੰਘ ਸੇਖੋਂ ਦੀ ਸ਼ਖਸੀਅਤ ਨੂੰ ਸਮਝਣ ਅਤੇ ਉਸਦੀ ਦੇਣ ਨੂੰ ਆਂਕਣ ਵਾਲਾ ਗੁਲਜ਼ਾਰ ਸਿੰਘ ਸੰਧੂ ਦਾ ਲੇਖ ਏਸੇ ਸੇਧ ਵਿਚ ਲਿਖਿਆ ਗਿਆ ਹੈ।

-ਰਘਬੀਰ ਸਿੰਘ

ਸੰਤ ਸਿੰਘ ਸੇਖੋਂ

ਗੁਲਜ਼ਾਰ ਸਿੰਘ ਸੰਧੂ

ਪੰਜਾਬੀ ਸੂਬੇ ਦੀ ਸਥਾਪਨਾ ਤੋਂ ਚਾਲੀ ਸਾਲ ਪਿੱਛੋਂ ਪੰਜਾਬ ਦੀ ਸਰਕਾਰ ਨੂੰ ਆਪਣੇ ਸੂਬੇ ਵਿਚ ਏਥੋਂ ਦੀ ਭਾਸ਼ਾ ਨੂੰ ਬਣਦਾ ਸਥਾਨ ਦੇਣ ਦਾ ਖਿਆਲ ਆਇਆ ਹੈ। ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੀਆਂ ਅਖਬਾਰਾਂ ਵਿਚ ਮਾਤ-ਭਾਸ਼ਾ ਦੇ ਰਹਿ ਚੁੱਕੇ ਸੇਵਕਾਂ ਨੂੰ ਤਸਵੀਰਾਂ ਸਹਿਤ ਚੇਤੇ ਕੀਤਾ ਜਾ ਰਿਹਾ ਹੈ। ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸਾਧੂ ਸਿੰਘ ਹਮਦਰਦ, ਬਲਵੰਤ ਗਾਰਗੀ, ਸ਼ਿਵ ਕੁਮਾਰ ਤੇ ਸੁਰਿੰਦਰ ਸਿੰਘ ਨਰੂਲਾ ਤਕ ਸਭ ਦੇ ਚਿਹਰੇ ਦੇਖੇ ਜਾ ਸਕਦੇ ਹਨ। ਸੰਤ ਸਿੰਘ ਸੇਖੋਂ ਦਾ ਇਹਨਾਂ ਵਿਚ ਨਾ ਹੋਣਾ ਖਟਕਦਾ ਹੈ। ਪਾਰਟੀ ਪ੍ਰਧਾਨ ਤੋਂ ਮੰਤਰੀ ਮੰਡਲ ਤਕ ਸਰਕਾਰ ਦੇ ਚਾਲਕਾਂ ਵਿਚ ਜੱਟਾਂ ਦੀ ਭਰਮਾਰ ਹੈ। ਇਹ ਮੰਨਣਾ ਔਖਾ ਹੈ ਕਿ ਕਿਸੇ ਦੇ ਵੀ ਮਨ ਵਿਚ ਉਸਦਾ ਖਿਆਲ ਨਾ ਆਇਆ ਹੋਵੇ। ਘਰ ਦਾ ਜੋਗੀ ਜੋਗੜਾ ਤੇ ਬਾਹਰ ਦਾ ਜੋਗੀ ਸਿੱਧ ਵਾਲਾ ਅਖਾਣ ਵੀ ਲਾਗੂ ਨਹੀਂ ਹੁੰਦਾ। ਤਸਵੀਰਾਂ ਵਿਚਲੇ ਸਭ ਬੰਦੇ ਉਸਦੇ ਆਪਣੇ ਹਨ। ਸੰਤ ਸਿੰਘ ਸੇਖੋਂ ਦੇ ਖਾਸ-ਉਲ-ਖ਼ਾਸ। ਮੋਹਨ ਸਿੰਘ ਉਸਦਾ ਆਪਣਾ ਸੀ। ਬਲਵੰਤ ਗਾਰਗੀ ਦੀ ਜੀਵਨ-ਸ਼ੈਲੀ ਦੇ ਬਲਿਹਾਰੇ ਜਾਂਦਾ ਸੀ। ਸ਼ਿਵ ਕੁਮਾਰ ਨੂੰ ਪੰਜਾਬੀ ਦਾ ਕੀਟਸ ਮੰਨਦਾ ਸੀ ਤੇ ਸਾਧੂ ਸਿੰਘ ਹਮਦਰਦ ਨੂੰ ਯਾਰਾਂ ਦਾ ਯਾਰ। ਸਰਕਾਰ ਵੱਲੋਂ ਉਸ ਨੂੰ ਮਿੱਤਰ ਮੰਡਲੀ ਤੋਂ ਬਾਹਰ ਰੱਖਣ ਦੀ ਸਿਤਮ ਜ਼ਰੀਫੀ ਸਮਝ ਨਹੀਂ ਆਈ।

ਸੰਤ ਸਿੰਘ ਸੇਖੋਂ ਸਭ ਤੋਂ ਵੱਖਰਾ ਸੀ। ਉਸਨੇ ਪੰਜਾਬੀ ਸਾਹਿਤ ਨੂੰ ਨਵੀਨਤਾ ਪ੍ਰਦਾਨ ਕੀਤੀ। ਨਿੱਕੀ ਤੇ ਹੁਨਰੀ ਕਹਾਣੀ, ਛੋਟੇ ਤੇ ਵੱਡੇ ਨਾਟਕ, ਸਾਹਿਤ-ਸਮਾਲੋਚਨਾ, ਸੈਮੀਨਾਰ ਤੇ ਸਮਾਗਮ ਉਸ ਦਾ ਹਰ ਥਾਂ ਬੋਲ-ਬਾਲਾ ਸੀ। ਰਣਜੀਤ ਸਿੰਘ ਦਾ ਰਾਜ, ਬੰਦਾ ਬਹਾਦਰ ਦੀ ਸੂਰਮਗਤੀ, ਰੂਸੀ ਕ੍ਰਾਂਤੀ ਦੇ ਜਨਮ ਦਾਤਾ ਲੈਨਿਨ ਦੀ ਪਹੁੰਚ, ਮਹਾਰਾਜਾ ਦਲੀਪ ਸਿੰਘ ਦੀ ਹੋਣੀ, ਸਿਆਲਾਂ ਦੀ ਨੱਢੀ ਦਾ ਦੁਖਾਂਤ - ਉਸਦੀਆਂ ਰਚਨਾਵਾਂ ਦਾ ਪਿੜ ਵੱਡਾ ਸੀ। 'ਮੋਇਆ ਸਾਰ ਨਾ ਕਾਈ' ਤੋਂ 'ਬੇੜਾ ਬੰਧ ਨਾ ਸਕਿਓ' ਤਕ ਫੈਲਿਆ ਹੋਇਆ। ਚੇਤੇ ਵਾਲਿਆਂ ਨੇ ਸੰਤ ਸਿੰਘ ਸੇਖੋਂ ਦਾ ਚੇਤਾ ਭੁਲਾ ਕੇ ਉਸਦੀ ਵਿਲੱਖਣਤਾ ਉੱਤੇ ਮੋਹਰ ਲਾਈ ਹੈ। ਉਹ 1908 ਤੋਂ 1997 ਤਕ ਗੱਜ ਵੱਜ ਕੇ ਜੀਵਿਆ। ਲੰਘ ਰਿਹਾ ਵਰ੍ਹਾ ਉਸ ਦੀ ਜਨਮ ਸ਼ਤਾਬਦੀ ਦਾ ਸਾਲ ਹੈ। ਜੇ ਸਰਕਾਰੇ ਦਰਬਾਰੇ ਨਹੀਂ ਤਾਂ ਮਿੱਤਰ ਪਿਆਰਿਆਂ ਨੇ ਤਾਂ ਚੇਤੇ ਕਰਨਾ ਹੀ ਹੈ।

0 0 0

ਸੰਤ ਸਿੰਘ ਸੇਖੋਂ ਦੇ ਜੀਵਨ ਦੀ ਗੱਲ ਕਰੀਏ ਤਾਂ ਉਸਦੇ ਦਾਈਏ ਵੱਡੇ ਸਨ। ਉਹ ਬਚਪਨ ਵਿਚ ਪਹਿਲਵਾਨ ਬਣਨ ਦੇ ਸੁਪਨੇ ਲੈਂਦਾ ਸੀ। ਮੇਰੇ ਸਮਕਾਲੀ ਉਹਦੇ ਬੁੱਢੇ ਪੱਟ ਉੱਤੇ ਜਵਾਨੀ ਵੇਲੇ ਖੁਣਵਾਇਆ ਚੰਦ ਵੇਖਦੇ ਰਹੇ ਹਨ। ਵੱਡਾ ਹੋ ਕੇ ਉਹ ਰਾਜਨੀਤਕ ਨੇਤਾ ਬਣਨਾ ਵੀ ਲੋਚਦਾ ਰਿਹਾ। ਉਹ ਤਿੰਨ ਵਾਰੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਅਤੇ ਇਕ ਵਾਰੀ ਭਾਰਤੀ ਪਾਰਲੀਮੈਂਟ ਦੀ ਚੋਣ ਹਾਰਿਆ। ਉਸਨੇ ਆਪਣੇ ਮਨ ਵਿਚ ਇਹ ਗੱਲ ਬਿਠਾ ਰੱਖੀ ਸੀ ਕਿ ਰਾਜਨੀਤਕ ਸੱਤਾ ਵੱਡੀ ਤੋਂ ਵੱਡੀ ਸਾਹਿਤਕ ਸੱਤਾ ਨਾਲੋਂ ਵੱਡੀ ਹੁੰਦੀ ਹੈ। ਸਾਹਿਤਕ ਸਫਲਤਾ ਲਈ ਉਹਦੇ ਵੱਲੋਂ ਇਕ ਮਨ ਇਕ ਚਿੱਤ ਹੋ ਕੇ ਨਾ ਜੂਝਣ ਦਾ ਕਾਰਨ ਵੀ ਇਹੀਓ ਸੀ। ਇਹ ਗੱਲ ਵੱਖਰੀ ਹੈ ਕਿ ਉਸਦੇ ਜੀਵਨ ਦੀ ਸਮੁੱਚੀ ਪ੍ਰਾਪਤੀ ਇਹਨਾਂ ਅੱਧ-ਮਨ ਅੱਧ-ਚਿੱਤ ਯਤਨਾਂ ਦੀ ਦੇਣ ਹੈ। ਉਸਦੇ ਆਪਣੇ ਸ਼ਬਦਾਂ ਵਿਚ ਉਹ ਜੀਵਨ ਦੇ ਤਿੰਨ ਇਮਤਿਹਾਨਾਂ ਵਿਚੋਂ ਕੇਵਲ ਇਕ ਵਿਚ ਪਾਸ ਹੋਇਆ। ਉਹ ਖ਼ੁਦ ਇਸਨੂੰ ਰਿਆਇਤੀ ਪਾਸ ਹੋਣਾ ਕਹਿੰਦਾ ਸੀ। ਅੰਗਰੇਜ਼ੀ ਵਿਚ ਅਜਿਹੇ ਪਾਸ ਹੋਣ ਨੂੰ ਗਰੇਸ ਮਾਰਕਸ ਨਾਲ ਪਾਸ ਹੋਣਾ ਕਹਿੰਦੇ ਹਨ। ਸਾਡੀ ਸਰਕਾਰ ਨੂੰ ਗਰੇਸ ਮਾਰਕਸ ਵੀ ਦੇਣੇ ਨਹੀਂ ਆਏ। ਉਸਨੂੰ ਮਿੱਤਰਾਂ ਦੀ ਮਹਿਫਲ ਤੋਂ ਬਾਹਰ ਰੱਖ ਕੇ ਸਰਕਾਰ ਨੇ ਆਪਣੀ ਗਰੇਸ ਗੰਵਾਈ ਹੈ।

ਸੇਖੋਂ ਦੀ ਗਰੇਸ ਵਡਿਆਈ ਵਾਲੀ ਸੀ। ਉਸਨੇ ਸਾਰੀ ਉਮਰ ਕਿਸੇ ਨੌਕਰੀ ਜਾਂ ਪ੍ਰਾਪਤੀ ਲਈ ਮਿੰਨਤਾਂ ਤਰਲੇ ਨਹੀਂ ਕੀਤੇ। ਏਥੋਂ ਤਕ ਕਿ ਨੌਕਰੀਆਂ ਤੋਂ ਹਟਾਏ ਜਾਣ ਦੀ ਸੂਰਤ ਵਿਚ ਵੀ ਆਪਣੇ ਆਪ ਨੂੰ ਹੀ ਕੋਸਿਆ, ਹਟਾਉਣ ਵਾਲਿਆਂ ਨੂੰ ਨਹੀਂ। ਤੰਗੀ-ਤੁਰਸ਼ੀ ਤੇ ਟੁੱਟ-ਭੱਜ ਦੇ ਦਿਨਾਂ ਵਿਚ ਉਹ ਤਾਸ਼ ਦੇ ਪੱਤੇ ਇਕੱਠੇ ਕਰਕੇ ਪੇਸ਼ੈਂਸ ਯਾਨੀ ਸਬਰ-ਸਬੂਰੀ ਨਾਂ ਦੀ ਗੇਮ ਖੇਡਦਾ ਰਹਿੰਦਾ। ਫੇਰ ਵੀ ਸਬਰ ਨਹੀਂ ਸੀ ਆਉਂਦਾ ਤਾਂ ਅੰਗਰੇਜ਼ੀ ਦੀਆਂ ਅਖਬਾਰਾਂ ਵਿਚ ਛਪੇ ਕਰਾਸ-ਵਰਡ ਪਜ਼ਲਜ਼ ਯਾਨੀ ਸ਼ਬਦ-ਕੁੰਡਲੀਆਂ ਭਰਨ ਬਹਿ ਜਾਂਦਾ ਸੀ। ਇਹ ਦੋਵੇਂ ਖੇਡਾਂ ਵਕਤ-ਕਟੀ ਦੇ ਨਾਲ ਨਾਲ ਨਿਰਾਸ਼ਾ ਝੰਬਣ ਦਾ ਕੰਮ ਵੀ ਕਰਦੀਆਂ ਸਨ। ਸ਼ਬਦ-ਕੁੰਡਲੀਆਂ ਦੀ ਖੇਡ ਸ਼ਬਦ-ਭੰਡਾਰ ਅਮੀਰ ਕਰਦੀ ਸੀ।

ਸ਼ਬਦਾਂ ਦੀ ਬਣਤਰ ਤੇ ਉਹਨਾਂ ਦੇ ਅਰਥ ਲੱਭਣ ਲੱਗਿਆਂ ਦਸਵੇਂ ਦੁਆਰ ਜਾ ਪੁੱਜਣਾ ਸੇਖੋਂ ਦੇ ਸੁਭਾਅ ਦਾ ਅਨਿੱਖੜ ਅੰਗ ਸੀ। ਉਸਦਾ ਜੀਵਨ ਤੇ ਰਚਨਾ ਅਰਥਾਂ ਦੇ ਵਣਜ ਦਾ ਪ੍ਰਤੀਕ ਸੀ। ਕੀ ਨਾਟਕ ਤੇ ਕੀ ਉਪਨਿਆਸ ਉਹ ਆਪਣੀ ਰਚਨਾ ਨੂੰ ਅਰਥ ਦਿੱਤੇ ਬਿਨਾਂ ਨਹੀਂ ਸੀ ਰਹਿੰਦਾ। ਸਾਹਿਤ-ਸਮਾਲੋਚਨਾ ਨੂੰ ਵੀ। ਇਸ ਵਿਸ਼ੇ ਉੱਤੇ ਉਸਦੀ ਵਡਮੁੱਲੀ ਪੋਥੀ ਦਾ ਨਾਂ ਹੀ 'ਸਾਹਿਤਿਆਰਥ' ਹੈ। ਉਸਦੀਆਂ ਲਿਖਤਾਂ ਵਿਚ ਅਰਥਾਂ ਦੀ ਪ੍ਰਧਾਨਗੀ ਏਨੀ ਜ਼ਿਆਦਾ ਹੈ ਕਿ ਕਲਾ-ਵਾਚੀ ਹੋਣ ਦੀ ਥਾਂ ਅਰਥ-ਵਾਚੀ ਹੋ ਨਿਬੜਦੀਆਂ ਹਨ। ਜੇ ਉਪਰੋਕਤ ਧਾਰਨਾ ਦੀ ਵਿਆਖਿਆ ਕਰਨੀ ਹੋਵੇ ਤਾਂ ਉਸਦੀ ਨਿੱਕੀ ਕਹਾਣੀ 'ਪ੍ਰੇਮੀ ਦੇ ਨਿਆਣੇ' ਦੀ ਗੱਲ ਹੋ ਸਕਦੀ ਹੈ। ਭਾਰਤੀ ਮਿਥਿਹਾਸ ਪਰਮਾਤਮਾ ਦੀ ਦੇਣ ਤੇ ਸ਼ਕਤੀ ਨੂੰ ਸਮਰਪਤ ਹੈ। ਪਰ ਇਸ ਕਹਾਣੀ ਵਿਚ ਬੱਚੇ ਰਾਸ਼ੇ ਦੀ ਹੋਂਦ ਦਾ ਡਰ ਦੂਰ ਕਰਨ ਲਈ ਵਾਹਿਗੁਰੂ ਦੀ ਟੇਕ ਲੈਣ ਦੀ ਥਾਂ ਆਪਣੀ ਮਾਂ ਪ੍ਰੇਮੀ ਦਾ ਨਾਂ ਲੈ ਕੇ ਨਿਸਚਿੰਤ ਹੋ ਜਾਂਦੇ ਹਨ। ਉਹਨਾਂ ਦੀ ਇਸ ਭਾਵਨਾ ਨੂੰ ਤਰਕ-ਪੂਰਨ ਬਣਾਉਣ ਲਈ ਸੇਖੋਂ ਵੱਡੇ ਬੱਚੇ ਯਾਨੀ ਆਪਣੀ ਭੈਣ ਦੇ ਮੂੰਹ ਵਿਚ ਇਹ ਸ਼ਬਦ ਵੀ ਪਾਉਂਦਾ ਹੈ, 'ਵਾਹਿਗੁਰੂ ਤੋਂ ਭੂਤ ਪ੍ਰੇਤ ਹੀ ਡਰਦੇ ਹਨ ਆਦਮੀ ਨਹੀਂ ਡਰਦੇ।' ਭਾਵ ਇਹ ਕਿ ਅਣਦਿਸਦੇ ਭੈਅ ਦਾ ਇਲਾਜ ਤਾਂ ਪਰਮਾਤਮਾ ਹੋ ਸਕਦਾ ਹੈ ਪਰ ਦਿਸਦੇ ਆਦਮੀ ਦਾ ਟਾਕਰਾ ਤਾਂ ਆਦਮ ਜਾਤ ਨੇ ਹੀ ਕਰਨਾ ਹੈ। ਪਰ ਸੰਤ ਸਿੰਘ ਸੇਖੋਂ ਵਿਚਲੇ ਲੇਖਕ ਦੀ ਏਨੇ ਨਾਲ ਵੀ ਸੰਤੁਸ਼ਟੀ ਨਹੀਂ ਹੁੰਦੀ। ਉਹ ਇਹ ਕਹਿਣਾ ਲਾਜ਼ਮੀ ਸਮਝਦਾ ਹੈ, "ਜਿਵੇਂ ਕੰਬਦਾ ਹਿਰਦਾ ਤੇ ਥਿੜਕਦੇ ਪੈਰ ਰੱਬ ਰੱਬ ਕਰਦੇ ਸ਼ਮਸ਼ਾਨ ਭੂਮੀ ਵਿਚੋਂ ਗੁਜ਼ਰ ਜਾਂਦੇ ਹਨ, ਅਸੀਂ ਪ੍ਰੇਮੀ ਦਾ ਨਾਉਂ ਲੈ ਕੇ ਸੜਕ ਪਾਰ ਹੋ ਗਏ। ਰਾਸ਼ਾ ਓਸੇ ਤਰ੍ਹਾਂ ਓਥੇ ਹੀ ਪਿਆ ਰਿਹਾ।"

ਏਸੇ ਤਰ੍ਹਾਂ ਦੇ ਵੱਡੇ ਅਰਥਾਂ ਵਾਲੀ ਕਹਾਣੀ 'ਅਨੋਖ ਸਿੰਘ ਦੀ ਵਹੁਟੀ' ਮੈਂ ਗਿਆਰ੍ਹਵੀਂ ਬਾਰ੍ਹਵੀਂ ਸ਼੍ਰੇਣੀ ਵਿਚ ਪੜ੍ਹਦਿਆਂ ਆਪਣੇ ਕੋਰਸ ਵਿਚ ਪੜ੍ਹੀ ਸੀ। ਕਹਾਣੀ ਦਾ ਨਾਇਕ ਹਰ ਮਿਲਣ ਵਾਲੇ ਤੋਂ ਆਪਣੀ ਮੇਮ ਪਤਨੀ ਬਾਰੇ ਪੁੱਛ ਰਿਹਾ ਸੀ ਜਿਹੜੀ ਉਸਨੂੰ ਛੱਡ ਕੇ ਜਾ ਚੁੱਕੀ ਸੀ। ਉਹ ਮੇਮ ਉਸਨੂੰ ਫੌਜ ਦੀ ਨੌਕਰੀ ਕਰਦਿਆਂ ਕਿਸੇ ਬਾਹਰਲੇ ਦੇਸ਼ ਵਿਚ ਮਿਲ ਗਈ ਸੀ। ਜੀਵਨ ਭਰ ਦੇ ਸਾਥ ਲਈ ਪਰਣਾਈ ਇਹ ਔਰਤ ਆਪਣੇ ਹੱਥੀਂ ਆਪ ਸਹੇੜੇ ਸਾਥ ਨੂੰ ਕੇਵਲ ਇਸ ਲਈ ਅਲਵਿਦਾ ਕਹਿ ਗਈ ਸੀ ਕਿ ਪਤੀ ਨੇ ਉਸਦੇ ਇਕੋ ਇਕ ਪੁੱਤਰ ਨੂੰ ਉਸਦੀ ਮੌਤ ਤੋਂ ਪਿੱਛੋਂ ਹਿੰਦੂ ਰੀਤੀ ਰਿਵਾਜਾਂ ਅਨੁਸਾਰ ਅੱਗ ਵਿਚ ਸਾੜ ਕੇ ਸੁਆਹ ਕਰ ਦਿੱਤਾ ਸੀ। ਮੇਮ ਆਪਣੇ ਲਾਡਲੇ ਪੁੱਤਰ ਨੂੰ ਸੜਦਾ ਨਹੀਂ ਦੇਖ ਸਕੀ। ਉਹ ਉਸਨੂੰ ਈਸਾਈ ਰੀਤੀ ਰਿਵਾਜਾਂ ਅਨੁਸਾਰ ਦਫਨਾ ਕੇ ਉਸਦੀ ਯਾਦ ਨੂੰ ਜੀਵਤ ਰੱਖਣਾ ਚਾਹੁੰਦੀ ਸੀ। ਹਿੰਦੂ ਲੋਕ ਮੁਰਦੇ ਨੂੰ ਜਲਾ ਕੇ ਉਸਦੀਆਂ ਅਸਥੀਆਂ ਜਲ ਪਰਵਾਹ ਕਰਕੇ ਉਸਨੂੰ ਭੁੱਲ ਜਾਂਦੇ ਹਨ ਪਰ ਈਸਾਈ ਉਸਦੀ ਕਬਰ ਉੱਤੇ ਉਸਦੇ ਨਾਂ ਦੀ ਤਖਤੀ ਲਾ ਕੇ ਉਸਨੂੰ ਚੇਤੇ ਕਰਨ ਦੀ ਸੰਭਾਵਨਾ ਬਣਾਈ ਰੱਖਦੇ ਹਨ। ਕਹਾਣੀ ਵਿਚ ਮੇਮ ਦੇ ਤੁਰ ਜਾਣ ਦਾ ਇਹ ਕਾਰਨ ਸਪਸ਼ਟ ਸੀ ਜਾਂ ਲੁਪਤ ਮੈਨੂੰ ਹੁਣ ਚੇਤੇ ਨਹੀਂ, ਪਰ ਇਸਦਾ ਪ੍ਰਭਾਵ ਅਰਥ ਭਰਪੂਰ ਸੀ। ਸੇਖੋਂ ਦੇ ਚਿੰਤਨ ਵਰਗਾ। ਸੇਖੋਂ ਨੇ ਨਾਇਕ ਨੂੰ ਭੌਰ-ਭੌਰ ਦਿਖਾ ਕੇ ਇਹ ਪ੍ਰਭਾਵ ਪੈਦਾ ਕੀਤਾ ਸੀ।

0 0 0

ਸੰਤ ਸਿੰਘ ਸੇਖੋਂ ਨਾਲ ਮੇਰੀ ਪਹਿਲੀ ਮੁਲਾਕਾਤ 1956 ਦੇ ਅੰਤਲੇ ਦਿਨਾਂ ਵਿਚ ਹੋਈ। ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਚ। ਏਸ਼ੀਅਨ ਲੇਖਕਾਂ ਦੀ ਬਹੁਤ ਵੱਡੀ ਕਾਨਫਰੰਸ ਵੇਲੇ। ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਉਦਘਾਟਨ ਕੀਤਾ ਗਿਆ ਸੀ ਤੇ ਮੁਲਕ ਰਾਜ ਆਨੰਦ ਦਾ ਮੁੱਖ ਭਾਸ਼ਨ। ਮੈਂ ਮੁਲਕ ਰਾਜ ਆਨੰਦ ਤੇ ਪੰਡਤ ਨਹਿਰੂ ਮੰਚ ਉੱਤੇ ਬੈਠੇ ਇਕ ਦੂਜੇ ਨਾਲ ਕਲੋਲ ਕਰਦੇ ਪਹਿਲੀ ਵਾਰ ਤੱਕੇ ਸਨ। ਮੇਰੇ ਮਨ ਵਿਚ ਲੇਖਕ ਦੀ ਪਦਵੀ ਦੇਸ਼ ਦੇ ਪ੍ਰਧਾਨ ਮੰਤਰੀ ਦੇ ਬਰਾਬਰ ਹੋ ਗਈ ਸੀ। ਮੈਂ 22 ਕੁ ਸਾਲ ਦਾ ਨੌਜਵਾਨ ਸਾਂ ਪਰ ਡਾ. ਮਹਿੰਦਰ ਸਿੰਘ ਰੰਧਾਵਾ ਦੇ ਦਫਤਰ ਵਿਚ ਸਬ ਐਡੀਟਰ ਲੱਗਿਆ ਹੋਣ ਕਾਰਨ ਮੈਨੂੰ ਸਾਰੇ ਵੱਡੇ ਲੇਖਕ ਜਾਨਣ ਲੱਗ ਪਏ ਸਨ। ਗੁਰਬਖਸ਼ ਸਿੰਘ ਪ੍ਰੀਤਲੜੀ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ ਤੇ ਜਗਜੀਤ ਸਿੰਘ ਆਨੰਦ। ਸਾਰੇ ਹੀ। ਸੇਖੋਂ ਨੇ ਕੋਟ ਪਤਲੂਨ ਤੇ ਟਾਈ ਤੋਂ ਬਿਨਾਂ ਬਣਾ ਸੰਵਾਰ ਕੇ ਬੰਨ੍ਹੀ ਪੱਗ ਵਾਲੇ ਚਿਹਰੇ ਉਤਲੀ ਦਾੜ੍ਹੀ ਨੂੰ ਸੱਜਰੀ ਕਲਫ ਲਾ ਰੱਖੀ ਸੀ। ਉਹ ਮਿੱਤਰਾਂ ਦੀ ਮਹਿਫਲ ਵਿਚੋਂ ਬਾਹਰ ਨਿਕਲਿਆ ਤਾਂ ਮੈਂ ਉਸਨੂੰ ਆਪਣੇ ਕੰਮ ਦੇ ਸਾਥੀਆਂ ਡੀ. ਮਥੁਸਵਾਮੀ ਤੇ ਟੀ. ਰਾਮਾਚੰਦਰਾ ਰਾਓ ਨਾਲ ਮਿਲਾ ਕੇ ਆਪਣਾ ਨਾਂ ਵੀ ਦੱਸਿਆ ਅਤੇ ਅਸੀਂ ਚਾਹ ਵਾਲੇ ਮੇਜ਼ ਵੱਲ ਹੋ ਤੁਰੇ। 'ਤੂੰ ਮੇਰਾ ਵਿਦਿਆਰਥੀ ਸੀ !' ਉਸਨੇ ਉਹਨਾਂ ਤੋਂ ਹਟ ਕੇ ਮੈਨੂੰ ਪ੍ਰਸ਼ਨ ਕੀਤਾ। 'ਵਿਦਿਆਰਥੀ ਨਹੀਂ ਪਾਠਕ' ਕਹਿ ਕੇ ਮੈਂ ਉਹਦੇ ਸਾਹਮਣੇ ਕੁਰਸੀ ਉੱਤੇ ਬੈਠ ਗਿਆ। ਗੁਰੂ ਤੋਂ ਸਬਕ ਲੈਣ ਵਾਲੇ ਸ਼ਿਸ਼ਾਂ ਵਾਂਗ। ਮੇਰੀ ਉਮਰ ਸਬਕ ਸਿੱਖਣ ਦੀ ਸੀ। ਮੇਰੇ ਸਾਥੀਆਂ ਲਈ ਇਹ ਵੱਡੇ ਮਾਣ ਦੀ ਗੱਲ ਸੀ ਕਿ ਪੰਜਾਬੀ ਦੇ ਇਕ ਵੱਡੇ ਲੇਖਕ ਨੇ ਉਹਨਾਂ ਦੇ ਨਾਲ ਬੈਠਣਾ ਮੰਨ ਲਿਆ ਸੀ। ਦੱਖਣੀ ਭਾਰਤ ਦੇ ਵੱਡੇ ਲੇਖਕ ਸੁਭਰਾਮਨੀਅਮ ਭਾਰਤੀ ਦਾ ਜ਼ਿਕਰ ਵੀ ਹੋਇਆ। ਮੇਰੇ ਸਾਥੀ ਸੇਖੋਂ ਦੀਆਂ ਸੰਖੇਪ ਤੇ ਭਾਵਪੂਰਤ ਟਿੱਪਣੀਆਂ ਤੋਂ ਬੜੇ ਪ੍ਰਭਾਵਤ ਹੋਏ। ਉਹ ਦੋਵੇਂ ਮੇਰੇ ਨਾਲੋਂ ਦੁੱਗਣੀ ਤੇ ਡਿਉਢੀ ਉਮਰ ਦੇ ਸਨ। ਪਰ ਸੇਖੋਂ ਦੀ ਸੰਗਤ ਨੇ ਮੈਨੂੰ ਉਹਨਾਂ ਦਾ ਹਾਣੀ ਬਣਾ ਦਿੱਤਾ। ਸਾਥੋਂ ਜੁਦਾ ਹੋਣ ਤਕ ਸੇਖੋਂ ਮੇਰਾ ਕੱਦ ਉਹਨਾਂ ਨਾਲੋਂ ਉੱਚਾ ਕਰ ਗਿਆ ਸੀ।

ਸੰਤ ਸਿੰਘ ਸੇਖੋਂ ਨਾਲ ਮੇਰਾ ਸਾਹਿਤਕ ਰਿਸ਼ਤਾ ਗੂੜ੍ਹਾ ਹੁੰਦਿਆਂ ਦੇਰ ਨਹੀਂ ਲੱਗੀ। ਉਹ ਦਿੱਲੀ ਆਉਂਦਾ ਤਾਂ ਆਪਣੇ ਨਾਟਕਕਾਰ ਮਿੱਤਰਾਂ ਹਰਚਰਨ ਸਿੰਘ ਤੇ ਬਲਵੰਤ ਗਾਰਗੀ ਦੇ ਘਰ ਠਹਿਰਦਾ। ਉਸਨੇ ਛੇਤੀ ਹੀ ਇਹਨਾਂ ਠਾਹਰਾਂ ਵਿਚ ਮੇਰਾ ਘਰ ਵੀ ਸ਼ਾਮਲ ਕਰ ਲਿਆ । ਮੇਰੇ ਕੋਲ ਤਿੰਨ ਕਮਰੇ ਦਾ ਵੱਡਾ ਘਰ ਸੀ ਤੇ ਆਵਾਜਾਈ ਲਈ ਛੋਟਾ ਮੋਟਰ ਸਾਈਕਲ। ਅਸੀਂ ਇਸ ਵਾਹਨ ਉੱਤੇ ਬਹਿ ਕੇ ਮਜਨੂੰ ਟਿੱਲਾ ਦੇ ਗੁਰਦਵਾਰੇ ਰਾਹੀਂ ਰਾਸ਼ਟਰਪਤੀ ਭਵਨ ਜਾਂਦੇ ਹੁੰਦੇ ਸਾਂ। ਮੇਰੀ ਰਿਹਾਇਸ਼ ਦਿੱਲੀ ਯੂਨੀਵਰਸਿਟੀ ਦੇ ਨੇੜੇ ਮਾਡਲ ਟਾਊਨ ਵਿਚ ਸੀ ਤੇ ਰਾਸ਼ਟਰਪਤੀ ਭਵਨ ਵਿਚ ਪ੍ਰਭਜੋਤ ਕੌਰ ਦਾ ਪਤੀ ਕਰਨਲ ਨਰਿੰਦਰਪਾਲ ਸਿੰਘ ਕੰਪਟਰੋਲਰ ਤੇ ਡਿਪਟੀ ਮਿਲਟਰੀ ਸੈਕਰੇਟਰੀ ਦੇ ਤੌਰ 'ਤੇ ਤਾਇਨਾਤ ਸੀ। ਇਕ ਵਾਰੀ ਉਰਦੂ ਲੇਖਕ ਕ੍ਰਿਸ਼ਨ ਚੰਦਰ ਵੀ ਸੰਤ ਸਿੰਘ ਸੇਖੋਂ ਨੂੰ ਮਿਲਣ ਮੇਰੇ ਘਰ ਚੱਲ ਕੇ ਆਇਆ ਸੀ। ਉਹ ਮਾਡਲ ਟਾਊਨ ਹੀ ਰਹਿੰਦਾ ਸੀ। ਮੈਂ ਨਹੀਂ ਸੀ ਜਾਣਦਾ ਕਿ 1939-40 ਵਿਚ ਪਹਿਲੀ ਨੌਕਰੀ ਟੁੱਟਣ ਤੋਂ ਪਿੱਛੋਂ ਸੰਤ ਸਿੰਘ ਸੇਖੋਂ ਵੱਲੋਂ ਲਾਹੌਰ ਤੋਂ ਕੱਢੇ 'ਦ ਨਾਰਥਰਨ ਰੀਵਿਊ' ਨਾਂ ਦੇ ਅੰਗਰੇਜ਼ੀ ਰਸਾਲੇ ਵਿਚ ਉਹ ਸੇਖੋਂ ਨਾਲ ਅਸਿਸਟੈਂਟ ਐਡੀਟਰ ਰਹਿ ਚੁੱਕਾ ਸੀ। ਪੰਜਾਹ ਸਾਲ ਪਹਿਲਾਂ ਮੇਰੀ ਮੁੱਢਲੀ ਉਮਰੇ ਏਨੇ ਵੱਡੇ ਅਦੀਬਾਂ ਦਾ ਮੇਰੇ ਘਰ ਆਉਣਾ ਜਾਣਾ ਮੈਨੂੰ ਬਹੁਤ ਚੰਗਾ ਲਗਦਾ ਸੀ।

0 0 0

ਉਪਰੋਕਤ ਅੰਗਰੇਜ਼ੀ ਰਸਾਲਾ ਕੱਢਣ ਲਈ ਮਾਇਆ ਗੁਰਦਿਆਲ ਸਿੰਘ ਠੇਕੇਦਾਰ ਨੇ ਜੁਟਾਈ ਸੀ। ਇਹ ਸੰਬੰਧ ਸੇਖੋਂ ਵੱਲੋਂ ਠੇਕੇਦਾਰ ਦੇ ਪੁੱਤਰ ਨੂੰ ਅੰਗਰੇਜ਼ੀ ਦੀ ਟੀਊਸ਼ਨ ਪੜ੍ਹਾਉਣ ਕਾਰਨ ਪੈਦਾ ਹੋਏ ਸੰਪਰਕ ਦਾ ਨਤੀਜਾ ਸੀ। ਰਸਾਲੇ ਰਾਹੀਂ ਆਪਣਾ ਦਬਦਬਾਅ ਪੈਦਾ ਕਰਕੇ ਸੇਖੋਂ ਆਪਣੇ ਮਨ ਦੀ ਵੱਡਾ ਬੰਦਾ ਬਣਨ ਦੀ ਭਾਵਨਾ ਪੂਰੀ ਕਰਨੀ ਚਾਹੁੰਦਾ ਸੀ, ਜਿਸਦਾ ਬੀਜ ਉਸਦੇ ਮਾਪਿਆਂ ਨੇ

ਬਚਪਨ ਤੋਂ ਉਹਦੇ ਮਨ ਵਿਚ ਬੀਜ ਛੱਡਿਆ ਸੀ। ਜਦੋਂ ਇਹ ਪ੍ਰਾਜੈਕਟ ਵੀ ਅਸਫਲ ਰਿਹਾ ਤਾਂ ਗੁਰਦਿਆਲ ਸਿੰਘ ਠੇਕੇਕਾਰ ਨੇ ਉਸਨੂੰ ਆਪਣੇ ਠੇਕਿਆਂ ਦਾ ਭਾਈਵਾਲ ਵੀ ਬਣਾਇਆ ਪਰ ਸੇਖੋਂ ਦੀ ਬਿਰਤੀ ਵਣਜ ਵਪਾਰ ਵਿਚ ਸਫਲ ਹੋਣ ਵਾਲੀ ਨਹੀਂ ਸੀ। ਭਾਵੇਂ ਵਿਦਿਆ ਤੇ ਅਧਿਆਪਨ ਦੇ ਖੇਤਰ ਵਿਚ ਮੱਲਾਂ ਮਾਰਨਾ ਉਸਦੇ ਨਾਮਣਾ ਖੱਟਣ ਵਾਲੇ ਟੀਚਿਆਂ ਵਿਚ ਸ਼ਾਮਲ ਨਹੀਂ ਸੀ ਪਰ ਉਸਨੂੰ ਢੋਈ ਏਸੇ ਧੰਦੇ ਤੋਂ ਪ੍ਰਾਪਤ ਹੋਈ। ਰੋਜ਼ੀ-ਰੋਟੀ ਤੇ ਜੀਵਿਕਾ ਲਈ ਏਸ ਧੰਦੇ ਨੇ ਉਸਦਾ ਜੀਵਨ ਭਰ ਸਾਥ ਦਿੱਤਾ। ਮਾਣ ਸਨਮਾਨ ਦੇਣ ਵਾਲੀ ਸਾਹਿਤ-ਸਾਧਨਾ ਤਾਂ ਇਸ ਧੰਦੇ ਨੂੰ ਪਾਣ ਚੜ੍ਹਾਉਣ ਮਾਤਰ ਹੀ ਸੀ।

ਸੰਤ ਸਿੰਘ ਸੇਖੋਂ ਪਹਿਲਾ ਪੰਜਾਬੀ ਲੇਖਕ ਸੀ ਜਿਹੜਾ ਅੰਗਰੇਜ਼ੀ ਸਾਹਿਤ ਰਾਹੀਂ ਪੰਜਾਬੀ ਜਗਤ ਵਿਚ ਆਇਆ। ਉਸਦਾ ਸਮਕਾਲੀ ਤੇ ਗੂੜ੍ਹਾ ਮਿੱਤਰ ਮੋਹਨ ਸਿੰਘ ਫ਼ਾਰਸੀ ਦਾ ਗਿਆਤਾ ਸੀ। ਕਰਤਾਰ ਸਿੰਘ ਦੁੱਗਲ ਉਸਤੋਂ ਇਕ ਦਹਾਕਾ ਛੋਟਾ ਹੋਣ ਕਾਰਨ ਉਸਦਾ ਸਮਕਾਲੀ ਨਹੀਂ ਸੀ ਮੰਨਿਆ ਜਾਂਦਾ। ਉਹ ਖੁਦ ਵੀ ਆਪਣੇ ਆਪ ਨੂੰ ਸੇਖੋਂ ਦਾ ਉੱਤਰ ਅਧਿਕਾਰੀ ਮੰਨਦਾ ਸੀ। ਨਾਟਕ ਦੇ ਖੇਤਰ ਵਿਚ ਈਸ਼ਵਰ ਚੰਦਰ ਨੰਦਾ ਨੇ ਸੇਖੋਂ ਨਾਲੋਂ ਪਹਿਲ ਤਾਂ ਕੀਤੀ ਪਰ ਉਸ ਦੀਆਂ ਰਚਨਾਵਾਂ ਵਿਚ ਅੰਗਰੇਜ਼ੀ ਸਾਹਿਤ ਦੇ ਪਿੱਛ-ਲੱਗ ਹੋਣ ਦਾ ਝਾਉਲਾ ਪੈਂਦਾ ਸੀ। ਉਸਦਾ ਬਹੁ-ਚਰਚਤ ਨਾਟਕ 'ਸ਼ਾਮੂ ਸ਼ਾਹ' ਸ਼ੈਕਸਪੀਅਰ ਦੇ ਸੁਪ੍ਰਸਿੱਧ ਨਾਟਕ 'ਮਰਚੈਂਟ ਆਫ ਵੀਨਸ' ਦਾ ਚਰਬਾ ਸੀ। ਇਸਦੇ ਉਲਟ ਸੇਖੋਂ ਵਿਚ ਕਲਾ ਤੇ ਫਲਸਫਾ ਪ੍ਰਧਾਨ ਸੀ। ਉਹ ਇਤਿਹਾਸ ਮਿਥਿਹਾਸ ਤੇ ਸਮਕਾਲੀ ਜੀਵਨ ਦਾ ਸੁਘੜ ਤੇ ਸੁਚੇਤ ਟਿੱਪਣੀਕਾਰ ਸੀ।

ਜਦੋਂ ਉਸਨੇ ਅੰਗਰੇਜ਼ੀ ਸਾਹਿਤ ਦਾ ਅਧਿਆਪਨ ਕਾਰਜ ਸੰਭਾਲਿਆ ਤਾਂ ਕਲਾ ਤੇ ਸਾਹਤ ਨੂੰ ਪਰਣਾਈ ਪ੍ਰਗਤੀਵਾਦੀ ਧਾਰਨਾ ਦੁਨੀਆਂ ਦੇ ਵੱਡੇ ਹਿੱਸੇ ਉੱਤੇ ਆਪਣਾ ਸਿੱਕਾ ਜਮਾ ਚੁੱਕੀ ਸੀ। ਖਾਸ ਕਰਕੇ ਯੂਰਪ ਤੇ ਬਰਤਾਨੀਆਂ ਵਿਚ। ਇਸ ਧਾਰਨਾ ਨੂੰ ਅਖੰਡ ਭਾਰਤ ਵਿਚ ਪ੍ਰਚਾਰਨ ਵਾਲਾ ਸੰਤ ਸਿੰਘ ਸੇਖੋਂ ਉਰਦੂ ਦੇ ਹੋਣ ਵਾਲੇ ਸ਼ਾਇਰ ਫੈਜ਼ ਅਹਿਮਦ ਫੈਜ਼ ਦਾ ਹਮਸਫਰ ਸੀ। ਸੰਤ ਸਿੰਘ ਸੇਖੋਂ ਨੇ ਪ੍ਰਗਤੀਵਾਦੀ ਧਾਰਨਾ ਵਿਚ ਲਿੰਗ-ਚੇਤਨਾ ਸ਼ਾਮਲ ਕਰਕੇ ਇਸਦੇ ਪਿੜ ਨੂੰ ਵਿਸ਼ਾਲਤਾ ਦਿੱਤੀ, ਜਿਸਨੂੰ ਕਰਤਾਰ ਸਿੰਘ ਦੁੱਗਲ ਨੇ ਰੱਜ ਕੇ ਪ੍ਰਵਾਨਿਆ। ਵੈਸੇ ਸੰਤ ਸਿੰਘ ਸੇਖੋਂ ਦੀ ਲਿੰਗ-ਭਾਵਨਾ ਵਿਚ ਚੋਖਾ ਸੰਕੋਚ ਸੀ। ਏਥੋਂ ਤਕ ਕਿ ਉਸਨੇ ਆਪਣੀ ਚਰਚਤ ਕਹਾਣੀ 'ਅਗਰ ਮੈਂ ਲੜਕਾ ਹੋਤੀ' ਆਪਣੇ ਪਹਿਲੇ ਚਾਰ ਸੰਗ੍ਰਹਿਆਂ ਵਿਚ ਸ਼ਾਮਲ ਨਹੀਂ ਸੀ ਕੀਤੀ। ਉਸ ਦੇ ਆਪਣੇ ਕਥਨ ਅਨੁਸਾਰ ਜਦੋਂ ਉਸਨੇ ਇਸਨੂੰ ਆਪਣੇ ਆਖਰੀ ਕਹਾਣੀ ਸੰਗ੍ਰਹਿ 'ਸਿਆਣਪਾਂ' ਵਿਚ ਸ਼ਾਮਲ ਵੀ ਕੀਤਾ ਤਾਂ ਇਸ ਵਿਚ ਯੋਗ ਤਬਦੀਲੀ ਕਰਕੇ ਹੀ ਕੀਤਾ। ਕਹਿਣ ਨੂੰ ਤਾਂ ਕਲਾਕਾਰ ਲੋਕ ਫਰਾਇਡ ਨੂੰ ਮਾਰਕਸ ਦੇ ਹਾਣ ਦਾ ਕਹਿਣ ਤਕ ਚਲੇ ਜਾਂਦੇ ਹਨ ਪਰ ਲਿੰਗ ਚਿਤਰਨ 'ਤੇ ਬੜੀ ਪਾਬੰਦੀ ਸੀ। ਸੰਤ ਸਿੰਘ ਸੇਖੋਂ ਨੂੰ ਉਸਦੇ ਨਾਟਕ 'ਕਲਾਕਾਰ' ਉੱਤੇ ਹਰ ਤਰ੍ਹਾਂ ਦਾ ਬੁਰਾ ਭਲਾ ਕਿਹਾ ਗਿਆ। ਉਰਦੂ ਅਫਸਾਨਾ-ਨਿਗਾਰ ਸਾਅਦਤ ਹਸਨ ਮੰਟੋ ਉੱਤੇ ਤਾਂ ਮੁਕੱਦਮੇ ਵੀ ਚੱਲੇ। ਉਹ ਸਮਾਂ ਹੀ ਇਹੋ ਜਿਹਾ ਸੀ। ਅੱਜ ਦੇ ਕਈ ਲੇਖਕ ਤਾਂ ਇਸ ਧਾਰਨਾ ਦੇ ਸ਼ੈਦਾਈ ਹੋਏ ਫਿਰਦੇ ਹਨ।

0 0 0

ਜਿਹਨਾਂ ਨੇ ਸੰਤ ਸਿੰਘ ਸੇਖੋਂ ਨੂੰ ਬਹੁਤ ਨੇੜਿਉਂ ਤੱਕਿਆ ਹੈ ਉਹ ਜਾਣਦੇ ਹਨ ਕਿ ਸੇਖੋਂ ਮੁਤਜ਼ਾਦ ਲੱਛਣਾਂ ਦਾ ਮੁਜੱਸਮਾ ਸੀ। ਵੱਡੇ ਤੋਂ ਵੱਡੇ ਨੇਤਾ ਅਤੇ ਅਮੀਰ ਤੋਂ ਅਮੀਰ ਬੰਦੇ ਅੱਗੇ ਸਿਰ ਨਾ ਝੁਕਾਉਣ ਵਾਲਾ ਸੇਖੋਂ ਆਪਣੇ ਵਿਦਿਆਰਥੀਆਂ ਤੇ ਹਮਾਤੜ ਸਾਥੀਆਂ ਨੂੰ ਮੰਗ ਪਾਉਣੋਂ ਨਹੀਂ ਸੀ ਝਿਜਕਦਾ। ਸ਼ਾਇਦ ਏਸ ਲਈ ਕਿ ਉਹਨਾਂ ਉੱਤੇ ਉਹ ਬਣਦਾ ਹੱਕ ਰਖਦਾ ਸੀ। ਉਸਨੂੰ ਉਹਨਾਂ ਉੱਤੇ ਭਰੋਸਾ ਵੀ ਸੀ। ਉਸਨੂੰ ਜੰਡਿਆਲਾ ਕਾਲਿਜ ਦਾ ਪ੍ਰਿੰਸੀਪਲ ਲਗਵਾਉਣ ਵਾਲਾ ਰਘਬੀਰ ਸਿੰਘ ਸਿਰਜਣਾ ਸੀ ਤੇ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਇਮੈਰੀਟਸ ਲਗਵਾਉਣ ਵਾਲਾ ਦਾਸ। ਮੈਂ ਪਲਾਨਿੰਗ ਕਮਿਸ਼ਨ ਦੇ ਮੈਂਬਰ ਡਾ. ਬੀ. ਐੱਸ. ਮਿਨਹਾਸ ਨੂੰ ਆਪਣੀ ਕੁਰਸੀ ਛੱਡ ਕੇ ਉਸਦੇ

ਗੋਡੀਂ ਹੱਥ ਲਾਉਂਦੇ ਤੱਕਿਆ ਹੈ ਅਤੇ ਦੇਸ਼ ਦੇ ਵਰਤਮਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੇਖੋਂ ਵੱਲੋਂ ਮੈਨੂੰ ਦਿੱਤੀ ਸਿਫਾਰਸ਼ੀ ਚਿੱਠੀ 'ਤੇ ਗ਼ੌਰ ਕਰਨ ਲਈ ਆਪਣੇ ਸਾਰੇ ਦੇ ਸਾਰੇ ਅਮਲੇ ਨੂੰ ਫਾਲ ਇਨ ਯਾਨੀ ਸਤਰਕ ਕਰਦਿਆਂ। ਮਨਮੋਹਨ ਸਿੰਘ ਉਦੋਂ ਕੇਂਦਰ ਸਰਕਾਰ ਵਿਚ ਵਿਤ ਸਕੱਤਰ ਸੀ ਤੇ ਮੈਂ ਸਿਫਾਰਸ਼ੀ ਚਿੱਠੀ ਰਾਹੀਂ ਖੇਤੀ ਯੂਨੀਵਰਸਿਟੀ ਦੀ ਇਕ ਵੱਡੀ ਮੰਗ ਲੈ ਕੇ ਉਸ ਨੂੰ ਮਿਲਿਆ ਸਾਂ।

ਪੰਜਾਬੀ ਪ੍ਰੋਫੈਸਰੀ ਦੀ ਗੱਲ ਕਰੀਏ ਤਾਂ ਉਸ ਨੂੰ ਸੁਰਿੰਦਰ ਸਿੰਘ ਕੋਹਲੀ ਤੇ ਹਰਚਰਨ ਸਿੰਘ ਨਾਟਕਕਾਰ ਦੇ ਮੁਕਾਬਲੇ ਡਾ. ਗੋਪਾਲ ਸਿੰਘ ਦਰਦੀ ਟਾਲ ਮੈਨ ਯਾਨੀ ਕੱਦਾਵਰ ਸ਼ਖ਼ਸ ਕਿਹਾ ਕਰਦਾ ਸੀ। ਬਲਵੰਤ ਗਾਰਗੀ ਉਸਦੀ ਪ੍ਰਿੰਸੀਪਲੀ ਨੂੰ ਵਾਈਸ ਚਾਂਸਲਰੀ ਆਖਦਾ ਸੀ ਤੇ ਜਗਜੀਤ ਸਿੰਘ ਆਨੰਦ ਨੇ ਉਸਦੇ ਅਕਾਲ ਚਲਾਣੇ ਨੂੰ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਅੰਤਲਾ ਅਧਿਆਇ ਕਿਹਾ ਸੀ। ਇਹ ਗੱਲਾਂ ਕਰਦਿਆਂ ਮੈਨੂੰ ਉਹ ਦ੍ਰਿਸ਼ ਚੇਤੇ ਆ ਜਾਂਦਾ ਹੈ ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਸ ਨੂੰ ਢਲਦੀ ਉਮਰੇ ਆਨਰੇਰੀ ਡਾਕਟਰੇਟ ਦੀ ਡਿਗਰੀ ਦਿੱਤੀ ਸੀ। ਮਰਯਾਦਾ ਅਨੁਸਾਰ ਡਿਗਰੀ ਪ੍ਰਾਪਤ ਕਰਦੇ ਸਮੇਂ ਮਾਨ ਪੱਤਰ ਪੜ੍ਹੇ ਜਾਣ ਦੀ ਘੜੀ ਨਾਮਜ਼ਦ ਉਮੀਦਵਾਰ ਸੰਤ ਸਿੰਘ ਸੇਖੋਂ ਨੇ ਚਾਂਸਲਰ ਵੱਲ ਮੂੰਹ ਤੇ ਦਰਸ਼ਕਾਂ ਸਰੋਤਿਆਂ ਵੱਲ ਪਿੱਠ ਕਰਕੇ ਖਲੋਣਾ ਸੀ। ਪਰ ਉਹ ਏਸ ਤਰ੍ਹਾਂ ਖੜ੍ਹਾ ਸੀ ਕਿ ਉਸਦਾ ਇਕ ਮੋਢਾ ਚਾਂਸਲਰ ਵੱਲ ਸੀ ਤੇ ਇਕ ਦਰਸ਼ਕਾਂ ਵੱਲ। ਉਸਦੇ ਲਈ ਦੋਨੋਂ ਧਿਰਾਂ ਬਰਾਬਰ ਸਨ। ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਵੇਲੇ ਨੱਕ ਰਗੜਦਾ ਸੀ ਜਾਂ ਨਹੀਂ, ਮੈਨੂੰ ਚੇਤਾ ਨਹੀਂ ਆ ਰਿਹਾ। ਉਸਦੀ ਕਹਾਣੀ 'ਪੇਮੀ ਦੇ ਨਿਆਣੇ' ਦਾ ਪਾਠ ਤਾਂ ਇਹ ਮਰਯਾਦਾ ਪਾਲਣਾ ਦੀ ਪੁਸ਼ਟੀ ਨਹੀਂ ਕਰਦਾ।

ਮੈਂ ਉਸਦੇ ਜੀਵਨ ਦੀਆਂ ਹੋਰ ਗੱਲਾਂ ਦਾ ਵੀ ਚਸ਼ਮਦੀਦ ਗਵਾਹ ਹਾਂ। ਉਹ ਰੂਸ ਤੇ ਚੀਨ ਦੀ ਕ੍ਰਾਂਤੀ ਦੇ ਹਵਾਲੇ ਨਾਲ ਕਿਸਾਨਾਂ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਦਾ ਆਪ ਅੰਗਰੇਜ਼ੀ ਸਾਹਿਬਾਂ ਦੀ ਤਰਜ਼-ਏ-ਜ਼ਿੰਦਗੀ ਜੀਊਣ ਦਾ ਚਾਹਵਾਨ ਸੀ। ਮੈਂ ਉਸਨੂੰ ਇੰਗਲੈਂਡ ਦੇ ਪ੍ਰਗਤੀਸ਼ੀਲ ਲੇਖਕਾਂ ਵੱਲੋਂ ਸੱਦੀ ਵਰਲਡ ਪੰਜਾਬੀ ਕਾਨਫਰੰਸ ਵਿਚ ਇਕ ਪਾਸੇ ਕਾਰਲ ਮਾਰਕਸ ਦੀ ਕਬਰ ਤੇ ਦੂਜੇ ਪਾਸੇ ਅੰਗਰੇਜ਼ੀ ਕਵੀਆਂ ਦੀਆਂ ਯਾਦਗਾਰਾਂ ਦੇਖਣ ਸਮੇਂ ਇਕੋ ਜਿੰਨੇ ਉਤਸ਼ਾਹ ਤੇ ਸ਼ਰਧਾ ਨਾਲ ਤੁਰਦਿਆਂ ਤੱਕਿਆ ਸੀ।

ਸੰਤ ਸਿੰਘ ਸੇਖੋਂ ਦੇ ਧਰਮ ਦੀ ਪਉੜੀ ਵੀ ਪਿਤਾ-ਪੁਰਖੀ ਦੇ ਡੰਡਿਆਂ ਵਾਲੀ ਸੀ। ਉਹਦੇ ਲਈ ਉਸਦੇ ਪੁਰਖੇ ਮਹਾਨ ਯੋਧੇ ਸਨ। ਉਹ ਆਪਣੇ ਮਾਪਿਆਂ ਦੀ ਚਾਹਨਾਂ ਉੱਤੇ ਕਿੰਨਾ ਕੁ ਪੂਰਾ ਉਤਰਿਆ ਇਹ ਤਾਂ ਉਸਦਾ ਬਾਲ ਪਰਿਵਾਰ ਹੀ ਦੱਸ ਸਕਦਾ ਹੈ, ਪਰ ਉਸਦੇ ਮਨ ਵਿਚ ਮਾਪਿਆਂ ਦਾ ਆਦਰ ਬੜਾ ਸੀ। ਉਸਦੇ ਲਈ ਪਿਤਾ ਹੁਕਮ ਸਿੰਘ ਇਕ ਯੋਧਾ ਸੀ ਤੇ ਮਾਤਾ ਪ੍ਰੇਮੀ ਵਾਹਿਗੁਰੂ ਦੀ ਸ਼ਕਤੀ ਦੇ ਹਾਣ ਦੀ। ਦਾਦੇ ਪੜਦਾਦੇ ਉਹਨਾਂ ਤੋਂ ਉਚੇਰੇ। ਉਹਨਾਂ ਦੇ ਸਮਿਆਂ ਦਾ ਮਹਾਰਾਜਾ ਰਣਜੀਤ ਸਿੰਘ ਹੋਰ ਵੀ ਉੱਤੇ। ਬੰਦਾ ਬਹਾਦਰ ਤੇ ਗੁਰੂ ਸਾਹਿਬਾਨ ਤਾਂ ਅਰਸ਼ਾਂ ਦੇ ਵਾਲੀ ਹੋ ਨਿੱਬੜੇ ਸਨ। ਸੇਖੋਂ ਦੇ ਨਾਟਕ, ਨਾਵਲ ਤੇ ਕਹਾਣੀਆਂ ਇਸ ਧਾਰਨਾ ਉੱਤੇ ਮੋਹਰ ਲਾਉਂਦੇ ਹਨ। ਇਕ ਹਜ਼ਾਰ ਪੰਨੇ ਦਾ ਵੱਡਾ ਨਾਵਲ ਲਿਖਣ ਦੀ ਤਾਂਘ ਵੀ ਏਸ ਹੀ ਧਾਰਨਾ ਦਾ ਦਮ ਭਰਦੀ ਸੀ। ਉਹ ਆਪਣੇ ਪੁਰਖਿਆਂ ਨੂੰ ਅੰਗਰੇਜ਼ਾਂ ਵੱਲੋਂ ਵਸਾਈਆਂ ਤੇ ਦੇਸ਼-ਵੰਡ ਦੀਆਂ ਉਜਾੜੀਆਂ ਬਾਰਾਂ ਦੇ ਵੱਡੇ ਸ਼ੀਸ਼ੇ ਰਾਹੀਂ ਦੇਖਣਾ ਚਾਹੁੰਦਾ ਸੀ। ਉਸਦੀ ਇਹ ਧਾਰਨਾ ਉਸਦੇ ਚਿੰਤਨ ਦੀ ਸੀਮਾਂ ਵੀ ਸੀ ਤੇ ਸੰਭਾਵਨਾ ਵੀ। ਉਹਦੇ ਮਹਾਰਾਜਾ ਰਣਜੀਤ ਸਿੰਘ, ਬੰਦਾ ਬਹਾਦਰ, ਕਾਰਲ ਮਾਰਕਸ ਤੇ ਇਬਰਾਹੀਮ ਲਿੰਕਨ ਇਹਨਾਂ ਪੁਰਖਿਆਂ ਦਾ ਸੁਪਨਈ ਸਰੂਪ ਸਨ। ਸ਼ਾਇਦ ਇਹੀਓ ਕਾਰਨ ਹੈ ਕਿ ਉਹ ਕਾਬਲ ਕੰਧਾਰ ਵਿਚ ਠੇਕੇਦਾਰੀ ਕਰਕੇ ਤੇ ਇੰਗਲੈਂਡ, ਅਮਰੀਕਾ ਤੇ ਰੂਸ ਵਿਚ ਵਿਚਰਦਾ ਲਾਹੌਰ, ਅੰਮ੍ਰਿਤਸਰ ਤੇ ਫਤਿਹਗੜ੍ਹ ਸਾਹਿਬ ਦੇ ਰਾਹੀਂ ਆਪਣੇ ਪਿੰਡ ਵੱਲ ਵਧਦਾ ਰਿਹਾ ਸੀ। ਆਪਣੇ ਪੁਰਖਿਆਂ ਦੀਆਂ ਆਬਾਦ ਕੀਤੀਆਂ ਬਾਰਾਂ ਵਿਚ ਜਨਮ ਲੈ ਕੇ ਉਹਨਾਂ ਦੀ ਜੱਦੀ ਭੋਂ ਦਾਖਾ ਵਿਚ ਆ ਕੇ ਦਮ ਤੋੜਨ ਦੀ ਇਸ ਗਾਥਾ ਵਿਚ ਉਸਦੀ

ਮਜਬੂਰੀ ਵੀ ਓਨੀ ਹੀ ਪ੍ਰਕਾਸ਼ਮਾਨ ਸੀ ਜਿੰਨੀ ਅੰਦਰਲੇ ਮਨ ਦੀ ਭਾਵਨਾ।

ਸੰਤ ਸਿੰਘ ਸੇਖੋਂ ਦੀ ਤਰਜ਼-ਓ-ਤਬਾਅ ਮੁੱਢ ਤੋਂ ਆਸ਼ਿਕਾਨਾ ਸੀ। ਭਰ ਜਵਾਨੀ ਦੀ ਉਮਰੇ ਹੈਲਮੀ ਨਾਂ ਦੀ ਇਕ ਅੰਗਰੇਜ਼ ਇਸਤਰੀ ਨਾਲ ਉਸਦੀ ਨੇੜਤਾ ਦੇ ਕਿੱਸੇ ਉਸ ਦੇ ਸਮਕਾਲੀਆਂ ਦੀ ਜ਼ੁਬਾਨ ਉੱਤੇ ਸਨ। ਉਸਨੂੰ ਆਪਣੀ ਆਸ਼ਕੀ ਦੇ ਜੱਗ ਜ਼ਾਹਰ ਹੋਣ ਦੀ ਖ਼ੁਸ਼ੀ ਹੁੰਦੀ ਸੀ। ਉਹ ਆਪਣੀ ਮੁਹੱਬਤ ਦੀਆਂ ਗੱਲਾਂ ਆਪਣੇ ਤੋਂ ਉਮਰ ਵਿਚ ਬਹੁਤ ਛੋਟੇ ਸਾਥੀਆਂ ਨਾਲ ਵੀ ਕਰ ਲੈਂਦਾ ਸੀ। ਮਾਤਾ ਸੁੰਦਰੀ ਕਾਲਿਜ ਫਤਿਹਗੜ੍ਹ ਸਾਹਿਬ ਦਾ ਪ੍ਰਿੰਸੀਪਲ ਹੁੰਦਿਆਂ ਉਹ ਕਾਲਿਜ ਦੀ ਇਕ ਅਧਿਆਪਕਾ ਉੱਤੇ ਏਨਾ ਫਿਦਾ ਸੀ ਕਿ ਆਪਣੀ ਆਸ਼ਕੀ ਨੂੰ ਜ਼ੁਬਾਨ ਦੇਣ ਵਾਸਤੇ ਉਸਨੇ ਹੀਰ ਰਾਂਝੇ ਦੇ ਏਨੇ ਵੱਡੇ ਤੇ ਗੁੰਝਲਦਾਰ ਗੱਲਾਂ ਵਾਲੇ ਕਿੱਸੇ ਨੂੰ ਅੰਗਰੇਜ਼ੀ ਕਵਿਤਾ ਵਿਚ ਉਲਥਾਉਣ ਦਾ ਵੱਡਾ ਕੰਮ ਕੀਤਾ ਸੀ। ਵਾਰਿਸ ਦੇ ਕੁਝ ਬੰਦ ਸੇਖੋਂ ਨੇ ਅੰਗਰੇਜ਼ੀ ਵਿਚ ਏਨੇ ਲਚਕੀਲੇ ਬਣਾ ਦਿੱਤੇ ਹਨ ਕਿ ਉਹਨਾਂ ਵਿਚੋਂ ਮੂਲ ਅੰਗਰੇਜ਼ੀ ਰਚਨਾ ਦਾ ਭੁਲੇਖਾ ਪੈਂਦਾ ਹੈ।

ਸੰਤ ਸਿੰਘ ਸੇਖੋਂ ਅਣਥੱਕ ਤੇ ਕਾਹਲਾ ਲੇਖਕ ਸੀ। ਨਾਟਕ, ਨਾਵਲ, ਕਹਾਣੀ ਤੇ ਲੇਖ ਲਿਖਦੇ ਸਮੇਂ ਉਹ ਉਰੇ ਪਰੇ ਨਹੀਂ ਸੀ ਦੇਖਦਾ। ਅਸਲ ਵਿਚ ਕੋਈ ਵੀ ਕੰਮ ਕਰਦਿਆਂ ਉਹ ਆਪਣੇ ਮਨ ਦੀ ਭਾਵਨਾ ਨੂੰ ਜ਼ੁਬਾਨ ਹੀ ਨਹੀਂ ਸੀ ਦਿੰਦਾ, ਇਸਦਾ ਸਵਾਦ ਵੀ ਲੈ ਰਿਹਾ ਹੁੰਦਾ ਸੀ। ਏਸ ਤਰ੍ਹਾਂ ਰਸ ਮਾਨਣ ਦੀ ਭਾਵਨਾ ਉਸਦੀਆਂ ਵੇਦਾਂਤਕ ਗੱਲਾਂ ਵਿਚ ਵੀ ਉਨੀ ਹੀ ਉਜਾਗਰ ਹੁੰਦੀ ਸੀ ਜਿੰਨੀ ਪ੍ਰਚਲਤ ਕਿੱਸੇ ਕਹਾਣੀਆਂ ਨੂੰ ਪੜ੍ਹਨ ਤੇ ਉਚਾਰਨ ਵਿਚ। ਮਿੱਤਰਾਂ ਦੀ ਮਹਿਫਲ ਵਿਚ ਭਗਵਾਨ ਸਿੰਘ ਦੀ ਹੀਰ ਦੇ ਹੇਠ ਲਿਖੇ ਬੰਦ ਗਾ ਕੇ ਪੜ੍ਹਦਿਆਂ ਉਹ ਵਜਦ ਵਿਚ ਆ ਜਾਂਦਾ ਸੀ:

ਛੱਡ ਕੇ ਮੈਂ ਬਲਖ ਬੁਖਾਰਾ ਆਪ ਦਾ
ਆਣ ਕੇ ਗੁਲਾਮ ਹੋਇਆ ਤੇਰੇ ਬਾਪ ਦਾ
ਗੋਹਾ ਕੂੜਾ ਚੁੱਕਦਾ ਨਾ ਨੱਕ ਵੱਟਦਾ
ਤੇਰੇ ਪਿੱਛੇ ਸੋਹਣੀਏ ਦਸੌਟੇ ਕੱਟਦਾ

ਅਵਾਰਾ ਪਰ ਸਿਰੜੀ ਬੁੱਧੀ ਦੇ ਸਿਰ ਉੱਤੇ ਜੀਵਨ ਬਤੀਤ ਕਰਨ ਵਾਲੇ ਸੰਤ ਸਿੰਘ ਸੇਖੋਂ ਨੂੰ ਰਾਜਕੀ ਤੇ ਰਾਸ਼ਟਰੀ ਸਨਮਾਨ ਵੀ ਮਿਲੇ। ਭਾਵੇਂ ਆਖਰੀ ਉਮਰੇ ਹੀ ਸਹੀ ਉਸਨੂੰ ਸਾਹਿਤ ਅਕਾਦਮੀ ਦਾ ਉਹ ਪੁਰਸਕਾਰ ਵੀ ਮਿਲਿਆ ਜਿਸ ਤੋਂ ਕਿਸੇ ਕਾਰਨ ਗੁਰਬਖਸ਼ ਸਿੰਘ ਪ੍ਰੀਤਲੜੀ ਵੀ ਵਾਂਝਾ ਰਹਿ ਗਿਆ ਸੀ। ਗੁਰਬਖਸ਼ ਸਿੰਘ ਤੋਂ ਪਿੱਛੋਂ ਉਹ ਦੂਜਾ ਮਹਾਂਰਥੀ ਸੀ ਜਿਸਨੂੰ ਏਸ ਅਕਾਦਮੀ ਦੀ ਆਦਰਯੋਗ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਫੇਰ ਵੀ ਉਸ ਦੀ ਆਪਣੇ ਅੱਧੀ ਦਰਜਨ ਨਾਟਕਾਂ ਤੇ ਇਕਾਂਗੀਆਂ, ਦੋ ਨਾਵਲਾਂ ਤੇ ਸੱਠ ਸੱਤਰ ਕਹਾਣੀਆਂ ਨਾਲ ਸੰਤੁਸ਼ਟੀ ਨਹੀਂ ਸੀ ਹੋਈ। ਉਹ ਸੌ ਸਾਲ ਦੀ ਆਯੂ ਭੋਗਣ ਤੇ ਇਕ ਹਜ਼ਾਰ ਸਫ਼ੇ ਦੀ ਵੱਡ-ਆਕਾਰੀ ਰਚਨਾ ਕਰਨ ਦਾ ਇੱਛੁਕ ਸੀ। ਉਹ ਇਸ ਰਚਨਾ ਵਿਚ ਬਰਤਾਨਵੀ ਰਾਜ ਦੀਆਂ ਸੇਂਜੂ ਬਾਰਾਂ ਦੀ ਆਬਾਦੀ ਤੋਂ ਲੈ ਕੇ ਸੰਤਾਲੀ ਦੀ ਵੰਡ ਸਮੇਂ ਦੀ ਬਰਬਾਦੀ ਦੇ ਹਾਲਾਤ ਕਲਮਬੰਦ ਕਰਨੇ ਚਾਹੁੰਦਾ ਸੀ। ਉਸਦੀ ਇਹ ਇੱਛਾ ਪੂਰੀ ਨਹੀਂ ਹੋ ਸਕੀ। ਇਕ ਤਰ੍ਹਾਂ ਨਾਲ ਇਹ ਭਾਣਾ ਵੀ ਠੀਕ ਹੀ ਵਰਤਿਆ। ਅੱਜ ਦੇ ਦਿਨ ਮੌਲਿਕ ਰਚਨਾਕਾਰੀ ਨੇ ਉਸਦੇ ਪੱਲੇ ਉਹ ਕੁਝ ਨਹੀਂ ਸੀ ਪਾਉਣਾ ਜਿਸਦਾ ਉਹ ਆਦੀ ਹੋ ਚੁੱਕਾ ਸੀ। ਹੋ ਸਕਦਾ ਹੈ ਉਪਰ ਵਾਲਾ ਉਸਦੇ ਸੁਪਨੇ ਤੋਂ ਪ੍ਰਭਾਵਤ ਹੋ ਕੇ ਉਸਨੂੰ ਉਹ ਆਦਰਯੋਗ ਸਥਾਨ ਦੇ ਬੈਠਾ ਹੋਵੇ ਜਿਸਦੇ ਲਈ ਏਥੋਂ ਵਾਲੇ ਜੀਵ ਦਿਨ ਰਾਤ ਜੂਝਦੇ ਰਹਿੰਦੇ ਹਨ।

ਉਪਰ ਵਾਲਾ, ਜੇ ਉਹ ਹੈ ਤਾਂ, ਆਪਣੇ ਹਿਸਾਬ ਨਾਲ ਚਲਦਾ ਹੈ। ਉਸਨੇ ਆਖਰੀ ਉਮਰੇ ਸੇਖੋਂ ਦੇ ਚੇਤੇ ਨੂੰ ਠੂੰਗੇ ਮਾਰਨੇ ਸ਼ੁਰੂ ਕਰ ਦਿੱਤੇ ਸਨ। ਉਹ ਆਪਣੇ ਬਹੁਤ ਪਿਆਰੇ ਮਿੱਤਰਾਂ ਨੂੰ ਸਿਆਨਣੋਂ ਹਟ ਗਿਆ ਸੀ। ਇਕ ਵਾਰੀ ਉਸਦਾ ਪੁੱਤਰ ਉਸਨੂੰ ਦੇਖਣ ਗਿਆ ਤਾਂ ਉਸਨੂੰ ਪੁੱਤਰ ਦਾ ਨਾਂ ਚੇਤੇ ਨਹੀਂ ਸੀ ਆ ਰਿਹਾ। ਉਂਝ ਕਰਨ ਕਰਾਵਣਹਾਰ ਨੇ ਉਸਦੇ ਚੇਤੇ ਦੀ ਉਸ ਨੁੱਕਰ ਨੂੰ ਬਿਲਕੁਲ ਨਹੀਂ ਸੀ ਛੇੜਿਆ

ਜਿੱਥੇ ਉਸਦੀ ਜਵਾਨੀ ਸਮੇਂ ਦੀ ਮਾਸ਼ੂਕਾ ਹੈਲਮੀ ਦਾ ਨਾਂ ਪਤਾ ਲਿਖਿਆ ਹੋਇਆ ਸੀ। ਚੰਗੀ ਗੱਲ ਇਹ ਕਿ ਚੇਤੇ ਦੇ ਟੁੱਟਣ ਤੋਂ ਸਿਵਾ ਉਹ ਅੰਤਲੇ ਸਾਹ ਲੈਣ ਤਕ ਸਰੀਰਕ ਤੌਰ 'ਤੇ ਤੰਦਰੁਸਤ ਸੀ। ਭਾਵੇਂ ਪਿਆਰ ਭਰੀ ਛੇੜਖਾਨੀ ਹਿੱਤ ਹੀ ਸਹੀ ਉਸਦੇ ਤੀਮਾਰਦਾਰ ਉਹਦੇ ਕੋਲੋਂ ਹੇਲਮੀ ਦਾ ਪਤਾ ਟਿਕਾਣਾ ਪੁੱਛਦੇ ਸਨ ਤਾਂ ਉਹ ਦੇਸ਼, ਰਾਜ ਤੇ ਜ਼ਿਲ੍ਹਾ ਹੀ ਨਹੀਂ, ਗਲੀ ਤੇ ਮਕਾਨ ਨੰਬਰ ਵੀ ਠੀਕ ਦੱਸਦਾ ਸੀ।

0 0 0

ਸੰਤ ਸਿੰਘ ਸੇਖੋਂ ਦੇ ਅਕਾਲ ਚਲਾਣੇ ਦੀ ਖਬਰ ਮੈਨੂੰ ਰੋਜ਼ਾਨਾ 'ਦੇਸ਼ ਸੇਵਕ' ਦੇ ਦਫਤਰ ਵਿਚ ਮਿਲੀ। ਮੈਂ ਇਸ ਪਰਚੇ ਦਾ ਸੰਪਾਦਕ ਸਾਂ। ਅਸਲ ਵਿਚ ਉਹਦੇ ਨਾਲ ਅੰਤਲੀ ਮਿਲਣੀ ਤੋਂ ਪਿੱਛੋਂ ਮੈਨੂੰ ਜਾਪਦਾ ਸੀ ਕਿ ਇਹ ਖਬਰ ਕਦੀ ਵੀ ਆ ਸਕਦੀ ਸੀ। ਦਫਤਰ ਵਾਲਿਆਂ ਨੂੰ ਤੁਰ ਗਏ ਯੁਗ ਦਾ ਮਹੱਤਵ ਜਤਾ ਕੇ ਚੰਡੀਗੜ੍ਹ ਤੋਂ ਸੇਖੋਂ ਦੇ ਜੱਦੀ ਪਿੰਡ ਦਾਖਾ ਲਈ ਰਵਾਨਾ ਹੋ ਗਿਆ। ਬਾਰ ਬਾਰ ਨੌਕਰੀਆਂ ਤੋਂ ਕੱਢਿਆ ਜਾਣ ਵਾਲਾ ਸੰਤ ਸਿੰਘ ਸੇਖੋਂ ਸਰਕਾਰੀ ਮਾਣ ਸਨਮਾਨ ਨਾਲ ਵਿਦਾ ਹੋਇਆ।

ਉਸਦੇ ਚਲਾਣੇ ਤੋਂ ਪਿੱਛੋਂ ਕਿਸੇ ਨੇ ਉਸਨੂੰ 'ਪੋਮੀ ਦਾ ਨਿਆਣਾ' ਕਹਿ ਕੇ ਚੇਤੇ ਕੀਤਾ ਤੇ ਕਿਸੇ ਨੇ ਯੋਧੇ ਦਾ ਚਲਾਣਾ ਮੰਨ ਕੇ। ਪੰਜਾਬੀ ਦੇ ਹੱਸਾਸ ਸ਼ਾਇਰ ਸੁਰਜੀਤ ਪਾਤਰ ਨੇ ਉਸਦੇ ਤੁਰ ਜਾਣ ਨੂੰ ਇਕ ਭਰੇ ਭਕੁੰਨੇ ਸਮੁੰਦਰ ਦੇ ਸੁੱਕ ਜਾਣ ਦੀ ਉਪਮਾ ਦਿੱਤੀ। ਉਸਦੀ ਅੰਤਿਮ ਅਰਦਾਸ ਬਾਰੇ 'ਸਿਰਜਣਾ' ਤ੍ਰੈਮਾਸਕ ਵੱਲੋਂ ਦਿੱਤਾ ਨਿੱਕਾ ਜਿਹਾ ਇਸ਼ਤਿਹਾਰ ਪੜ੍ਹ ਕੇ ਇਸ ਮੌਕੇ ਚੋਣਵੇਂ ਰਾਜਨੀਤਕਾਂ ਤੋਂ ਬਿਨਾਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ, ਰਾਜ ਸਰਕਾਰ ਦੇ ਉੱਚ ਅਧਿਕਾਰੀ ਤੇ ਵੱਡੇ ਛੋਟੇ ਸਾਹਿਤਕਾਰ ਮੌਸਮ ਦੀ ਆਖਰੀ ਧੁੱਪ ਦਾ ਟਾਕਰਾ ਕਰਕੇ ਹੁਮ ਹੁਮਾ ਕੇ ਪਹੁੰਚੇ। ਸਮਾਗਮ ਦੀ ਸਟੇਜ ਮੇਰੇ ਜ਼ਿੰਮੇ ਲੱਗੀ ਹੋਣ ਕਾਰਨ ਮੈਂ ਉਹਨਾਂ ਦਰਜਣਾਂ ਵਿਦਵਾਨਾਂ ਨੂੰ ਦੋ ਸ਼ਬਦ ਬੋਲਣ ਲਈ ਉਤਸੁਕ ਹੁੰਦੇ ਤੱਕਿਆ ਜਿਹੜੇ ਉਸਦੇ ਜੀਊਂਦੇ ਜੀਅ ਉਸਨੂੰ ਹੋਊ-ਪਰੇ ਕਰਦੇ ਦੇਖੇ ਗਏ ਸਨ।

ਪੰਜਾਬ ਸਰਕਾਰ ਵੱਲੋਂ ਅੱਜ ਦੇ ਦਿਨ ਸੰਤ ਸਿੰਘ ਸੇਖੋਂ ਨੂੰ ਉਸਦੇ ਸਮਕਾਲੀਆਂ ਵਿਚੋਂ ਬਾਹਰ ਰੱਖਣ ਵਾਲੀ ਗੱਲ ਵੀ ਉਹਨਾਂ ਹੋਊ-ਪਰੇ ਕਹਿਣ ਤੇ ਕਰਨ ਵਾਲੇ ਸੱਜਣਾਂ ਵਰਗੀ ਹੀ ਹੈ। ਇਹੋ ਜਿਹੇ ਕਿਸੇ ਹੋਰ ਮੌਕੇ ਉੱਤੇ ਸੰਤ ਸਿੰਘ ਸੇਖੋਂ ਨੂੰ ਉਸਦਾ ਬਣਦਾ ਸਥਾਨ ਜ਼ਰੂਰ ਮਿਲੇਗਾ, ਇਹ ਮੇਰਾ ਵਿਸ਼ਵਾਸ ਹੈ। ਸੰਭਵ ਹੈ ਕਿ ਅਜਿਹਾ ਮੌਕਾ ਪੰਜਾਬ ਵਿਚ ਪੰਜਾਬੀ ਲਾਗੂ ਕਰਨ ਦੀ ਅਗਲੇਰੀ ਕਾਰਵਾਈ ਸਮੇਂ ਬਣ ਜਾਵੇ। ਜਿਹਨਾਂ ਅਣਦਿਸਦੀਆਂ ਤਾਕਤਾਂ ਨੇ ਸੂਬਾ ਬਣਨ ਤੋਂ ਚਾਲੀ ਸਾਲ ਪਿੱਛੋਂ ਤਕ ਸਰਕਾਰੇ ਦਰਬਾਰੇ ਪੰਜਾਬੀ ਦੀ ਪੁੱਛ ਪ੍ਰਤੀਤ ਨਹੀਂ ਹੋਣ ਦਿੱਤੀ, ਉਹਨਾਂ ਲਈ ਏਨੇ ਜਾਂ ਇਸਤੋਂ ਅੱਧੇ ਵਰ੍ਹੇ ਹੋਰ ਖਿੱਚਣੇ ਕੋਈ ਔਖੇ ਨਹੀਂ। ਸਰਕਾਰਾਂ ਕੁੰਭਕਰਨੀ ਨੀਂਦੇ ਸੌਂ ਜਾਇਆ ਕਰਦੀਆਂ ਹਨ। ਜਦੋਂ ਵੀ ਸਰਕਾਰ ਦੀ ਅੱਖ ਖੁੱਲ੍ਹੀ ਸੰਤ ਸਿੰਘ ਸੇਖੋਂ ਦੀ ਤਸਵੀਰ ਉਹਨਾਂ ਤੋਂ ਉੱਤੇ ਛਪੇਗੀ ਜਿਹੜੇ ਅੱਜ ਦੇ ਇਸ਼ਤਿਹਾਰਾਂ ਵਿਚ ਆਣ ਵਿਰਾਜੇ ਹਨ।

ਜਿਹੜਾ ਵਿਅਕਤੀ ਜੀਊਂਦੇ ਜੀਅ ਛੁਪ ਛੁਪ ਕੇ ਨਮੂਦਾਰ ਹੁੰਦਾ ਰਿਹਾ ਹੋਵੇ, ਮਰਨ ਉਪਰੰਤ ਵੀ ਉਸਦੇ ਤੌਰ ਤਰੀਕੇ ਉਸੇ ਤਰ੍ਹਾਂ ਦੇ ਰਹਿੰਦੇ ਹਨ। ਭਾਰਤ ਦੀ ਸਿਰਮੌਰ ਸਾਹਿਤਕ ਸੰਸਥਾ ਭਾਰਤੀ ਸਾਹਿਤ ਅਕਾਦਮੀ ਤੇ ਚੇਤਨਾ ਪ੍ਰਕਾਸ਼ਨ ਵਰਗੇ ਸੁੱਚੇ ਸਾਹਿਤ ਨੂੰ ਪਰਨਾਏ ਪੰਜਾਬੀ ਪ੍ਰਕਾਸ਼ਕ, ਆਪੋ ਆਪਣੇ ਢੰਗ ਨਾਲ ਸੰਤ ਸਿੰਘ ਸੇਖੋਂ ਦੀ ਚੋਣਵੀਂ ਰਚਨਾ ਪ੍ਰਕਾਸ਼ਤ ਕਰਕੇ ਤੇ ਉਸਦੀਆਂ ਸਾਰੀਆਂ ਕਹਾਣੀਆਂ ਨੂੰ 'ਕਥਾ ਪੰਧ' ਦਾ ਨਾਂ ਦੇ ਕੇ ਪਹਿਲਕਦਮੀ ਕਰ ਵੀ ਚੁੱਕੇ ਹਨ। ਭਾਰਤੀ ਸਾਹਿਤ ਅਕਾਦਮੀ ਨੇ ਉਸਦਾ ਨਾਂ ਭਾਰਤੀ ਸਾਹਿਤ ਦੇ ਉਸਰਈਆਂ ਵਿਚ ਸ਼ਾਮਲ ਕਰਕੇ ਤੇਜਵੰਤ ਸਿੰਘ ਗਿੱਲ ਕੋਲੋਂ ਉਸਦੇ ਜੀਵਨ ਤੇ ਰਚਨਾ ਬਾਰੇ ਇਕ ਪੂਰੀ ਸੂਰੀ ਪੁਸਤਕ ਵੀ ਲਿਖਵਾ ਛੱਡੀ ਹੈ। □□

[1538, ਸੈਕਟਰ 36-ਡੀ, ਚੰਡੀਗੜ੍ਹ]

ਵਾਯੂਸ਼ੂਨ ਖ਼ਿਲਾਅ ਦੇ ਅੰਦਰ

ਪ੍ਰਭਜੋਤ ਕੌਰ

ਕਦ ਜੀਵਾਂਗੀ ਮੈਂ, ਕਦ ਪ੍ਰਗਟਾਂਗੀ
ਹਉਮੈ ਦੀ ਭੱਠੀ ਦੀ, ਕਿਸ ਦਿਨ ਲਾਟ ਬਣਾਂਗੀ ?

ਡਾਢੀ ਪਰਬਲ ਹਉਂ ਦੀ ਰੰਗਤ
ਇਸ ਬਿਨ ਕਿਹੜੀ ਦੁਨੀਆਂ ਵਸਦੀ
ਜਦ ਮੈਂ ਮੁੱਕਾਂ
ਜੱਗ ਦੀ ਸਗਲ ਕਹਾਣੀ ਮੁੱਕੇ, ਹੱਸਦੀ ਹੱਸਦੀ।

ਸਭੋ ਕੁਝ ਮੈਂ ਅਰਪਿਤ ਕੀਤਾ, ਇਸ ਹਉਮੈ ਨੂੰ
ਪੰਜ ਤੱਤ ਦੀ ਭੌਤਿਕ ਕਾਇਆ, ਦੀ ਅਗਨੀ ਨੂੰ
ਭੇਟ ਚੜ੍ਹਾਇਆ, ਜੋ ਹੱਥ ਆਇਆ।

ਗਿਆਨ ਸੰਜੋਇਆ, ਮਿਹਨਤ ਕੀਤੀ
ਗਿਆਨ ਗੁੜ੍ਹਨ ਦਾ, ਵੱਲ ਵੀ ਸਿੱਖਿਆ
ਅਨੁਭਵ ਤੋਂ, ਕੁਝ ਜੁਗਤ ਸੁਨੀਤੀ, ਘਾਲਣਾ ਘਾਲੀ
ਕਠਿਨ ਕਠਿਨ ਤੋਂ, ਕਠਿਨ ਸਮੱਸਿਆ
ਸਰਲ ਬਣਾ ਲਈ
ਫੌਲਾਦੀ ਪਥਰੀਲੀ ਹੋਣੀ, ਹੱਥੀਂ ਢਾਲੀ।

ਕੀ ਹੱਥ ਆਇਆ ?
ਰਾਤਾਂ ਦੀ ਨੀਂਦਰ ਗੁੰਮ ਕੀਤੀ, ਚੈਨ ਗਵਾਇਆ
ਜੀਵਨ ਦੀ ਸਰਮੂਲੀ ਮੂਰਤ, ਜਦ ਤਕਦੀ ਹਾਂ
ਹੋਰ ਵੀ ਹਾਸੋਹੀਣੀ ਜਾਪੇ
ਜੀਣਾ ਇਕ ਕਰਤਵ ਬਿਨ ਮੰਤਵ
ਮਰਨਾ ਵੀ, ਇਕ ਭਾਰ ਸੰਝਾਪੇ।

ਕਦੀ ਕਦੀ, ਮੈਂ ਫੜ ਲੈਂਦੀ ਹਾਂ, ਉਸ ਪੰਛੀ ਨੂੰ
ਉੱਡਦਾ ਉੱਡਦਾ ਜਿਹੜਾ, ਘੁਸਰ ਮੁਸਰ ਕੁਝ ਕਹਿ ਜਾਂਦਾ ਹੈ
ਜੀਵਨ ਤਾਈਂ, ਇਕ ਅਮਰ ਸਚਾਈ, ਦਾ ਝਲਕਾਰਾ ਦਿਸ ਪੈਂਦਾ ਹੈ।

ਇਉਂ ਜਾਪੇ, ਜਿਉਂ ਸਦੀਆਂ ਤੋਂ ਮੈਂ
ਆਪੇ ਦੀ ਇਸ ਸੀਮਾ ਅੰਦਰ, ਕੈਦ ਪਈ ਹਾਂ
ਅੰਡ-ਕੋਸ਼ 'ਚੋਂ, ਮੁਕਤੀ ਦੇ ਲਈ ਤੜਪ ਰਹੀ ਹਾਂ

ਗੋਲਾਕਾਰ ਜਿਹੀ ਇਹ ਕਾਇਆ
ਮਾਨੋ ਪਉਣ ਦਾ ਇਕ ਗੁਬਾਰਾ
ਉਸੇ ਵਿਚ ਮੈਂ ਸਾਹ ਲੈਂਦੀ ਹਾਂ
ਚਾਰੇ ਪਾਸੇ, ਘਾਬਰ ਘਾਬਰ ਦੇਖ ਰਹੀ ਹਾਂ
ਵਾਯੂਸ਼ੂਨ ਖ਼ਿਲਾਅ ਦੇ ਅੰਦਰ

ਮਾਨੋ ਪੁੱਠੀ ਲਟਕ ਰਹੀ ਹਾਂ...
ਸੋਚ ਰਹੀ ਹਾਂ...ਕੀ ਹੋਵੇਗਾ ?
ਖਾਵਣ ਦੀ ਸਾਮਿੱਗਰੀ ਤੱਕ ਕੇ
ਕਈ ਦਿਨਾਂ ਤੋਂ ਭੁੱਖਾ ਕੋਈ
ਤੋੜ ਲਵੇਗਾ, ਖਾ ਜਾਵੇਗਾ
ਤੇ ਫਿਰ ਸੋਚ ਰਹੀ ਹਾਂ
ਸੋਚ ਸੋਚ, ਨਿਰਸੋਚ ਸਤਹ ਨੂੰ
ਨਾਲ ਖ਼ਿਆਲਾਂ, ਪੋਚ ਰਹੀ ਹਾਂ
ਲੋਚ ਰਹੀ ਹਾਂ
ਕਦ ਜੀਵਾਂਗੀ, ਕਦ ਪ੍ਰਗਟਾਂਗੀ
ਹਉਮੈਂ ਦੀ ਭੱਠੀ ਦੀ
ਕਿਸ ਦਿਨ, ਲਾਟ ਬਣਾਂਗੀ।□□

[C-92, Sector 23, Noida - 201 301]

ਕੀ ਤੁਸੀਂ ਪੰਜਵੀਂ ਫੇਲ੍ਹ ਤੋਂ ਘੱਟ ਕਮਜ਼ੋਰ ਹੋ?

ਜਸਬੀਰ ਸਿੰਘ ਆਹਲੂਵਾਲੀਆ

ਕੀ ਤੁਸੀਂ ਪੰਜਵੀਂ ਫੇਲ੍ਹ ਤੋਂ ਘੱਟ ਕਮਜ਼ੋਰ ਹੋ?–
ਜੇ 'ਹੋ' ਤਾਂ ਦੱਸੋ ਹੁਣ ਤਕ ਤੁਸੀਂ
ਨੇਤਾ ਵੇਤਾ ਕਿਉਂ ਨਹੀਂ ਬਣੇ
ਹਸਤ ਰੇਖਾਵਾਂ ਪੜ੍ਹ ਕੇ ਰਾਜਨੀਤੀ ਦੇ ਭਾਗ ਵਿਧਾਤਾ ਕਿਉਂ ਨਹੀਂ ਹੋਏ
ਸੰਤ ਮਹੰਤ ਕਿਉਂ ਨਹੀਂ ਬਣੇ
ਦਾਲ ਚੌਲ ਚੀਨੀ ਆਟੇ 'ਚ ਮਿਲਾਵਟ ਕਰਕੇ
ਧਰਮ ਆਸ਼ਰਮ ਕਿਉਂ ਨਹੀਂ ਬਣਾਏ
ਝੂਠੇ ਐਨਕਾਊਂਟਰ ਕਰਕੇ ਤਮਗੇ ਕਿਉਂ ਨਹੀਂ ਜਿੱਤੇ!
ਊਲ ਜਲੂਲ ਲਿਖ ਕੇ ਪੁਰਸਕਾਰ ਕਿਉਂ ਨਹੀਂ ਪਾਏ
ਸਨਸਨੀ ਫੈਲਾਉਂਦੇ ਮੀਡੀਆਮੈਨ ਕਿਉਂ ਨਹੀਂ ਬਣੇ?

ਜ਼ਾਹਿਰ ਹੈ ਕਿ ਤੁਸੀਂ ਪੰਜਵੀਂ ਫੇਲ੍ਹ ਤੋਂ ਵੱਧ ਹੁਸ਼ਿਆਰ ਹੋ!
ਸੋ ਟੀ. ਵੀ. ਸੀਰੀਅਲ ਵਿਚ ਜ਼ਰੂਰ ਭਾਗ ਲਵੋ:
ਰੱਬ ਤੁਹਾਨੂੰ ਛੱਪਰ ਫਾੜ ਕੇ ਦੇਵੇਗਾ
ਪਰ ਸਾਵਧਾਨ!
ਹੋ ਸਕਦੈ, ਛੱਪਰ ਫਾੜ ਕੇ ਜੋ ਮਿਲੇ
ਉਸ ਤੋਂ ਵੱਧ ਛੱਪਰ ਦੀ ਮੁਰੰਮਤ 'ਤੇ ਖਰਚ ਹੋਵੇ
ਕਿਉਂਕਿ ਇਨਫ਼ਲੇਸ਼ਨ ਦਾ ਜ਼ਮਾਨਾ ਹੈ
ਭਾਵੇਂ ਵਿੱਤ ਮੰਤਰਾਲਾ ਬਹੁਤ ਸਿਆਣਾ ਹੈ

ਅਮਰੀਕਾ ਤੋਂ ਪੰਜਵੀਂ ਪਾਸ ਕਰਕੇ ਆਇਆ ਹੈ!

ਕਦੀ ਸੁਣਦੇ ਸਾਂ–
'ਫੌਜੇਂ ਹਿਟਲਰ ਕੀ ਬੜ੍ਹਤੀ ਹੈਂ
ਫ਼ਤਹਿ ਫਿਰੰਗੀ ਕੀ ਹੋਤੀ ਹੈ'
ਹੁਣ
ਵਿਕਾਸ ਦਰ ਉੱਪਰ ਨੂੰ ਜਾਂਦੀ ਹੈ
ਜਨਤਾ ਥੱਲੇ ਨੂੰ ਗਿਰਦੀ ਹੈ।
ਸੋ ਤਿੰਨ ਵਾਰ ਗੱਜ ਕੇ ਬੋਲੋ–
ਜੈ ਹੋ, ਜੈ ਹੋ, ਜੈ ਹੋ
ਹੋਰ ਗੱਜ ਕੇ ਬੋਲੋ, ਤਾਂ ਕਿ ਤ੍ਰੈਕਾਲ ਤਕ ਤੁਹਾਡੀ 'ਵਾਜ ਪਹੁੰਚੇ:
ਜੈ ਹੋ, ਜੈ ਹੋ, ਜੈ ਹੋ।□□

[1607, ਸੈਕਟਰ 33 ਡੀ, ਚੰਡੀਗੜ੍ਹ]

ਖ਼ੁਸ਼ਬੋਈ/ਜਸਵੰਤ ਦੀਦ

ਮੁੱਦਤ ਬਾਅਦ
ਘਰ ਵਾਲੀ ਨੇ ਕੀਤਾ ਫੋਨ
ਏਥੇ ਬੱਦਲ ਗੜ੍ਹਕ ਰਹੇ
ਅੰਤਾਂ ਦੀ ਸਰਦੀ ਤੇ ਕਿਣ ਮਿਣ ਵੀ ਹੁੰਦੀ
ਕਦ ਪਹੁੰਚੋਗੇ ?

ਲੱਗਾ ਕੋਈ ਨਾਰ ਪਰਾਈ ਬੋਲ ਰਹੀ ਹੈ
ਜਾਂ ਤਾਂ ਕੋਈ ਅਰਸ਼ਾਂ ਅੰਦਰੋਂ ਪਰੀ ਹੱਸ ਰਹੀ
ਜਾਂ ਖੂਹ ਅੰਦਰੋਂ ਕੋਈ ਰਾਜ ਕੁਮਾਰੀ ਬੋਲ ਰਹੀ ਹੈ

ਹੈਰਾਨ ਹੋਏ ਨੇ – ਖੁਸ਼ ਹੋਏ ਨੇ
ਕਿਹਾ ਮੈਂ ਮੋਬਾਇਲ ਨੂੰ ਘੁਟ ਕੇ ਫੜਦਿਆਂ
ਕੀ ਤੂੰ ...ਜੀਤ ਹੀ ਬੋਲ ਰਹੀ ਹੈਂ ?

ਹੱਸ ਪਈ– ਫੋਨ ਖਿੜ ਗਿਆ

ਮੌਸਮ ਅੰਦਰ ਘੰਟੀਆਂ ਵੱਜੀਆਂ
ਘੰਟੀਆਂ ਅੰਦਰ ਹਾਸਾ ਪਤਨੀ ਦਾ
ਸਦੀਆਂ ਦੀ ਤੰਗ ਹਵਾ ਵਿਚ
ਰੰਗ ਬਿਰੰਗੇ ਸੈਆਂ ਪਰਦੇ ਲਹਿਰੇ
ਖੁਸ਼ਬੂ ਦੀ ਇਕ ਸ਼ੀਸ਼ੀ-ਮੇਰੀ ਜੇਬ 'ਚ ਹਿੱਲੀ

ਮਸਾ ਡੁੱਲ੍ਹਣੋ ਰੋਕੀ

ਚੱਲਦੀ ਗੱਡੀ ਅੰਦਰ-ਚਿਹਰੇ ਮੇਰੇ 'ਤੇ
ਸੈਆਂ ਰੌਸ਼ਨੀਆ ਜਗੀਆਂ-ਠੰਡੀਆਂ ਨਜ਼ਰਾਂ ਮਘੀਆਂ

ਗੱਡੀ ਸ਼ੁਕ ਸ਼ੁਕ ਠੁਕ ਠੁਕ
ਲਾਈਨਾਂ ਉੱਤੇ-ਉਡਦੀ ਜਾਵੇ

ਮੁਕਾਮ 'ਤੇ ਪੁੱਜਾ
ਘਰ ਵਾਲੀ ਆਪਣੀ ਕਾਰ 'ਚੋਂ ਉੱਤਰੀ
'ਟੈਚੀ ਮੇਰਾ ਮੇਰੇ ਹੱਥੋਂ ਫੜਿਆ-ਕਾਰ 'ਚ ਰੱਖਿਆ
ਠੰਡ ਹੋਠਾਂ 'ਚੋਂ ਲੰਘੀ-ਕਿਣਮਿਣ ਤੇਜ਼
ਬਾਹਾਂ ਅੰਦਰ ਆ ਗਈ ...ਜੀਤ
ਮੁੱਦਤ ਬਾਅਦ-ਅਸੀਂ ਪਹਿਲਾਂ ਵਰਗੇ ਹੋਏ

ਸੁੱਕੀ ਧਰਤੀ ਨੂੰ- ਕੁੱਲ ਦੁਨੀਆਂ ਦੇ ਪਾਣੀ ਛੋਹ ਗਏ
ਗਿੱਲੀ ਧਰਤੀ 'ਚੋਂ-ਉੱਠੀ ਖੁਸ਼ਬੂ
ਦੋਵਾਂ ਨੇ ਚੁੰਮੀ ਖੁਸ਼ਬੋਈ-ਮੀਟ ਕੇ ਅੱਖਾਂ

ਮੇਰੀ ਜੇਬ 'ਚ ਖੁਸ਼ਬੂ ਦੀ-ਇਕ ਸ਼ੀਸ਼ੀ ਹਿੱਲੀ
ਜੋ ਮੈਂ 'ਕਿਸੇ ਲਈ'-ਲੈ ਕੇ ਆਇਆ ਸਾਂ
ਟੋਹ ਕੇ ਕਹਿੰਦੀ -ਇਹ ਕੀ ਹੈ ?

ਮੈਂ ਸ਼ੀਸ਼ੀ ਜੇਬ 'ਚੋਂ ਬਾਹਰ ਸੁੱਟਦਿਆਂ ਕਿਹਾ
'ਐਵੇਂ ਨਕਲੀ ਖੁਸ਼ਬੂ'
ਚਾਲੂ ਜਹੀ ਬਜ਼ਾਰੋਂ ਖਰੀਦੀ

ਡਿੱਗਦੀ ਸ਼ੀਸ਼ੀ ਦਾ ਖੜਕਾ
ਚਲਦੀ ਕਾਰ ਦੇ-ਪਹੀਆਂ ਅੰਦਰ ਵੱਜਾ
ਜਾ ਅਸਮਾਨੀਂ-ਟੁੱਟਾ

ਖੁੱਲ੍ਹੇ ਫੁਲਾਂ ਦੀ ਵਾਦੀ ਅੰਦਰੋਂ
ਲੰਘੀ ਕਾਰ

ਚਲਦੀ ਕਾਰ 'ਚ
ਚਾਰੋਂ ਪਾਸਿਉਂ ਉੜੀਆਂ ਖੁਸ਼ਬੋਈਆਂ-ਅੰਦਰ ਆਈਆਂ
ਬੁੱਲ੍ਹੇ ਸੈਆਂ-ਸਾਡੀਆਂ ਬਾਹਾਂ ਸਾਹਾਂ ਰਾਹਾਂ ਚੋਂ ਲੰਘੇ

ਅਸੀਂ ਮੁੱਦਤ ਬਾਅਦ-ਮੁਸਕਾਏ
ਬੱਦਲ ਅੱਜ ਪਹਿਲੀ ਵਾਰੀ -ਏਨੇ ਭਰ ਕੇ ਆਏ

[ਸਹਾਇਕ ਡਾਇਰੈਕਟਰ, ਦੂਰਦਰਸ਼ਨ ਕੇਂਦਰ, ਜਲੰਧਰ]

ਤਿੰਨ ਕਵਿਤਾਵਾਂ/ਪ੍ਰਮਿੰਦਰਜੀਤ

ਜਨ ਸਾਧਾਰਨ

ਹਾਂ ਤੇ ਮੈਂ ਇਕ ਜਨ ਸਾਧਾਰਨ
ਕਿਰਤੀ ਹਾਂ, ਕਿਰਤਾ ਕਰਦਾ
ਛੋਟਾ ਵੱਡਾ ਝੂਠ ਸੱਚ ਬੋਲਦਾ
ਜੀਣ ਦੇ ਸਬੱਬ, ਤਲਾਸ਼ਦਾ ਰਹਿੰਦਾ ਹਾਂ

ਭਾਵੇਂ ਮੈਂ ਕਿਸੇ ਜਨ ਅੰਦੋਲਨ ਵਿਚ ਸ਼ਾਮਲ ਨਹੀਂ
ਨਾ ਹੀ ਕਿਸੇ ਜਲਸੇ ਜਲੂਸ ਰੈਲੀ ਵਿਚ ਨਜ਼ਰ ਆਵਾਂ
ਕਿਸੇ ਧਰਨੇ ਭੁੱਖ ਹੜਤਾਲ 'ਚ ਨਾ ਹੋਵਾਂ ਸ਼ਰੀਕ
ਨਹੀਂ ਤਣਦੀਆਂ ਕਿਸੇ ਨਾਹਰੇ ਨਾਲ, ਮੇਰੀਆਂ ਬਾਹਵਾਂ
ਹੱਕਾਂ ਲਈ ਲੜੀ ਜਾ ਰਹੀ ਕਿਸੇ ਜੰਗ ਦਾ
ਮੋਹਰੀ ਵੀ ਨਹੀਂ ਮੈਂ
ਮੈਂ ਆਪਣੀ ਇਕਾਈ 'ਚ ਬੈਠਾ ਹਜੂਮ ਹਾਂ

ਬੇਸ਼ਕ ਇਸ ਸਭ ਕੁਝ ਵਿਚ
ਨਹੀਂ ਭਾਗੀਦਾਰ ਮੇਰਾ ਜਿਸਮਾਨੀ ਵਜੂਦ
ਪਰ ਮੇਰੇ ਅੰਗ ਸੰਗ ਰਹੇ-ਮੇਰੇ ਹਿੱਸੇ ਦੀ ਫ਼ਿਕਰਮੰਦੀ

ਨਹੀਂ ਬੇਫ਼ਿਕਰ ਮੈਂ-ਦਿਨ-ਬ-ਦਿਨ ਅਮਾਨਵੀ ਹੋ ਰਹੇ ਰਾਜਤੰਤਰ ਬਾਰੇ
ਮੈਨੂੰ ਪਤਾ ਏ-ਖੇਤਾਂ 'ਚ ਫ਼ਸਲਾਂ ਦੀ ਥਾਂ
ਲਾਸ਼ਾਂ ਦੀ ਖੇਤੀ ਕੌਣ ਕਰਦਾ ਏ
ਦੰਗੇ ਤੇ ਕਤਲੇਆਮ ਦੇ ਹੁਕਮ ਕੌਣ ਦੇਂਦਾ ਏ
ਕਿਵੇਂ ਕੋਈ ਗਲੀ ਮੁਹੱਲਾ ਬਸਤੀ ਅਚਾਨਕ
ਬਣ ਜਾਂਦੇ ਨੇ ਮੁਲਕ-ਦੋਖੀ
ਆਪਣੇ ਘਰਾਂ 'ਚ ਰਹਿ ਕੇ ਵੀ
ਸ਼ਰਨਾਰਥੀ ਕਿਵੇਂ ਹੋਈਦਾ ਏ

ਮੇਰੇ ਫ਼ਿਕਰਾਂ 'ਚ ਸ਼ਾਮਲ ਏ-ਜੁੜਿਆ ਉਹ ਸਭ ਕੁਝ
ਜੋ ਬੰਦੇ ਨੂੰ ਬੰਦੇ 'ਚੋਂ ਹੀ ਖੋਰਦਾ ਏ

ਮੇਰਾ ਫ਼ਿਕਰ ਏ
ਭੁੱਖ ਨਾਲ ਕਿਸੇ ਢਿੱਡ ਵਿਚ ਗੰਢਾਂ ਨਾ ਬੱਝਣ

ਬਹੁਮੁਲਕੀ ਦੀ ਚਕਾਚੌਂਧ 'ਚ ਮਿੱਧੀ ਨਾ ਜਾਏ
ਗਰੀਬ ਦੀ ਦਾਲ ਰੋਟੀ
ਕਿਸੇ ਹਟਵਾਣੀਏ ਤੋਂ ਉਧਾਰ ਲੈਣ ਲਈ
ਹੱਥ ਬੰਨ੍ਹ ਕੇ ਨਾ ਖੜ੍ਹਾ ਹੋਵੇ ਦਿਹਾੜੀਦਾਰ, ਮਜ਼ਦੂਰ ਕੋਈ!
ਕਿਸੇ ਕਮੀਨੇ ਸੂਦਖੋਰ ਦੀ ਵਹੀ ਵਿਚ
ਬੰਜਰ ਮੰਨ ਕੇ ਨਾ ਲਿਖ ਦਿੱਤੀ ਜਾਏ
ਕਿਸੇ ਗਰੀਬ ਕਿਸਾਨ ਦੀ ਉਪਜਾਊ ਜ਼ਮੀਨ

ਕਿਸੇ ਕਾਰਖਾਨੇ ਦੇ ਪੁਰਜ਼ਿਆਂ ਵਾਂਗ
ਹਜ਼ਾਰਾਂ ਕਾਮਿਆਂ ਦੀਆਂ ਉਮਰਾਂ ਨਾ ਘਸ ਜਾਣ
ਉਨ੍ਹਾਂ ਦਾ ਮਰਨਾ-ਜੀਣ ਨਾਲੋਂ ਔਖਾ ਨਾ ਹੋ ਜਾਏ

ਕੋਈ ਸਿਰ ਨਾ ਰਹੇ ਛੱਤ ਵਿਹੂਣਾ
ਕਿਸੇ ਮੁਟਿਆਰ ਦੀ ਡੋਲੀ ਨੂੰ-ਗ਼ੁਰਬਤ ਦੀ ਸਿਉਂਕ ਨਾ ਲੱਗੇ
ਕੋਈ ਬੂਹਾ ਨਿੰਮ ਦੇ ਪੱਤੇ ਬੱਝਣ ਤੋਂ ਨਾ ਵਿਰਵਾ ਰਹੇ
ਕਿਸੇ ਵੀ ਦਰ ਤੋਂ ਨਿੱਕੀਆਂ ਨਿੱਕੀਆਂ ਖੁਸ਼ੀਆਂ ਵਾਪਸ ਨਾ ਪਰਤਣ

ਕਿਸੇ ਗੱਭਰੂ ਦੀਆਂ ਅੱਖਾਂ 'ਚ
ਸੁਪਨਿਆਂ ਦੀ ਥਾਂ ਨਾ ਮੋਤੀਆ ਉਤਰ ਆਵੇ
ਤੇ ਉਹਦੀ ਉਮਰ ਅੰਧਰਾਤੇ ਦੀ ਜੂਨ ਪੈ ਜਾਵੇ
ਹਰ ਅਸੀਸ ਦਾ ਚਿਹਰਾ ਖਿੜਿਆ ਰਹੇ
ਬਿਰਧ ਹੱਥਾਂ ਦੀ ਡੰਗੋਰੀ ਸਲਾਮਤ ਰਹੇ

ਇਹ ਸਭ ਕੁਝ ਸੋਚਦਾ ਮਹਿਸੂਸਦਾ
ਮੈਂ ਆਪਣੀ ਨਿੱਜਤਾ ਨੂੰ ਫੈਲਦੀ ਤੱਕਾਂ
ਤੇ ਮੇਰਾ ਵਜੂਦ ਹੀ ਜਿਵੇਂ ਬਣ ਗਿਆ ਹੋਵੇ ਤਣੀ ਹੋਈ ਮੁੱਠੀ
ਤੇ ਮੇਰੇ 'ਚੋਂ ਗੁਜ਼ਰ ਕੇ ਜਾ ਰਿਹਾ ਹੋਵੇ ਜਿਵੇਂ ਕਾਫਲਾ ਕੋਈ
ਜ਼ਨ ਸਾਧਾਰਨ ਦੀ ਫ਼ਿਕਰਮੰਦੀ 'ਚ ਸ਼ਾਮਿਲ
ਮੈਂ ਵੀ ਹਾਂ ਇਕ ਜਨ ਸਾਧਾਰਨ।

ਮਨ ਦੀ ਕਵਿਤਾ

ਕਿਵੇਂ ਕਹਿ ਦੇਵੇ ਕੋਈ
ਅੰਬਰ ਦੇ ਅਸੰਖ ਤਾਰਿਆਂ 'ਚੋਂ-ਔਹ ਤਾਰਾ ਮੇਰਾ ਏ

ਕਿਵੇਂ ਕਹਿ ਸਕਦਾ ਏ ਕੋਈ-ਨਦੀਆਂ ਦੀਆਂ ਲਹਿਰਾਂ 'ਚੋਂ
ਕਿਹੜੀ ਲਹਿਰ ਉਹਦੀ ਏ
ਕਿਹੜੇ ਕਿਹੜੇ ਫੁੱਲਾਂ ਦੀ ਛੂਹ ਨੂੰ ਉਹ ਆਪਣੇ ਸਾਹਾਂ 'ਚ ਧਰੇਗਾ
ਕਿਹੜੇ ਕਿਹੜੇ ਪੰਛੀ ਦੀ ਪਰਵਾਜ਼ ਨੂੰ ਆਪਣੇ ਅੰਗਾਂ 'ਚ ਭਰੇਗਾ
ਕਿਹੜੇ ਰੰਗ ਉਹਦੀ ਬਹੁਰੰਗਤਾ ਨੂੰ ਰੰਗਣਗੇ
ਕਿਹੜੇ ਬੋਲ ਉਹਦੀ ਅਜ਼ਲੀ ਚੁੱਪ ਨੂੰ ਤੋੜਨਗੇ
ਸ਼ਬਦਾਂ ਦੀ ਧੂਣੀ 'ਚੋਂ ਉਹ ਕਿਹੜੀ ਕਿਹੜੀ ਚਿਣਗ ਚੁਣੇਂਗਾ

ਸ਼ਬਦ ਬਿਨਾਂ ਉਹ ਅਰਥ ਵਿਹੂਣਾ ਕਿਵੇਂ ਕਰੇਗਾ ਪੂਰੀ
ਮਨ ਦੀ ਕਵਿਤਾ

ਕੁਝ ਕੁਝ ਦੇ ਕੋਲ

ਸਾਰੀਆਂ ਥਾਵਾਂ ਨਹੀਂ ਹੁੰਦੀਆਂ-ਦੀਵੇ ਧਰਨ ਲਈ
ਨਾ ਹੀ ਹੁੰਦੇ ਬੋਲ ਸਾਰੇ-ਸਰਗਮ ਦੇ ਹਾਣ ਦੇ

ਸਾਰੇ ਰਾਹ ਨਹੀਂ ਹੁੰਦੇ
ਮਨਚਾਹੇ ਸਫਰ ਦੀ ਗਵਾਹੀ ਬਣਨ ਲਈ
ਨਹੀਂ ਹੁੰਦੇ ਸਾਰੇ ਦ੍ਰਿਸ਼, ਆਕਾਰ
ਨਜ਼ਰਾਂ 'ਚ ਤਲਿੱਸਮ ਖੋਰਨ ਲਈ
ਨਹੀਂ ਬਣਦੇ ਸਾਰੇ ਪਾਣੀ- ਤੇਹ ਦੇ ਸਿਰਨਾਵੇਂ
ਸਾਰੇ ਸ਼ਬਦ ਵੀ ਨਹੀਂ ਹੁੰਦੇ
ਕਿਸੇ ਕਵਿਤਾ ਦੇ ਮੁਹਾਂਦਰੇ
ਸਭ ਕੁਝ ਨਹੀਂ ਹੁੰਦਾ-ਸਭ ਕੁਝ ਲਈ
ਕੁਝ ਕੁਝ ਦੇ ਕੋਲ ਰਹੀਏ □□

[ਸੰਪਾਦਕ 'ਅੱਖਰ', ਚੌਕ ਹੁਸੈਨਪੁਰਾ, ਅੰਮ੍ਰਿਤਸਰ]

ਤਿੰਨ ਕਵਿਤਾਵਾਂ/ਮੁਸ਼ਤਾਕ

ਬਲੈਕ ਹੋਲ ਦੀ ਤਲਾਸ਼

ਕਿਸ ਨੇ ਚਨੁੱਕਰੀਆਂ ਸੂਲਾਂ ਚੋਭੀਆਂ, ਕਿਸ ਨੇ ਟੁੱਟੀਆਂ ਨਾੜੀਆਂ ਨੂੰ ਛੇੜਿਆ
ਦਿਲ 'ਚ ਸੁੱਤੀਆਂ ਚਾਹਿਤਾਂ ਦੇ, ਖੰਭ-ਸੜੇ ਪੰਛੀਆਂ ਨੂੰ ਛੇੜਿਆ
ਮੁੱਦਤਾਂ ਹੋਈਆਂ ਉਹ ਛੱਡ ਕੇ, ਆਹਲਣਾ ਤੁਰਦੇ ਬਣੇ
ਫੇਰ ਕਿਸੇ ਨੇ ਲੁੰਜੀਆਂ, ਹੁਣ ਟਾਹਣੀਆਂ ਨੂੰ ਛੇੜਿਆ!

ਕੌਣ ਹੈ ਜੋ ਖ਼ੂਨ-ਰੰਗੇ, ਥਲੀਂ ਆਇਆ ਜੀਣ ਨੂੰ
ਖੰਜਣ-ਨੈਣੀ-ਘੁੱਗੀ ਕਾਹਤੋਂ, ਆਈ ਥੋਥਾ ਪੀਣ ਨੂੰ
ਖਾਹਸ਼ਾਂ ਦੀ ਰਾਖ 'ਤੇ, ਪਾਣੀ ਤਰੌਂਕੇ ਕਿਸ ਲਈ
ਲਾਸ਼ ਤਾਂ ਮੁੱਦਤ ਹੋਈ, ਠੰਡੀ ਪਈ ਖ਼ਾਮੋਸ਼ ਸੀ
ਕਿਸੇ ਆਪਣੇ ਦਾ ਅਸੀਤਾ-ਕਫ਼ਨ, ਚਿਰਾਂ ਤੋਂ ਸੀ ਲੋਚਦੀ!

ਫੇਜ ਆ ਕੇ ਕਿਸੇ ਨੇ, ਕਿਉਂ ਬੁੱਲ੍ਹ ਟੁੱਕ ਕੇ ਆਖਿਆ:
ਮਰਨ ਤੋਂ ਪਹਿਲਾਂ ਦਾ ਮਰਨਾ, ਸੌ ਗੁਨਾਹਾਂ ਦੀ ਹੈ ਮਾਰ
ਦੋ ਅਲੂਏਂ ਸਾਹ ਬਣਦੇ, ਅਗਨੀ-ਫੁੱਲਾਂ ਦੇ ਨੇ ਹਾਰ
ਮੁਸ਼ਕਿਲਾਂ ਨਾਕਾਮੀਆਂ ਤੋਂ, ਡਰਨ ਵਾਲਾ ਕਿਉਂ ਬਣੇ
ਮਰਨ ਤੋਂ ਪਹਿਲਾਂ, ਅਜਾਈਂ ਮਰਨ ਵਾਲਾ ਕਿਉਂ ਬਣੇ
ਜ਼ਿੰਦਗੀ ਤਾਂ ਰਾਵੀ ਅੰਦਰ, ਤਾਰੀਆਂ ਹੈ ਲਾਉਣ ਨੂੰ
ਮੌਤ ਦੇ ਰਾਖ਼ਸ਼ ਲਈ, ਕਿਉਂ ਨਯਲ ਨਾ ਹੋਵੇ ਤਿਆਰ?

ਫੁੱਲ ਨਾ ਖਿੜਨ, ਮਹਿਕ ਨਾ ਉਡੇ, ਰੋਸ਼ਨੀ ਅਧਮੋਈ ਮਿਲੇ
ਪਿਆਸ ਲੰਮੇ ਰਾਹ ਤੁਰੇ, ਪਰੇਡੇ ਮੰਜ਼ਲ ਦਿਸੇ।
ਪਰ ਸੰਧੂਰੀ ਪੈਰ ਚਿੰਨ੍ਹ
ਕਿਸੇ ਲਈ ਬਣ ਜਾਣਗੇ, ਖੁਰਦਰੇ, ਅਰਗ਼ਵਾਨੀ-ਮੀਲ ਪੱਥਰ
ਇਸ ਤਰ੍ਹਾਂ ਅਸ਼ਮਾਂ ਤੇ ਚੜ੍ਹਦੇ, ਰੁਕਦਿਆਂ, ਹਰਦਿਆਂ
ਅੱਕਪਲਾਹੀਂ ਹੱਥ ਮਾਰਦਿਆਂ, ਉੱਠਕੇ ਫੇਰ ਲੜਦਿਆਂ
ਲੱਭ ਲੈਣਗੇ, ਆਕਾਸ਼ਾਂ ਦਾ 'ਬਲੈਕ-ਹੋਲ'।

ਬੋਲ! ਪਰਆਸਾ ਨਹੀਂ, ਡਰਿਆ ਨਹੀਂ
ਬੋਲ! ਹਰਦੇਗੀ ਚਿਮਚਾ ਨਹੀ, ਹਰਿਆ ਨਹੀਂ
ਬੋਲ! ਜਦ ਤਕ ਹੈਂ
ਤੂੰ ਆਪਣੀ 'ਹਾਂ' ਜਤਕਤ ਜੀਏਂਗਾ
ਤੇ ਆਖ਼ਰੀ ਸਾਹ ਤਕ
ਏਸੇ ਦਾ ਸਾਗਰ-ਮੰਥਨ ਪੀਏਂਗਾ!

ਖ਼ੁਦਾ ਹਾਫ਼ਿਜ਼

ਕੱਲ੍ਹ ਰਾਤ ਤੂੰ ਫੇਰ ਚਿਰ ਪੁੱਛਦੀ ਰਹੀ
ਮੈਂ ਤੈਥੋਂ ਦੂਰ ਕਿਉਂ ਹੋ ਗਿਆ?

ਮੈਂ ਜਾਣਦਾ ਹਾਂ, ਤੂੰ ਮੈਨੂੰ ਪਿਆਰ ਕਰਦੀ ਸੈਂ
(ਸ਼ਾਇਦ ਅਜੇ ਵੀ ਕਰਦੀ ਹੋਵੇਂ)
ਪਰ ਮੇਰਾ ਪਿਆਰ ਕਿਸੇ ਦੁਕਾਨ 'ਚ, ਰੱਖਿਆ ਖਿਡੌਣਾ ਨਹੀਂ
ਜੋ ਕਿਸੇ ਵੀ ਦਮਾਂ ਵਾਲੇ ਦੀ
ਜੇਬ ਦੇ ਸ਼ਿੰਗਾਰਦਾਨ ਦੀ, ਸਜਾਵਟ ਬਣ ਜਾਵੇ।

ਜੇ ਤੂੰ ਸੱਚੀਂ ਮੁੱਚੀਂ, ਜਾਨਣਾ ਚਾਹੁੰਦੀ ਹੈਂ
ਮੈਂ ਇਕੱਲਾ ਹੀ ਕਿਉਂ ਦਰਿਆ ਟੱਪ ਗਿਆ
ਤੂੰ ਕਿਉਂ ਉਸ ਪਾਸੇ
ਮੁਰਗ਼ਾਬੀਆ ਦੀਆਂ ਡਾਰਾਂ ਤੱਕਦੀ ਰਹਿ ਗਈ?
ਰੇਤ 'ਤੇ ਮੱਛੀਆਂ ਤੱਕਦੀ, ਆਪ ਹੀ ਤੜਪਦੀ ਮੱਛੀ ਬਣ ਗਈ?

ਤਾਂ ਸੁਣ:
ਮੈਂ ਜਦੋਂ ਸੜਕ 'ਤੇ ਡਿੱਗਾ ਪਿਆ, ਤੜਪ ਰਿਹਾ ਸਾਂ
ਕੀ ਤੂੰ ਮੈਨੂੰ ਉਠਾਣ ਲਈ ਬਾਂਹ ਵਧਾਈ?
ਜਦੋਂ ਤੇਰੇ ਮੁਹੱਲੇ ਵਾਲੇ, ਮੈਨੂੰ ਢੇਮਾਂ ਮਾਰਦੇ ਸਨ
ਕੀ ਤੂੰ ਮੇਰੇ ਮੂਹਰੇ ਆਕੇ ਖੜੋਤੀ?
ਕੀ ਤੂੰ ਮੈਨੂੰ ਐਨਾ ਚਾਹੁੰਦੀ ਸੈਂ, ਕਿ ਮੈਂ ਆਪਣੇ ਮੱਥੇ ਚੋਂ ਕਿਰਦੇ

ਲਹੂ ਦੇ ਸੇਕ 'ਚ ਤੇਰੀਆਂ ਤਲੀਆਂ ਦਾ ਸੇਕ, ਮਹਿਸੂਸ ਕਰਦਾ?
ਅੱਜ ਸਵਾਲ ਤੂੰ ਮੈਨੂੰ ਨਹੀਂ, ਆਪਣੇ ਸ਼ੀਸ਼ੇ ਨੂੰ ਕਰ
ਲਕੀਰਾਂ ਵਿਚਲੀ ਸੁੰਨ ਮਸੁੰਨੀ ਥਾਂ ਨੂੰ ਭਰ।

ਮੈਂ ਤਾਂ ਆਪਣੀ ਜ਼ਿੰਦਗੀ ਨਾਲ
ਸਭ ਤੋਂ ਵੱਡਾ ਜ਼ੁਲਮ ਕੀਤਾ
ਤੈਥੋਂ ਵੱਖ ਹੋ ਕੇ! ਹੌਲਾ ਕੱਖ ਹੋ ਕੇ!
ਤੈਥੋਂ ਦੂਰ ਹੋਣਾ ਇੰਝ ਹੈ
ਜਿਵੇਂ ਆਪਣੇ ਹੀ ਹੱਥ ਨੂੰ ਖੁੰਢੀ ਛੁਰੀ ਨਾਲ ਵੱਢਣਾ
ਤੈਨੂੰ ਬੇਗਾਨੀ ਕਹਿਣਾ
ਜਿਵੇਂ ਕਿਸੇ ਮਾਂ ਦਾ ਪੁੱਤ ਦੇ ਕੰਨਾਂ ਵਿਚ
ਨਿਪੁੱਤੀ ਕਹਿਕੇ ਧਾਹ ਮਾਰਨਾ!
ਸ਼ਬ ਬਖ਼ੈਰ! ਅੱਲਾ ਹਾਫਿਜ਼!!

ਸਿੱਕੇ ਦੇ ਖ਼ਾਬ

ਨਿੱਕੇ ਹੁੰਦਿਆਂ
ਮੈਂ ਘਰ ਦੀ ਉੱਚੀ ਲੰਮੀ ਨਿੰਮ ਹੇਠਾਂ
ਆਨੇ ਦੁਆਨੀਆਂ ਦੇ ਸਿੱਕੇ ਬੀਜੇ ਸਨ
ਹਨੇਰੇ ਸਵੇਰੇ ਉਹਨਾਂ 'ਤੇ ਪਾਣੀ ਛਿੜਕਦਾ ਸਾਂ
ਸੋਚਿਆ ਕਰਦਾ ਸਾਂ
ਕੱਲ੍ਹ ਭਲਕ, ਕਿੰਨੇ ਸਾਰੇ ਬੂਟੇ ਉੱਗਣਗੇ
ਨਰਮ ਨਰਮ ਪੱਤੀਆਂ ਵਾਲੇ
ਲਾਲ ਪੀਲੇ ਫੁੱਲਾਂ ਵਾਲੇ
ਗਠੌਲੀਆਂ 'ਚ ਹੋਣਗੇ ਨਵੇਂ ਨਿਕੋਰ ਚਾਂਦੀ ਦੇ ਰੁਪਈਏ!
ਸਭ ਕੁਝ ਧਰਤੀ 'ਚੋਂ ਹੀ ਤਾਂ ਉਗਦੈ
ਮੇਰੇ ਸਿੱਕਿਆਂ ਦੀ ਵੀ ਫ਼ਸਲ ਉੱਗੇਗੀ
ਛਣ ਛਣ ਕਰਦੇ, ਚਮਕਦੇ ਸਿੱਕੇ, ਮੇਰੀਆਂ ਜੇਬਾਂ ਭਰਨਗੇ
ਮਿੱਠੀਆਂ ਗੋਲੀਆਂ ਖ਼ਰੀਦਾਂਗਾ।

ਸਾਰਾ ਦਿਨ ਪਹਿਰਾ ਦਿੰਦਾ ਸਾਂ
ਗੁਆਂਢੀ ਤਾਰਾ ਜਾਂ ਲੱਛੂ ਜਾਂ ਮੋਹਣੀ
ਅੱਖ ਬਚਾਕੇ ਸਿੱਕੇ ਨਾ ਤੋੜ ਲੈਣ
ਪੱਕੀ ਫ਼ਸਲ ਨਾ ਚੁਰਾ ਲੈਣ!

ਕਈ ਦਿਨ ਲੰਘ ਗਏ, ਕੋਈ ਬੂਟਾ ਨਾ ਉੱਗਿਆ
ਕੋਈ ਤਿੜ ਨਾ ਫੁੱਟੀ, ਦਿਲ ਹੋਰੂੰ ਹੋਰੂੰ ਹੋਇਆ
ਰੰਬੇ ਨਾਲ ਮਿੱਟੀ ਪੁੱਟੀ, ਮੇਰੇ ਸਿੱਕੇ ਤਾਂ ਓਦਾਂ ਹੀ ਪਏ ਸਨ

ਬੱਸ, ਗਿੱਲੇ ਗਿੱਲੇ ਮੈਲੇ ਮੈਲੇ ਹੋ ਗਏ ਸਨ
ਉਸ ਦਿਨ ਤੋਂ ਬਾਅਦ, ਮੈਂ ਕਦੇ ਸਿੱਕੇ ਨਹੀਂ ਦੱਬੇ!
ਕਦੇ ਖ਼ਾਬ ਨਹੀਂ ਤੱਕੇ!!

ਯਾਦ ਕਰਦੀ ਹੋਵੇਗੀ

ਉਹ ਮੈਨੂੰ ਯਾਦ ਕਰਦੀ ਹੋਵੇਗੀ!
ਠੰਡੇ ਸਾਹ ਭਰਦੀ ਹੋਵੇਗੀ!!
ਕਜਲੇ ਦੀ ਡੱਬੀ ਵਿਚ
ਕਦੇ ਕਦਾਈਂ ਕੰਨਾਂ ਦੀਆਂ ਛੱਲਾਂ ਭਰਦੀ ਹੋਵੇਗੀ!
ਉਹ ਮੈਨੂੰ ਯਾਦ ਕਰਦੀ ਹੋਵੇਗੀ!
ਜਦੋਂ ਗਾਜਰ ਦੀ ਛਿੱਲ, ਤੇਜ਼ ਚਾਕੂ ਨਾਲ ਲਾਹੁੰਦੀ ਹੋਵੇਗੀ
ਪਿਆਜ਼ ਦੇ ਨਿੱਕੇ ਨਿੱਕੇ, ਕੁਤਰੇ ਕਰਦੀ ਹੋਵੇਗੀ
ਨਿੰਬੂ ਨੂੰ ਉਂਗਲਾਂ 'ਚ ਘੁੱਟ ਕੇ, ਨਚੋੜਦੀ ਹੋਵੇਗੀ
ਸਿਰ੍ਹਾਣੇ ਦੇ ਮੈਲੇ ਉਛਾੜ ਨੂੰ, ਥਾਪੜੀ ਨਾਲ ਕੁੱਟਦੀ ਹੋਵੇਗੀ
ਬੂਹੇ 'ਤੇ ਖੜ੍ਹੇ ਹੱਟੇ-ਕੱਟੇ ਵਿਹਲੜ, ਮੰਗਤੇ ਨੂੰ ਘੂਰਦੀ ਹੋਵੇਗੀ
ਬਨੇਰੇ 'ਤੇ ਬੈਠੇ ਕਾਂ ਨੂੰ, ਹੱਥ ਉੱਚਾ ਕਰਕੇ ਉਡਾਂਦੀ ਹੋਵੇਗੀ
ਕਦੇ ਕਦਾਈਂ ਆਪਣੇ ਦਿਲ ਵਿਚ, ਝਾਤੀ ਮਾਰਦੀ ਹੋਵੇਗੀ
ਵਾਲ ਵਾਹੁੰਦੀ, ਸ਼ੀਸ਼ੇ 'ਚ ਆਪਣੇ ਚਿਹਰਾ ਨਿਹਾਰਦੀ ਹੋਵੇਗੀ
ਉਸ ਵੇਲੇ...ਉਹ ਜ਼ਰੂਰ ਮੈਨੂੰ ਯਾਦ ਕਰਦੀ ਹੋਵੇਗੀ।□□

[25, Findhorn Avenue, Hayes, Middx, U.K.]

ਅੱਧ-ਪੜ੍ਹੀ ਕਿਤਾਬ/ਸੁਰਿੰਦਰ ਸੋਹਲ

ਜੀਵਨੀ ਸੀ ਇਕ ਕ੍ਰਾਂਤੀਕਾਰ ਦੀ
ਪੜ੍ਹ ਰਿਹਾ ਦੂਜਾ ਕ੍ਰਾਂਤੀਕਾਰ ਸੀ
ਪੈ ਗਈ ਆਵਾਜ਼ ਜਦ ਫਾਂਸੀ ਦੇ ਜ਼ਾਲਮ ਅਰਸ਼ 'ਤੇ
ਬਣ ਕੇ ਸੂਰਜ ਚੜ੍ਹਨ ਦੀ
ਪੜ੍ਹ ਲਈ ਜਿੰਨੀ ਕੁ ਰੱਖਣ ਨੂੰ ਨਿਸ਼ਾਨੀ ਓਸ ਦੀ
ਮੋੜਿਆ ਵਰਕੇ ਦਾ ਕੋਨਾ
ਬੰਦ ਕਰ ਦਿੱਤੀ ਕਿਤਾਬ
ਆਖਿਆ ਜੇਲ੍ਹਰ ਨੂੰ ਸੀ ਵਿਸ਼ਵਾਸ ਨਾਲ-
"ਦੇਸ਼ ਮੇਰੇ ਦੇ ਜਵਾਨਾਂ ਹੱਥ ਦੇ ਕੇ ਇਹ ਕਿਤਾਬ
ਆਖਣਾ-
ਭਗਤ ਸਿੰਘ ਇਹ ਪੂਰੀ ਪੜ੍ਹ ਸਕਿਆ ਨਹੀਂ
ਬਚ ਗਈ ਨੂੰ ਆਪ ਪੂਰਾ ਕਰਨ ਓਹ।"

ਅੱਧ-ਪੜ੍ਹੀ ਵਰਕਾ ਮੁੜੇ ਵਾਲੀ ਕਿਤਾਬ
ਫੜ੍ਹ ਲਈ ਜੇਲ੍ਹਰ ਨੇ ਅੱਖਾਂ ਹੰਝੂਆਂ ਵਿਚ ਡੋਬ ਕੇ
ਸਾਂਭ ਕੇ ਲਾਈ ਸੀ ਦਿਲ ਦੇ ਨਾਲ
ਕਹਿਕਸ਼ਾਂ ਦੇ ਵਾਸਤੇ
ਜਿਸ ਤਰ੍ਹਾਂ ਸੂਰਜ ਵਸੀਅਤ ਲਿਖ ਦਵੇ
ਓਸ ਜੇਲ੍ਹਰ ਨੂੰ ਬਣਾ ਸੱਚਾ ਗਵਾਹ
ਅੱਧ-ਪੜ੍ਹੀ ਵਰਕਾ ਮੁੜੇ ਵਾਲੀ ਕਿਤਾਬ
ਘੁੰਮ ਘੁੰਮਾਉਂਦੀ ਕੋਲ ਮੇਰੇ ਆ ਗਈ
ਟਿਕ ਟਿਕੀ ਲਾ ਕੇ ਮੁੜੇ ਵਰਕੇ ਨੂੰ ਜਦ ਮੈਂ ਦੇਖਿਆ
ਇਹ ਨਿਰਾ ਵਰਕਾ ਨਹੀਂ ਸੀ
ਇਹ ਤਾਂ ਪੱਛਮ ਦੀ ਦਿਸ਼ਾ ਸੀ
ਜਿਸ 'ਚ ਸੂਰਜ ਸਾਮਰਾਜੀ ਡੁੱਬਿਆ
ਦਿਲ ਮੇਰਾ ਕੀਤਾ ਮੈਂ ਵਰਕਾ ਫੋਲ ਕੇ
ਕਰ ਦਿਆਂ ਸਿੱਧਾ
ਬਚ ਗਈ ਪੁਸਤਕ ਨੂੰ ਪੂਰਾ ਪੜ੍ਹ ਲਵਾਂ
ਪਰ ਮੈਂ ਆਪਣੇ ਆਪ ਨੂੰ ਜਦ ਘੋਖਿਆ
ਟੁਕੜਿਆਂ ਵਿਚ ਮੈਂ ਪਿਆ ਸਾਂ ਵੰਡਿਆ
ਕਾਰਪੋਰੇਸ਼ਨ ਦੇ ਲਾਕਰ ਵਿਚ ਸਨ
ਵਕਤ, ਅੱਖਾਂ, ਜੀਭ, ਮੇਰੀ ਸੋਚਣੀ
ਦਿਲ ਬੜਾ ਕੀਤਾ ਕਿ ਲਾਕਰ ਤੋੜ ਕੇ
ਵਕਤ, ਅੱਖਾਂ, ਜੀਭ ਕਰ ਦੇਵਾਂ ਆਜ਼ਾਦ
ਪੜ੍ਹ ਲਵਾਂ ਵਰਕੇ ਮੁੜੇ ਵਾਲੀ ਕਿਤਾਬ
ਵਰਕ ਸਿੱਧਾ ਕਰਨ ਨੂੰ ਕਰਦਾ ਸੀ ਦਿਲ
ਪਰ ਮੇਰੇ ਹੱਥ ਮੌਰਗੇਜਾਂ ਦੀ ਘੁਲਾੜੀ ਵਿਚ ਅੜੇ
ਬਿੱਲ ਭੇਜਣ ਦੇ ਬਣੇ ਹੋਏ ਗ਼ੁਲਾਮ
ਉਂਗਲਾਂ 'ਸਾਬਾਂ'-'ਕਤਾਬਾਂ ਨਾਲ ਥੱਕ ਚੁੱਕੀਆਂ ਜਿਵੇਂ
ਵਰਕ ਸਿੱਧਾ ਕਰਨ ਨੂੰ ਨਾ ਉੱਠੀਆਂ

ਭਗਤ ਸਿੰਘ ਤੂੰ ਵਰਕ ਕਾਹਦਾ ਮੋੜਿਆ
ਤੂੰ ਹਵਾ-ਇਤਿਹਾਸ ਦਾ ਰੁਖ ਮੋੜਿਆ ਸੀ
ਤੂੰ ਵਸੀਅਤ ਕਰ ਗਿਆ ਏਂ ਇਹ ਕਿਤਾਬ
ਪਰ ਤੇਰਾ ਵਾਰਿਸ ਮੈਂ ਹਾਂ ਉਹ ਕਹਿਕਸ਼ਾਂ
ਰੌਸ਼ਨੀ ਜਿਸਦੀ ਹਨੇਰੇ ਦੀ ਗ਼ੁਲਾਮ
ਅੱਧ-ਪੜ੍ਹੀ ਤੇਰੀ ਕਿਤਾਬ
ਹੈ ਪਈ ਬੇਵੱਸ ਜਿਹੀ
ਮੈਂ ਅਜੇ ਕਾਬਿਲ ਨਹੀਂ
ਉਸ ਨੂੰ ਅੱਗੇ ਪੜ੍ਹਨ ਦੇ..।□□

[15 Ramsen Avenue Valley Stream, NY 11580, U.S.A.]

ਪਿਆਰ ਤੇ ਜ਼ਿੰਦਗੀ : ਕੁਝ ਕਵਿਤਾਵਾਂ

ਜਸਵੀਰ

[ਅਮਰੀਕਾ ਦੀ ਟੈਕਸਾਸ ਸਟੇਟ ਦੇ ਸ਼ਹਿਰ ਡੈਲਸ ਵਿਚ ਰਹਿੰਦੀ ਜਸਵੀਰ ਆਪਣੇ ਨਿੱਜ ਵਾਂਗ ਆਪਣੀ ਕਵਿਤਾ ਨੂੰ ਵੀ ਬਹੁਤਾ ਪ੍ਰਚਾਰਨ, ਪ੍ਰਸਾਰਨ ਵਿਚ ਦਿਲਚਸਪੀ ਨਹੀਂ ਰੱਖਦੀ। ਪਰ ਉਸਦੀ ਸ਼ਖ਼ਸੀਅਤ ਜਿੰਨੀ ਆਕਰਸ਼ਕ ਹੈ, ਉਨੀ ਹੀ ਟੁੰਬਵੀਂ ਹੈ ਜਜ਼ਬਿਆਂ ਨਾਲ ਗੁੱਧੀ ਉਸ ਦੀ ਸਹਿਜ ਕਾਵਿ-ਰਚਨਾ। ਪੇਸ਼ ਹਨ ਇਸ ਸੰਵੇਦਨਸ਼ੀਲ ਕਵਿੱਤਰੀ ਦੀਆਂ ਕੁਝ ਕਵਿਤਾਵਾਂ-ਸੰਪਾਦਕ]

ਸੀਮਾਂਤ ਦੇ ਆਰ ਪਾਰ

ਛੱਪੜ ਕੰਢੇ, ਅੱਕ-ਕੱਕੜੀ 'ਚ ਜਦ
ਉਹ ਖੰਭਾਂ ਸਮੇਤ ਜੰਮੀ
ਹਵਾ ਨੇ ਹੱਸ ਕੇ ਆਖਿਆ ਸੀ
"ਮੈਨੂੰ ਪਤੈ ਤੂੰ ਮੇਰੀ ਪਿੱਠ 'ਤ ਸਵਾਰ ਹੋਏਂਗੀ"
ਮਾਂ ਨੂੰ ਵਿਹੜਾ ਲਿਪਦੀ ਵੇਖ
ਪਤਾ ਨਹੀਂ ਉਹਨੇ ਕਿਹਨੂੰ ਕਿਹਾ ਸੀ
"ਮੈਂ ਤਾਂ ਅਜੇ ਅਸਮਾਨ ਲਿੱਪਣਾ ਹੈ"
ਸੂਰਜ ਨੇ ਜਦ ਉਹਦਾ ਪਹਿਲਾ ਖਤ ਪੜ੍ਹਿਆ
ਚੰਨ ਉਹਨੂੰ ਮਿਲਣ ਲਈ ਸਾਰੀ ਰਾਤ ਘੁਲਦਾ ਰਿਹਾ
ਤਾਰੇ ਉਹਨੂੰ ਆਪਣੀ ਬੁੱਕਲ 'ਚ ਲਪੇਟੀ ਰੱਖਣ ਲਈ
ਵਾਰ ਵਾਰ ਟੁੱਟਦੇ ਰਹੇ
ਏਸੇ ਖਿੱਚੋਤਾਣ ਦੇ ਸਮੇਂ ਦਾ ਨੀਲ ਆਰਮਸਟਰੌਂਗ ਦੇ ਨਾਂ
ਲਿਖਿਆ ਉਹਦਾ ਇਕ ਖਤ ਮਿਲਦਾ ਹੈ
'ਮੂਨ ਇਜ਼ ਨਾਟ ਮਾਈ ਲਿਮਿਟ' (Moon is not my limit)

ਇਕ ਮਿਆਨ

ਤੂੰ ਬੀਵੀ ਵੀ ਬਣਨਾ ਚਾਹੁੰਦੀ ਏਂ
ਮਹਿਬੂਬਾ ਵੀ
ਪਰ ਸਿਆਣੇ ਆਖਦੇ ਨੇ
ਇਕ ਮਿਆਨ 'ਚ ਦੋ ਤਲਵਾਰਾਂ
ਨਹੀਂ ਸਮਾ ਸਕਦੀਆਂ

ਖੂਹ ਦਾ ਪਾਣੀ

ਮਿੱਟੀ ਨੇ ਆਕਾਸ਼ ਨੂੰ ਆਖਿਆ ਸੀ
ਮੈਂ ਹਵਾ 'ਚ ਹਵਾ ਹੋ ਕੇ
ਤੇਰੇ ਤੀਕ ਪਹੁੰਚਾਂਗੀ ਜ਼ਰੂਰ
ਪਰ ਇਸ ਕਾਲੀ ਬੋਲੀ ਰਾਤ 'ਚ ਅਜੇ
ਹੱਥ ਨੂੰ ਹੱਥ ਨਹੀਂ ਦੀਂਹਦਾ
ਮੈਂ ਤਾਂ ਅਜੇ ਰਿਸ਼ਤਿਆਂ ਦਾ ਮਾਰੂਥਲ ਪਾਰ ਕਰ ਕੇ

ਜਾਣਾ ਹੈ ਸੰਸਕਾਰਾਂ ਦੇ ਪਹਾੜਾਂ ਦੇ ਪਰਲੇ ਪਾਸੇ
ਉਡੀਕ ਰਿਹੈ ਖੂਹ ਦਾ ਪਾਣੀ ਉੱਥੇ ਮੇਰੀ ਪਿਆਸ ਨੂੰ

ਸਤਰੰਗੀ ਪੀਂਘ

ਅਜਾਈਂ ਨਹੀਂ ਜਾਏਗੀ ਤੇਰੀ ਉਡੀਕ
ਨਹੀਂ ਹੋਏਗਾ ਵਿਅਰਥ ਮੇਰਾ ਸਬਰ ਵੀ
ਲਫ਼ਜ਼ਾਂ 'ਚ ਅਰਥ ਭਰਕੇ
ਤੇ ਅਰਥਾਂ 'ਚ ਲਫ਼ਜ਼
ਅਸਮਾਨ ਮਿਲੇਗਾ ਧਰਤੀ ਨੂੰ
ਭਿੱਜਿਆਂ ਨੈਣਾਂ ਨਾਲ ਜਦ
ਉਦੋਂ ਮਿਲਾਂਗੀ ਮੈਂ ਤੈਨੂੰ
ਸਤਰੰਗੀ ਪੀਂਘ ਬਣਕੇ
ਭਾਵੇਂ ਸਿਰਫ ਅੱਖ ਝਪਕਣ ਵਾਂਗ ਹੀ

ਸਾਂਝੀ ਭੁੱਲ

ਮੇਰੇ ਹਰ ਸਾਹ ਉੱਪਰ ਤੇਰਾ ਨਾਂ ਹੈ
ਫੇਰ ਵੀ....
ਖੁਦਾ ਦੀਆਂ ਨਿਹਮਤਾਂ ਦਾ ਸ਼ੁਕਰ ਕਰਦਿਆਂ
ਆਪਣੀ ਇਕੱਲਤਾ ਦਾ ਰੋਸ ਕਰਨ ਦੀ
ਹੋ ਗਈ ਕੁਤਾਹੀ ਮੇਰੇ ਕੋਲੋਂ
ਖੁਦਾ ਦੀ ਕੁਦਰਤ
ਮੇਰੇ ਹੱਥ ਦੀਆਂ ਲਕੀਰਾਂ ਦੀ ਬਜਾਏ
ਲਿਖ ਦਿੱਤਾ ਉਹਨਾਂ ਤੇਰਾ ਨਾਂ ਹਵਾਵਾਂ ਉੱਪਰ
ਵੇਖ ਕਿਵੇਂ...
ਮੈਂ ਤੇ ਖੁਦਾ ਨੇ ਇਕੋ ਜਿਹੀ ਗ਼ਲਤੀ ਕੀਤੀ

ਦਸਵਾਂ ਦੁਆਰ

ਰੁੱਖ ਦੀ ਟੀਸੀ 'ਤੇ ਖਿੜਿਆ ਫੁੱਲ ਹੀ ਦੱਸ ਸਕਦਾ
ਧਰਤੀ ਨੇ ਬੀਜ ਦੀ ਕੁੱਖ ਦੇ ਕੰਨੀਂ ਕੀ ਕਿਹਾ
ਕਿ ਇੰਝ ਖੋਲ੍ਹ ਦਿੱਤਾ ਦਸਵਾਂ ਦੁਆਰ ਬੀਜ ਨੇ

ਮੁਹੱਬਤ

ਮੈਨੂੰ ਪਤੈ
ਟੁੱਟ ਜਾਣਗੇ ਬਹੁਤ ਸਾਰੇ ਪੁਲ ਅੱਧ ਵਿਚਕਾਰ ਹੀ
ਫੇਰ ਵੀ ਮਿਲਣਾ ਹੈ ਤੈਨੂੰ
ਰਸਤਿਆਂ ਤੇ ਰਿਸ਼ਤਿਆਂ ਦੇ ਪਾਰ
ਭਿੜ ਜਾਣਗੀਆਂ ਜਦ ਖਿੜਕੀਆਂ
ਤੜੱਕ ਕਰਕੇ ਜਦ ਹੋਣਗੇ ਬੂਹੇ ਬੰਦ
ਮੈਂ ਮਿਲਾਂਗੀ ਉਦੋਂ ਤੈਨੂੰ

ਅਸਮਾਨੋਂ ਲਿਸ਼ਕੀ ਬਿਜਲੀ ਵਾਂਗ
ਮੁੜ ਹੋ ਜਾਵਾਂਗੀ ਇਕਮਿਕ
ਆਪਣੇ ਹੀ ਅੰਬਰ ਨਾਲ
ਤੱਕ ਸਕੇਗਾ ਜਹਾਨ ਮੈਨੂੰ
ਸਿਰਫ ਧਰਤੀ 'ਤੇ ਖਲੋ ਕੇ
ਫਿਕਰ ਨਾ ਕਰੀਂ ਤੂੰ
ਮੁੜ ਜਾਵਾਂਗੀ ਮੈਂ ਤੇਰੇ ਕੋਲੋਂ
ਬਿਨ ਕੋਈ ਵੀ ਗਿਲਾ ਕੀਤਿਆਂ
ਸ਼ਿਕਵਿਆਂ ਰਹਿਤ ਹੀ ਹੁੰਦੀ ਹੈ
ਰੋਸ਼ਨ ਦਿਲ ਮੁਹੱਬਤ!!!

ਤੂੰ

ਮੈਨੂੰ ਪਤੈ
ਤੂੰ ਗਮਲੇ ਦੇ ਨਾਪ ਦਾ ਪੌਦਾ ਨਹੀਂ
ਨਾ ਹੀ ਮੈਨੂੰ ਨਿਪੱਤਰੇ ਰੁੱਖ ਦੀ ਲੋੜ ਹੈ
ਤੂੰ ਤਾਂ ਤਪਦੀਆਂ ਲੋਆਂ 'ਚ
ਮੇਰੇ ਸਾਹਾਂ ਨਾਲ ਬੱਝੀ ਠੰਢੀ ਹਵਾ ਏਂ
ਤੂੰ ਤਾਂ ਉਹ ਕੰਡਾ ਏਂ
ਜੋ ਕੱਢ ਦਿੰਦਾ ਏ
ਮੇਰੀ ਜ਼ਿੰਦਗੀ ਦੀਆਂ ਅੱਡੀਆਂ ਵਿਚ ਖੁਭੀਆਂ ਸੂਲਾਂ
ਤੂੰ ਉਹ ਸੂਰਜ ਏਂ
ਜੋ ਪਿਘਲਾ ਦਿੰਦੈ
ਮੇਰੇ ਨੈਣਾਂ ਦੇ ਤਹਿਖਾਨਿਆਂ 'ਚ ਖੌਫ ਨਾਲ ਬਰਫ ਹੋਏ ਸੁਪਨੇ
ਮੈਨੂੰ ਪਤੈ ਤੂੰ ਗਮਲੇ ਦੇ ਨਾਪ ਦਾ ਪੌਦਾ ਨਹੀਂ

ਰੋਸ਼ਨੀ ਦੀ ਉਡੀਕ

ਮੇਰੀ ਜ਼ਿੰਦਗੀ ਦਾ ਇਕ ਹਿੱਸਾ ਅੱਡਾ ਖੱਡਾ ਖੇਡਦਾ
ਅਚਾਨਕ ਅੰਨ੍ਹੇ ਖੂਹ 'ਚ ਡਿੱਗ ਬੈਠਾ
ਸੋਚਾਂ 'ਚ ਚੇਤਿਆਂ ਦਾ ਹਲਟ ਰੋਜ਼ ਗਿੜਦਾ
ਭੇਤ ਭਰੇ ਇਸ਼ਾਰੇ ਸੁੱਟਦੀਆਂ ਲੰਘ ਜਾਂਦੀਆਂ ਨੇ ਟਿੰਡਾਂ
ਕੋਰੇ ਕਾਗਜ਼ਾਂ ਦੇ ਪਾੜਛੇ ਨੂੰ ਸਬਰ ਦਾ ਸਬਕ ਸਿਖਾਉਂਦੀਆਂ
ਮੇਰੀ ਜ਼ਿੰਦਗੀ ਦੇ ਇਸ ਸਮੇਂ ਨੂੰ ਡਾਕਟਰ ਡਿਪਰੈਸ਼ਨ ਆਖਦੇ ਨੇ
ਫਰਾਇਡ ਇਸ ਵਕਤ ਨੂੰ ਰੀਪਰੈਸ਼ਨ ਆਖਦੈ
ਮੈਂ ਨਾ ਡਾਕਟਰਾਂ ਨਾਲ ਸਹਿਮਤ ਹਾਂ
ਨਾ ਹੀ ਫਰਾਇਡ ਨਾਲ
ਮੈਂ ਇਸ ਸਮੇਂ ਨੂੰ ਕੁੱਬੀ ਪਿੱਠ ਵਾਲੀ ਨਜ਼ਮ ਆਖਦੀ ਹਾਂ
ਜੋ ਆਪਣੀ ਖੂਬਸੂਰਤੀ ਦਾ ਭਾਰ ਨਾ ਸਹਾਰਦੀ
ਦੂਹਰੀ ਤੀਹਰੀ ਹੋ ਕੇ

ਸਮੇਂ ਦੀ ਹਨੇਰੀ ਗੁੱਠ ਵਿਚ ਆਪਣਾ ਆਪ ਲੁਕੋਈ
ਕਰ ਰਹੀ ਹੈ ਉਡੀਕ ਰੋਸ਼ਨੀ ਦੀ

ਤਰੇੜਾਂ

ਮੈਂ ਘਰ ਦੀ ਠੋਕਾ ਠਾਕੀ ਕਰਨੀ ਬੰਦ ਕਰ ਦਿੱਤੀ ਹੈ
ਨੀਹਾਂ ਜਿਹਨਾਂ ਹੇਠ ਮੈਂ ਕਦੇ ਖੁਦ ਚਿਣੀ ਹੋਈ ਸਾਂ
ਝੋਲ ਜਿਹੀ ਖਾ ਕੁੱਬ ਕੱਢੀ ਖਲੋਤੀਆਂ
ਕੰਧਾਂ ਦੀਆਂ ਤਰੇੜਾਂ ਤੋਂ ਮੁਆਫੀ ਮੰਗ ਰਹੀਆਂ ਨੇ
ਹੱਥੀਂ ਪਾਲਿਆ ਕਤੂਰਾ ਰਿਸ਼ਤਿਆਂ ਦਾ ਗਵਾਚਾ ਸਿੰਘ ਭਾਲਦਾ
ਘਰ ਦਾ ਚੱਪਾ ਚੱਪਾ ਸੁੰਘ ਰਿਹੈ
ਬੱਚੇ ਬੁੱਤਾਂ ਵਿਚੋਂ ਮਾਪੇ ਭਾਲਦੇ ਸਮਝ ਰਹੇ ਨੇ
ਪਿਆਸ ਤ੍ਰੇਹ ਦੀ ਸਜਾਵਟ ਨਾਲ ਨਹੀਂ ਮਿਟਣੀ

ਗੁੜ੍ਹਤੀ

ਮੱਕੜੀ ਦੇ ਜਾਲੇ ਵਾਂਗ
ਆਪ ਹੀ ਉਲਝੀ ਹੋਈ ਸਾਂ ਮੈਂ ਤੇਰੇ ਜਨਮ ਵੇਲੇ
ਜਦੋਂ ਜੰਮਣ ਪੀੜਾਂ ਸ਼ੁਰੂ ਹੋਈਆਂ
ਮੈਂ ਤੇਰੇ ਸ਼ਰਾਬੀ ਬਾਪ ਦੀ ਹਿਰਾਸਤ ਵਿਚ ਸਾਂ
ਉਸ ਮੁੰਡੇ ਦਾ ਨਾਂ ਖੌਰੇ ਪਾਲ ਸੀ
ਮੇਰੇ ਬਚਪਨ ਦੀ ਦੋਸਤ ਹੈ ਨਾ ਗੁਰਜੀਤ ਜਿਹੜੀ ਟਰਾਂਟੋ ਰਹਿੰਦੀ ਹੈ
ਉਹਦੇ ਨਾਨਕਿਆਂ ਦੇ ਪਿੰਡੋਂ ਸੀ ਉਹ ਮੁੰਡਾ ਪਾਲ
ਹਾਂ ਤੇ ਮੈਂ ਦੱਸ ਰਹੀ ਸਾਂ ਨਵੀ
ਪਾਲ ਤੇਰੇ ਬਾਪ ਨਾਲ ਬੈਠਾ ਸ਼ਰਾਬ ਪੀ ਰਿਹਾ ਸੀ
ਪਰ ਸ਼ਰਾਬੀ ਨਹੀਂ ਸੀ ਹੋਇਆ
ਮੈਂ ਵਾਰ ਵਾਰ ਜਦ ਤੇਰੇ ਬਾਪ ਨੂੰ ਆਖ ਰਹੀ ਸਾਂ
ਮੈਨੂੰ ਹਸਪਤਾਲ ਜਾਣਾ ਪੈਣੈ
ਤਾਂ ਉਹ ਵਾਰ ਵਾਰ ਇੱਕੋ ਜਵਾਬ ਦੇ ਰਿਹਾ ਸੀ
"ਤੈਨੂੰ ਤੇ ਰੋਜ਼ ਹੀ ਜਣੇਪਾ ਪੀੜ ਹੋਈ ਰਹਿੰਦੀ ਏ"
ਅੱਜ ਯਾਦ ਕਰਕੇ ਸੋਚਦੀ ਹਾਂ
ਕਿੱਡੀ ਛੋਟੀ ਜਿਹੀ ਸੀ ਮੇਰੀ ਦੁਨੀਆ
ਕੀ ਮੈਂ ਆਪਣਾ ਬੱਚਾ ਜਨਮਣ ਲਈ ਆਪ ਹਸਪਤਾਲ ਨਹੀਂ ਸਾਂ ਪਹੁੰਚ ਸਕਦੀ?
ਮੇਰਾ ਇਹ ਸਵਾਲ ਅੱਜ ਵੀ ਟਰਾਂਟੋ ਦੀ ਹਵਾ 'ਚ ਖਲੋਤਾ ਹੈ
ਪਾਲ ਦੀ ਕਾਰ 'ਚ ਬੈਠਾ ਤੇਰਾ ਬਾਪ ਵਾਰ ਵਾਰ ਝਗੜਾਲੂ ਅੰਦਾਜ਼ 'ਚ
ਪੁੱਛ ਰਿਹਾ ਸੀ:
"ਤੂੰ ਮੇਰੀ ਬੀਵੀ ਨੂੰ ਕਿੱਥੇ ਲਿਜਾ ਰਿਹਾ ਏਂ?"
ਅੱਜ ਪਿੱਠ ਭੁਆ ਬਾਈ ਵਰ੍ਹੇ ਪਿੱਛੇ ਵੇਖਦੀ ਹਾਂ
ਤੇਰੇ ਪੈਦਾ ਹੋਣ ਤੋਂ ਕੁਝ ਘੰਟੇ ਪਹਿਲਾਂ
ਮੇਰੇ ਪੈਰ ਕਿਹੜੇ ਅਣਦਿਸਦੇ ਸੰਗਲਾਂ ਨਾਲ ਬੱਝੇ ਹੋਏ ਸਨ?
ਹਸਪਤਾਲ ਪਹੁੰਚ ਮੈਂ ਹਾਲੋਂ ਬੇਹਾਲ

ਇਕੱਲੀ ਆਪਣੇ ਆਪ ਨੂੰ ਸੰਭਾਲ ਰਹੀ ਸਾਂ
ਮੇਰੇ ਬਚਪਨ ਦੀਆਂ ਸਹੇਲੀਆਂ ਟਰਾਂਟੋ ਵਿਚ ਮੌਜੂਦ ਸਨ
ਮਦਦ ਮੰਗਣ ਲਈ ਜੋ ਜਿਗਰਾ ਚਾਹੀਦੈ ਮੇਰੇ ਕੋਲ ਹੈ ਨਹੀਂ ਸੀ
ਆਪਣਾ ਝੱਗਾ ਚੁੱਕ ਆਪਣਾ ਢਿੱਡ ਨੰਗਾ ਨਹੀਂ ਸਾਂ ਕਰਨਾ ਚਾਹੁੰਦੀ
ਮੈਂ ਅੱਜ ਤਕ ਕਿਸੇ ਨੂੰ ਨਹੀਂ ਦੱਸਿਆ ਨਵੀ
ਕਿ ਤੇਰੇ ਜਨਮ ਸਮੇਂ ਮੇਰੇ ਕੋਲ ਸਿਰਫ ਤੂੰ ਸੀ
ਨਰਸ ਨੇ ਜਦ ਤੈਨੂੰ ਮੇਰੇ ਨਾਲ ਲਿਟਾਇਆ
ਮੈਂ ਤੈਨੂੰ ਹਿੱਕ ਨਾਲ ਲਾਇਆ ਤੇ
ਆਲੇ ਦੁਆਲੇ ਵੇਖਿਆ
ਨਾ ਉੱਥੇ ਗੁੜ ਸੀ ਨਾ ਸ਼ਹਿਦ
ਨਾ ਬੂਹੇ ਦੇ ਬਾਹਰ ਤੇਰਾ ਬਾਪ ਖਲੋਤਾ ਸੀ
ਹੰਝੂਆਂ 'ਚ ਗੁੰਨ੍ਹੀ ਗਈ ਮੇਰੀ ਮਮਤਾ
ਤੇਰੀ ਗੁੜ੍ਹਤੀ ਬਣੀ

ਰੁੱਖ ਤੇ ਵੇਲ

ਰੁੱਖ ਜੰਮਦੇ ਹੀ ਕਰ ਲੈਂਦੇ ਨੇ ਰੁਖ ਅਸਮਾਨ ਕੰਨੀਂ
ਵੇਲਾਂ ਰੀਂਗਦੀਆਂ ਰੀਂਗਦੀਆਂ ਬੋਲ ਹੀ ਦਿੰਦੀਆਂ ਨੇ ਧਾਵਾ ਕਿਸੇ ਰੁੱਖ ਉੱਪਰ
ਇਹ ਪਤਾ ਨਹੀਂ ਵੇਲਾਂ ਦੀਆਂ ਹਵਾਈ ਜੜ੍ਹਾਂ ਦੀ ਲੋੜ ਹੈ
ਜਾਂ ਰੁੱਖ ਦੇ ਪਿੰਡੇ ਦੀ
ਕਰਦੇ ਕਰਦੇ ਕਲੋਲ ਆਪਣੇ ਬੌਣੇ ਹੱਥਾਂ ਨਾਲ
ਘੁੱਟ ਸੁੱਟਦੇ ਹਨ ਗਲ ਉਹਨਾਂ ਸ਼ਾਖਾਵਾਂ ਦਾ
ਜਿਹਨਾਂ ਨੂੰ ਅਸਮਾਨ ਛੂਹਣ ਦੀ ਗੁੜ੍ਹਤੀ ਹੁੰਦੀ ਹੈ
ਅਣਗਿਣਤ ਵਲ-ਵਲੇਵਿਆਂ ਨੂੰ ਜਮ੍ਹਾਂ ਜ਼ਰਬ ਕਰਦੀ ਵੇਲ
ਚਾਰ ਕੁ ਲਵੀਆਂ ਲਵੀਆਂ ਪੱਤੀਆਂ ਰੁੱਖ ਦੇ ਸਿਰ ਤੋਂ ਵਾਰਦੀ
ਟੇਢੀ ਜਿਹੀ ਗਰਦਨ ਕਰ ਅੰਬਰ ਨੂੰ ਮਸ਼ਕਰੀਆਂ ਕਰਦੀ
ਆਜ਼ਾਦ ਹੋਣ ਦਾ ਭਰਮ ਪਾਲਦੀ ਹੈ
ਰੁੱਖ ਨੂੰ ਪਤਾ ਨਹੀਂ ਕਿਉਂ ਮਨਜ਼ੂਰ ਨੇ
ਇਹ ਸਭ ਲਪੇਟਵੀਆਂ ਅਦਾਵਾਂ
ਨਿਹਾਰਦਾ ਹੈ ਰੁੱਖ ਵੀ ਭਾਵੇਂ ਆਪਣੀਆਂ ਜੜ੍ਹਾਂ ਨੂੰ
ਕਰਦਾ ਹੈ ਸ਼ਿਕਾਇਤ ਵੀ ਕਦੇ ਕਦੇ
ਸਾਹ-ਘੋਟੂ ਪਲਾਂ ਦੀ ਜੰਗਲੀ ਜਾਨਵਰਾਂ ਕੋਲ
ਜੋ ਤੁਰਦੇ ਤੁਰਦੇ ਕੰਨ ਖੜ੍ਹੇ ਕਰ
ਬਣ ਜਾਂਦੇ ਨੇ ਸਰੋਤੇ ਘੜੀ ਪਲ
ਫੇਰ ਤੁਰ ਪੈਂਦੇ ਨੇ ਅੱਖਾਂ ਜਿਹੀਆਂ ਮਟਕਾ ਕੇ
ਆਪਣੇ ਆਪਣੇ ਜੰਗਲ ਕੰਨੀਂ......
ਰੁੱਖ ਜੰਮਦੇ ਹੀ ਕਰ ਲੈਂਦੇ ਨੇ ਰੁਖ ਅਸਮਾਨ ਕੰਨੀਂ
ਵੇਲਾਂ ਰੀਂਗਦੀਆਂ ਰੀਂਗਦੀਆਂ ਬੋਲ ਹੀ ਦਿੰਦੀਆਂ ਨੇ ਧਾਵਾ ਕਿਸੇ ਰੁੱਖ ਉੱਪਰ...□□

[6501 Hillview Lane, Sachse, TX 75048-5626, U.S.A.]

ਦੁਸ਼ਮਣ

ਪਿਆਰਾ ਸਿੰਘ ਭੋਗਲ

ਤੂੰ ਆਪਣੇ ਮਾਸਕ ਪੱਤਰ 'ਕੌਮਾਂਤਰੀ ਪੰਜਾਬ' ਵੈਨਕੂਵਰ ਲਈ 'ਸੰਘਰਸ਼ ਦੇ ਵਰ੍ਹਿਆਂ ਦੀਆਂ ਯਾਦਾਂ' ਲਿਖ ਕੇ ਭੇਜਣ ਲਈ ਆਖਿਆ ਹੈ। ਖਤ ਪੜ੍ਹ ਕੇ ਪਹਿਲਾਂ ਲਿਖਣਾ ਮੁਸ਼ਕਲ ਕੰਮ ਲੱਗਾ। ਉਮਰ ਪੰਜਾਹ ਸਾਲ ਦੀ ਹੋ ਗਈ ਹੈ। ਹੁਣ ਮੈਂ ਆਪ ਵੀ ਸੰਘਰਸ਼ਸ਼ੀਲ ਨਹੀਂ ਰਿਹਾ। ਸਾਧਾਰਨ ਕਬੀਲਦਾਰ ਬੰਦਾ ਬਣ ਚੁੱਕਾ ਹਾਂ।

ਤਾਂ ਵੀ, ਤੇਰੇ ਖਤ ਨੇ ਪੁਰਾਣੀਆਂ ਯਾਦਾਂ ਵਿਚ ਹਿਲ-ਜੁਲ ਪੈਦਾ ਕਰ ਦਿੱਤੀ। ਮੱਧਮ ਦ੍ਰਿਸ਼ ਮੁੜ ਉਘੜਨ ਲੱਗੇ। ਤਨ ਮਨ ਵਿਚ ਪੁਰਾਣਾ ਜੋਸ਼ ਸਰਕਣ ਲੱਗਾ। ਸੋ, ਅੱਜ ਲਿਖਣ ਬੈਠ ਗਿਆ ਹਾਂ।

ਕਾਲਿਜ ਦੇ ਪਹਿਲੇ ਸਾਲ ਦਾ ਜਿਹੜਾ ਪਹਿਲਾ ਦਿਨ ਅੱਜ ਤਕ ਯਾਦ ਵਿਚ ਟਿਕਿਆ ਹੋਇਆ ਹੈ, ਉਹ ਹੈ, ਪਹਿਲੇ ਮਹੀਨੇ ਦਾ ਆਖਰੀ ਸ਼ਨਿੱਚਰਵਾਰ, ਕਿਉਂਕਿ ਇਸ ਦਿਨ ਕਾਲਿਜ ਦੀ ਸਾਹਿਤ ਸਭਾ ਦੀ ਪਹਿਲੀ ਮਾਸਕ ਬੈਠਕ ਹੋਈ ਸੀ। ਪ੍ਰੋਫੈਸਰ ਭੁਪਿੰਦਰ ਸਿੰਘ ਨੇ ਮੰਚ ਉੱਤੇ ਬੋਲ ਸਕਣ ਵਾਲੇ ਮੁੰਡਿਆਂ ਦੇ ਨਾਮ ਮੰਗੇ ਸਨ। ਤੇਰੇ ਵਾਰ ਵਾਰ ਕਹਿਣ ਉੱਤੇ ਮੈਂ ਆਪਣਾ ਨਾਮ ਲਿਖਵਾ ਦਿੱਤਾ ਸੀ। ਮੈਂ ਫ਼ੈਜ਼ ਅਹਿਮਦ ਫ਼ੈਜ਼ ਦਾ ਲਿਖਿਆ ਮਸ਼ਹੂਰ ਤਰਾਨਾ ਤਰੱਨਮ ਨਾਲ ਬੋਲਿਆ ਸੀ। ਉਰਦੂ ਸ਼ਾਇਰੀ ਪੜ੍ਹਨ ਤੇ ਗ਼ਜ਼ਲਾਂ ਤੇ ਨਜ਼ਮਾਂ ਗਾਉਣ ਦਾ ਸ਼ੌਕ ਮੈਂ ਆਪਣੇ ਪਿਤਾ ਮਾਸਟਰ ਅਮਰ ਸਿੰਘ 'ਅਮਰ' ਤੋਂ ਵਿਰਸੇ ਵਿਚ ਲਿਆ ਸੀ। ਤੈਨੂੰ ਯਾਦ ਹੋਵੇ, ਆਪਾਂ ਨੂੰ ਉੱਪਰਲੀਆਂ ਜਮਾਤਾਂ ਵਾਲੇ ਕਹਿੰਦੇ ਤਾਂ 'ਫਸਟ ਯੀਅਰ ਫੂਲ' ਹੀ ਸਨ, ਪਰ ਫ਼ੈਜ਼ ਦੇ ਸ਼ਿਅਰ ਮੇਰੇ ਮੂੰਹੋਂ ਸੁਣਕੇ ਉਹ ਮੇਰਾ ਲੋਹਾ ਮੰਨ ਗਏ ਸਨ। ਸ਼ਿਅਰਾਂ ਉੱਤੇ ਵੱਜੀਆਂ ਤਾਲੀਆਂ ਦੀ ਗੜਗੜਾਹਟ ਅੱਜ ਵੀ ਕੰਨਾਂ ਵਿਚ, ਇਹ ਸਤਰਾਂ ਲਿਖਦਿਆਂ, ਗੂੰਜਣ ਲੱਗ ਪਈ ਹੈ:

ਐ ਖ਼ਾਕ-ਨਸ਼ੀਨੋ! ਉੱਠ ਬੈਠੋ,
ਵੁਹ ਵਕਤ ਕਰੀਬ ਆ ਪਹੁੰਚਾ ਹੈ,
ਜਬ ਤਖ਼ਤ ਗਿਰਾਏ ਜਾਏਂਗੇ,
ਜਬ ਤਾਜ ਉਛਾਲੇ ਜਾਏਂਗੇ।
ਅਬ ਟੂਟ ਗਿਰੇਂਗੀ ਜ਼ੰਜੀਰੇਂ,
ਅਬ ਜ਼ਿੰਦਾਨੋਂ ਕੀ ਖ਼ੈਰ ਨਹੀਂ,
ਜੋ ਦਰਿਆ ਝੂਮ ਕੇ ਉੱਠੇ ਹੈਂ,
ਤਿਨਕੋਂ ਸੇ ਨਾ ਟਾਲੇ ਜਾਏਂਗੇ।
ਕਟਤੇ ਭੀ ਚਲੋ, ਬੜ੍ਹਤੇ ਭੀ ਚਲੋ,
ਬਾਜ਼ੂ ਭੀ ਬਹੁਤ ਹੈਂ, ਸਰ ਭੀ ਬਹੁਤ,
ਚਲਤੇ ਭੀ ਚਲੋ ਕਿ ਅਬ ਡੇਰੇ,
ਮੰਜ਼ਲ ਪੇ ਹੀ ਡਾਲੇ ਜਾਏਂਗੇ।

ਅਗਲੇ ਮਹੀਨੇ ਪ੍ਰੋਫੈਸਰਾਂ ਦੀ ਨਿਗਰਾਨੀ ਵਿਚ 'ਕਾਲਿਜ ਸਟੂਡੈਂਟਸ ਕੌਂਸਲ' ਦੇ ਜਮਾਤਵਾਰ ਨੁਮਾਇੰਦਿਆਂ ਦੀਆਂ ਚੋਣਾਂ ਹੋਈਆਂ ਸਨ। ਆਪਣੀ ਜਮਾਤ ਵਿਚੋਂ ਮੈਂ ਤੇ ਤੂੰ ਨੁਮਾਇੰਦੇ ਚੁਣੇ ਗਏ ਸਾਂ। ਜਦੋਂ ਸਾਰੇ ਕਾਲਿਜ ਦੇ ਵਿਦਿਆਰਥੀਆਂ ਦੇ ਪ੍ਰਤੀਨਿਧਾਂ ਨੇ ਪ੍ਰਧਾਨ, ਸਕੱਤਰ ਤੇ ਹੋਰ ਅਹੁਦੇਦਾਰ ਚੁਣੇ, ਤਾਂ ਪ੍ਰਧਾਨ ਦੀ ਪਦਵੀ ਲਈ ਤਾਂ ਤਿੰਨ ਉਮੀਦਵਾਰਾਂ ਵਿਚਕਾਰ ਮੁਕਾਬਲਾ ਹੋਇਆ ਸੀ, ਪਰ ਸਕੱਤਰ ਮੈਂ ਬਿਨਾਂ ਮੁਕਾਬਲਾ ਚੁਣਿਆ ਗਿਆ ਸਾਂ। ਫ਼ੈਜ਼ ਦੀ ਸ਼ਾਇਰੀ ਤੇ ਮੇਰੇ ਤਰੱਨਮ ਨੇ ਮੇਰਾ ਕੱਦ-ਕਾਠ ਉੱਚਾ ਕਰ ਦਿੱਤਾ ਸੀ।

ਇਹਨਾਂ ਦਿਨਾਂ ਵਿਚ ਕਾਲਿਜ ਦੀ ਲਾਇਬਰੇਰੀ ਦਾ ਮਾਮਲਾ ਉੱਭਰ ਆਇਆ। ਕਾਲਿਜ

ਦੀ ਲਾਇਬਰੇਰੀ ਨਿੱਕੇ ਜਿਹੇ ਕਮਰੇ ਵਿਚ ਸੀ। ਸਰਕਾਰ ਵੱਲੋਂ ਲਾਇਬਰੇਰੀ ਦੀ ਖੁੱਲ੍ਹੀ ਇਮਾਰਤ ਲਈ ਰਕਮ ਮਨਜ਼ੂਰ ਹੋਈ ਪਈ ਸੀ। ਪੀ. ਡਬਲਿਯੂ. ਡੀ. ਨੂੰ ਉਸਾਰੀ ਦਾ ਕੰਮ ਸੌਂਪਿਆ ਜਾ ਚੁੱਕਾ ਸੀ। ਠੇਕੇਦਾਰ ਨੇ ਇੱਟਾਂ ਵੀ ਸੁਟਵਾਈਆਂ ਹੋਈਆਂ ਸਨ। ਪਰ ਇਮਾਰਤ ਨਹੀਂ ਬਣ ਰਹੀ ਸੀ। ਕਾਲਿਜ-ਕੌਂਸਲ ਪਾਸ ਮਾਮਲਾ ਆਇਆ। ਪ੍ਰੋਫੈਸਰ-ਇੰਚਾਰਜ ਦੀ ਸਲਾਹ ਨਾਲ ਪ੍ਰਸਤਾਵ ਪਾਸ ਕਰਕੇ ਪ੍ਰਿੰਸੀਪਲ ਸ: ਭਰਪੂਰ ਸਿੰਘ ਨੂੰ ਕਿਹਾ ਗਿਆ ਕਿ ਸਰਕਾਰ ਨੂੰ ਲਿਖ ਕੇ ਲਾਇਬਰੇਰੀ ਦੀ ਇਮਾਰਤ ਬਣਾਈ ਜਾਵੇ। ਮਹੀਨਾ ਲੰਘ ਗਿਆ। ਕੁਝ ਨਾ ਹੋਇਆ। ਲਾਇਬਰੇਰੀ ਦੀ ਬਹੁਤ ਔਖ ਐੱਮ. ਏ. ਦੀ ਜਮਾਤ ਨੂੰ ਸੀ। ਕਾਲਿਜ ਸਟੂਡੈਂਟਸ ਕੌਂਸਲ ਦਾ ਪ੍ਰਧਾਨ ਓਮ ਪ੍ਰਕਾਸ਼ ਮਾਰਕੰਡਾ ਐੱਮ. ਏ. ਦਾ ਵਿਦਿਆਰਥੀ ਸੀ। ਆਪਣੀ ਜਮਾਤ ਦੇ ਮੁੰਡੇ-ਕੁੜੀਆਂ ਦੇ ਚੁੱਕੇ-ਚੁਕਾਇਆਂ ਮੀਟਿੰਗ ਵਿਚ ਉਸ ਨੇ ਕਹਿ ਦਿੱਤਾ, ਸਰਕਾਰ ਨੂੰ ਲਾਇਬਰੇਰੀ ਦੀ ਇਮਾਰਤ ਬਣਾਉਣ ਬਾਰੇ ਅਲਟੀਮੇਟਮ ਦਿੱਤਾ ਜਾਏ। ਮੈਨੂੰ ਇਹ ਅਲਟੀਮੇਟਮ ਵਾਲੀ ਗੱਲ ਵਾਹਵਾ ਟੁਣਕਾਰਵੀਂ ਲੱਗੀ। ਮੈਂ ਸੁਣਿਆ-ਸੁਣਾਇਆ ਇਹ ਲਫ਼ਜ਼ ਵੀ ਬੋਲ ਦਿੱਤਾ, "ਜੇ ਅਲਟੀਮੇਟਮ ਦੀ ਮਿਆਦ ਪੂਰੀ ਹੋਣ ਤਕ ਲਾਇਬਰੇਰੀ ਨਾ ਬਣਨੀ ਸ਼ੁਰੂ ਹੋਈ, ਤਾਂ ਕਾਲਿਜ ਵਿਚ ਹੜਤਾਲ ਕੀਤੀ ਜਾਵੇਗੀ। ਹੜਤਾਲ! ਹੜਤਾਲ!! ਹੜਤਾਲ!!!" ਕਈ ਮੈਂਬਰਾਂ ਨੇ ਮੇਰੇ ਲਫ਼ਜ਼ ਦੁਹਰਾਏ। ਪਰ ਕੌਂਸਲ ਦੇ ਇੰਚਾਰਜ-ਪ੍ਰੋਫੈਸਰ ਸ: ਦੀਦਾਰ ਸਿੰਘ ਨੇ ਸਲਾਹ ਦਿੱਤੀ, "ਇਹ ਜ਼ਰੂਰ ਲਿਖ ਕੇ ਭੇਜੋ ਕਿ ਫਲਾਣੀ ਤਾਰੀਖ ਤਕ ਲਾਇਬਰੇਰੀ ਬਣਾਈ ਜਾਏ, ਪਰ ਹੜਤਾਲ ਦੀ ਧਮਕੀ ਨਾ ਲਿਖੋ।" ਸੋ, ਹੜਤਾਲ ਦੀ ਗੱਲ ਲਿਖਤ ਵਿਚ ਨਹੀਂ ਆਈ। ਪਰ ਕਾਲਿਜ ਵਿਚ ਇਹ ਗੱਲ ਚੱਕਰ ਕੱਟਣ ਲੱਗੀ, ਜੇ ਲਾਇਬਰੇਰੀ ਨਾ ਬਣੀ ਤਾਂ ਹੜਤਾਲ ਕੀਤੀ ਜਾਏਗੀ।

ਮਹੀਨੇ ਕੁ ਬਾਅਦ ਕਰਾਮਾਤ ਹੋ ਗਈ। ਲਾਇਬਰੇਰੀ ਦੀ ਇਮਾਰਤ ਬਣਨੀ ਸ਼ੁਰੂ ਹੋ ਗਈ। ਸਾਨੂੰ ਗੁਮਾਨ ਹੋ ਗਿਆ, ਕਰੜੇ ਸ਼ਬਦ ਕੰਮ ਕਰਵਾ ਦਿੰਦੇ ਹਨ।

ਪਰ ਕੰਮ ਕਿਤੇ ਇਕ ਸੀ? ਸਰਕਾਰ ਨੇ ਫ਼ੈਸਲਾ ਕੀਤਾ ਸੀ, ਤਿੰਨ ਰੁਪਏ ਮਹੀਨਾ ਦੇ ਕੇ ਹਰ ਵਿਦਿਆਰਥੀ ਬੱਸ ਦਾ ਪਾਸ ਹਾਸਲ ਕਰ ਸਕਦਾ ਹੈ ਪਰ ਗ਼ੈਰ-ਸਰਕਾਰੀ ਬੱਸਾਂ ਦੇ ਮਾਲਕ ਤੇ ਸਟਾਫ਼ ਅਤੇ ਸਰਕਾਰੀ ਬੱਸਾਂ ਦੇ ਡਰਾਈਵਰ ਤੇ ਕੰਡਕਟਰ, ਆਪਣੀਆਂ ਮਾਵਾਂ ਦੇ ਖ਼ਸਮ, ਸਾਨੂੰ ਪਾੜ੍ਹਿਆਂ ਨੂੰ ਨਿਕੰਮੇ, ਵਿਹਲੜ, ਆਵਾਰਾਗਰਦ ਤੇ ਮੁਫ਼ਤ-ਖ਼ੋਰੇ ਸਮਝਦੇ ਸਨ। ਅੱਵਲ ਤਾਂ ਬੱਸ ਰੋਕਦੇ ਨਹੀਂ ਸਨ। ਜੇ ਰੋਕਦੇ ਸਨ, ਤਾਂ ਮੱਥੇ 'ਤੇ ਤੀਊੜੀ ਪਾ ਕੇ ਕਹਿ ਦਿੰਦੇ ਸਨ—"ਇਹ ਲੰਬੇ ਰੂਟ ਦੀ ਬੱਸ ਹੈ। ਤੁਸੀਂ ਪਾਸ ਵਾਲੇ ਮੁੰਡੇ ਲੋਕਲ ਬੱਸ ਵਿਚ ਆਇਉ।" ਇਹ ਗੱਲ ਕਿਵੇਂ ਚੱਲ ਸਕਦੀ ਸੀ? ਬਲਾਚੌਰੀਏ ਮੁੰਡਿਆਂ ਦਾ ਰੋਪੜ ਬੱਸ ਸਰਵਿਸ ਦੇ ਡਰਾਈਵਰ ਤੇ ਕੰਡਕਟਰ ਨਾਲ ਝਗੜਾ ਹੋਇਆ। ਉਹਨਾਂ ਨੇ ਬਲਾਚੌਰੀਆਂ ਨੂੰ ਬੱਸ ਵਿਚੋਂ ਧੱਕੇ ਮਾਰ ਕੇ ਹੇਠਾਂ ਉਤਾਰ ਦਿੱਤਾ। ਉਹ ਕਾਲਿਜੋਂ ਪੰਜਾਹ ਮੁੰਡੇ ਇਕੱਠੇ ਕਰਕੇ ਲੈ ਗਏ, ਤੇ ਪਹਿਲਾਂ ਜ਼ਬਰਦਸਤੀ ਬੱਸਾਂ ਰੋਕੀਆਂ, ਤੇ ਫੇਰ ਰੋਪੜ ਵਾਲਿਆਂ ਦੀ ਇਕ ਬੱਸ, ਕਾਲਿਜ ਮੂਹਰੇ ਲੂਹ ਦਿੱਤੀ। ਡਰਾਈਵਰਾਂ ਤੇ ਕੰਡਕਟਰਾਂ ਬੱਸ-ਅੱਡੇ ਵਿਚ ਪੰਦਰਾਂ ਵੀਹ ਬੱਸਾਂ ਉਲਟੇ-ਦਾਅ ਖੜ੍ਹੀਆਂ ਕਰਕੇ ਬੱਸ-ਅੱਡਾ ਜਾਮ ਕਰ ਦਿੱਤਾ। ਮਾਮਲਾ ਪਹਿਲਾਂ ਪੁਲਸ ਪਾਸ ਗਿਆ। ਫੇਰ, ਡਿਪਟੀ-ਕਮਿਸ਼ਨਰ ਸ: ਮਨੋਹਰ ਸਿੰਘ ਪਾਸ। ਡਿਪਟੀ ਕਮਿਸ਼ਨਰ ਨੇ ਬੱਸਾਂ ਦੇ ਕੰਡਕਟਰ ਤੇ ਮੁੰਡੇ ਆਹਮੋ-ਸਾਹਮਣੇ ਬੈਠਾਏ। ਫੈਸਲਾ ਹੋਇਆ, ਫਲਾਣੇ ਫਲਾਣੇ ਰੂਟ ਵਾਲੀਆਂ ਬੱਸਾਂ ਛੱਡਕੇ, ਵਿਦਿਆਰਥੀ, ਜਿਹਨਾਂ ਪਾਸ ਪਾਸ ਹਨ, ਹਰ ਬੱਸ ਵਿਚ ਬੈਠ ਸਕਦੇ ਹਨ। ਗੱਲਬਾਤ ਵਿਚ ਮੈਂ ਵੀ ਸ਼ਾਮਲ ਸੀ। ਸਮਝਿਆ, ਸਾਡੀ ਮੁੱਛ ਉੱਚੀ ਹੋ ਗਈ ਹੈ।

ਸਾਲ ਲੰਘ ਗਿਆ। ਪ੍ਰਿੰਸੀਪਲ ਭਰਪੂਰ ਸਿੰਘ ਚਲੇ ਗਏ। ਪੰਡਿਤ ਮਿਸ਼ਰਾ ਪ੍ਰਿੰਸੀਪਲ ਲੱਗ ਕੇ ਆ ਗਏ। ਤੈਨੂੰ ਯਾਦ ਹੋਣੈਂ, ਆਪਾਂ ਨੂੰ ਮਿਸ਼ਰਾ ਦੀ ਤੱਕਣੀ ਹੀ ਠੀਕ ਨਹੀਂ ਲੱਗੀ ਸੀ।

ਪ੍ਰਿੰਸੀਪਲ ਭਰਪੂਰ ਸਿੰਘ ਬਾਰੇ ਤਾਂ ਲੋਕ ਨਾਥ ਦੀ ਲਿਖੀ ਹੋਈ ਕੱਵਾਲੀ ਦਾ ਸ਼ਿਅਰ ਮੈਨੂੰ

ਅੱਜ ਤਕ ਯਾਦ ਹੈ:

ਕਾਕਾ ਕਾਕਾ ਕਹਿਕੇ ਭਰਮਾ ਲੈਂਦਾ,
ਪ੍ਰਿੰਸੀਪਲ ਬੜਾ ਜੁਗਤੀ

ਪਰ ਡਾਕਟਰ ਮਿਸ਼ਰਾ ਭਰਮਾਉਣ ਤੇ ਵੁਸਲਾਉਣ ਦਾ ਢੰਗ ਜਾਣਦੇ ਹੀ ਨਹੀਂ ਸਨ। ਉਹਨਾਂ ਨੂੰ ਧਮਕਾਉਣ ਤੇ ਡਰਾਉਣ ਦਾ ਢੰਗ ਹੀ ਆਉਂਦਾ ਸੀ।

ਨਵੇਂ ਸਾਲ ਦੀ ਕਾਲਿਜ ਕੌਂਸਲ ਦਾ ਪ੍ਰਤੀਨਿਧ ਤੇ ਸਕੱਤਰ ਮੈਂ ਫੇਰ ਚੁਣਿਆ ਗਿਆ ਸਾਂ। ਤੈਨੂੰ ਯਾਦ ਹੋਣੈਂ, ਪਹਿਲਾਂ ਨੇਮ ਇਹ ਸੀ, ਜੇ ਕਿਸੇ ਵਿਦਿਆਰਥੀ ਨੇ ਤਿਮਾਹੀ ਜਾਂ ਛਿਮਾਹੀ ਇਮਤਿਹਾਨ ਨਹੀਂ ਦਿੱਤਾ ਹੁੰਦਾ ਸੀ, ਤਾਂ ਦੋ ਰੁਪਏ ਫੀ ਪਰਚਾ ਜੁਰਮਾਨਾ ਹੁੰਦਾ ਸੀ। ਪ੍ਰਿੰਸੀਪਲ ਮਿਸ਼ਰਾ ਨੇ ਪਹਿਲੀ ਤਿਮਾਹੀ ਦੇ ਇਮਤਿਹਾਨਾਂ ਦੀ ਰਿਪੋਰਟ ਦੇਖ ਕੇ ਗ਼ੈਰ-ਹਾਜ਼ਰ ਵਿਦਿਆਰਥੀਆਂ ਦੀਆਂ ਫੀਸ-ਮੁਆਫੀਆਂ ਰੱਦ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ। ਜਗਤਪੁਰ ਦਾ ਗਰੀਬੜਾ ਜਿਹਾ ਮੁੰਡਾ ਸੀ ਨਿਰਵੈਰ ਸਿੰਘ। ਅੱਜ ਕੱਲ੍ਹ ਸਕੂਲ-ਮਾਸਟਰ ਐ। ਕਈ ਵਾਰ ਮਿਲਦਾ ਹੁੰਦੈ। ਮੈਨੂੰ ਕਹਿਣ ਲੱਗਾ, ਮੇਰੇ ਨਾਲ ਪ੍ਰਿੰਸੀਪਲ ਸਾਹਿਬ ਪਾਸ ਚੱਲ। ਮੈਂ ਪ੍ਰਿੰਸੀਪਲ ਭਰਪੂਰ ਸਿੰਘ ਦੇ ਵੇਲੇ ਤੋਂ ਹੀ ਚਿਕ ਚੁੱਕ ਕੇ ਅੰਦਰ ਚਲੇ ਜਾਣ ਦਾ ਆਦੀ ਸਾਂ। ਉਸ ਦਿਨ ਵੀ ਚਲਾ ਗਿਆ।

"ਕਿੱਧਰ ਨੂੰ ਮੂੰਹ ਚੁੱਕੀ ਤੁਰੇ ਆਉਂਦੇ ਓ?" ਪ੍ਰਿੰਸੀਪਲ ਮਿਸ਼ਰਾ ਗਰਜੇ।

ਮੈਨੂੰ ਬੜੀ ਹਤਕ ਮਹਿਸੂਸ ਹੋਈ। ਪਹਿਲਾਂ ਘਬਰਾਇਆ। ਪਰ ਫੇਰ ਹੌਸਲਾ ਕਰਕੇ ਕਿਹਾ—"ਸਰ, ਮੈਂ ਕੌਂਸਲ ਦਾ ਸਕੱਤਰ ਹਾਂ।"

"ਕੌਂਸਲ ਦਾ ਸਕੱਤਰ ਹੈਂ, ਤਾਂ ਲਾਟ ਸਾਹਿਬ ਤਾਂ ਨਹੀਂ। ਚਪੜਾਸੀ ਬਾਹਰ ਕਿਸ ਕੰਮ ਲਈ ਬੈਠਾ ਹੈ? ਉਸ ਹੱਥ ਚਿੱਟ ਲਿਖ ਕੇ ਭੇਜੋ। ਅੰਦਰ ਆਉਣ ਦੀ ਆਗਿਆ ਲਉ।"

ਹੈਗੇ ਤਾਂ ਸੀ ਅਸੀਂ ਤੇਰ੍ਹਵੀਂ ਜਮਾਤ ਵਿਚ ਪੜ੍ਹਦੇ ਮੁੰਡੇ-ਖੁੰਡੇ ਈ, ਤਾਂ ਵੀ ਪ੍ਰਿੰਸੀਪਲ ਦੀਆਂ ਗੱਲਾਂ ਸੁਣਕੇ ਬੜੀ ਕੌੜ ਚੜ੍ਹੀ। ਸਾਲਾ ਮੇਰਾ ਪ੍ਰਿੰਸੀਪਲੀ ਦਾ ਰੋਅਬ ਛਾਂਟਦੈ! ਹੈ ਕੀ ਛਟਾਂਕੀ ਜਿਹੀ? ਜੇ ਮੈਨੂੰ ਗੁੱਸਾ ਆ ਗਿਆ, ਤਾਂ ਮੈਂ ਸਣੇ ਕੁਰਸੀ ਚੁੱਕ ਕੇ ਬਾਹਰ ਵਿਹੜੇ ਵਿਚ ਮਾਰੂੰਗਾ। ਮੈਂ ਤਾਂ ਢਾਈ ਮਣ ਦੀ ਬੋਰੀ ਚੁੱਕ ਕੇ ਬਾਲਾ ਕੱਢ ਦਿੰਨਾਂ। ਖ਼ੈਰ! ਗੁੱਸੇ ਨੂੰ ਰੋਕਿਆ। ਨਰਮਾਈ ਨਾਲ ਆਖਿਆ—"ਸਰ! ਇਹ ਨਿਰਵੈਰ ਸਿੰਘ ਗ਼ਰੀਬ ਘਰ ਦਾ ਮੁੰਡਾ ਐ। ਪਿਉ ਨਹੀਂ। ਫੀਸ ਨਹੀਂ ਦੇ ਸਕਦਾ। ਇਸ ਦੀ ਫੀਸ ਮਾਫ਼ ਰਹਿਣ ਦਿਉ।"

"ਨਲੈਕਾਂ ਨੂੰ ਫੀਸ-ਮਾਫ਼ੀ ਦੀ ਸਹੂਲਤ ਨਹੀਂ ਮਿਲ ਸਕਦੀ। ਜਿਹੜੇ ਨਲੈਕ ਐ, ਇਮਤਿਹਾਨ ਨਹੀਂ ਦਿੰਦੇ, ਉਹ ਕਿਸੇ ਰਿਆਇਤ ਦੇ ਹੱਕਦਾਰ ਨਹੀਂ।"

"ਸਰ! ਮੈਂ ਮਜਬੂਰੀ 'ਚ ਪਰਚੇ ਨਹੀਂ ਦੇ ਸਕਿਆ।" ...ਨਿਰਵੈਰ ਸਿੰਘ ਗਿੜਗੜਾਇਆ।

"ਰੂਲ ਇਜ਼ ਰੂਲ। ਤਿਮਾਹੀ ਤੇ ਛਿਮਾਹੀ ਇਮਤਿਹਾਨਾਂ ਵਿਚੋਂ ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਦੀ ਫੀਸ-ਮਾਫ਼ੀ ਨਹੀਂ ਜਾਰੀ ਰਹਿ ਸਕਦੀ। ਨਾਉ ਗੋ ਆਊਟ, ਐਂਡ ਨੈਵਰ ਕਮ ਇਨ ਵਿਦਆਊਟ ਪਰਮਿਸ਼ਨ (ਹੁਣ ਬਾਹਰ ਜਾਉ, ਤੇ ਬਿਨਾਂ ਆਗਿਆ ਕਦੇ ਅੰਦਰ ਨਾ ਆਉ)।"

ਐਉਂ ਲੱਗਾ, ਜਿਵੇਂ ਨਿਰਵੈਰ ਦੇ ਹੀ ਨਹੀਂ, ਮੇਰੇ ਵੀ ਸਿਰ ਖੇਹ ਪੈ ਗਈ ਐ। ਚੰਗੇ ਭਲੇ ਇਨਸਾਨ ਮਿੱਟੀ ਹੋ ਗਏ। ਇਹ ਵੀ ਮਹਿਸੂਸ ਕੀਤਾ, ਅੰਦਰ ਬੈਠਾ ਇਕ ਆਦਮੀ, ਜੋ ਇਕ ਘਸੁੰਨ ਦੀ ਮਾਰ ਨਹੀਂ, ਸਿਰਫ ਪ੍ਰਿੰਸੀਪਲ ਦੀ ਪਦਵੀ ਹੋਣ ਕਰਕੇ, ਸਾਡੀ ਸਾਰਿਆਂ ਦੀ ਬੇਇਜ਼ਤੀ ਕਰ ਰਿਹਾ ਹੈ। ਅੱਜ ਪੱਚੀ ਸਾਲ ਲੰਘ ਜਾਣ ਤੋਂ ਬਾਅਦ ਵੀ ਮੈਨੂੰ ਇਉਂ ਨਹੀਂ ਮਹਿਸੂਸ ਹੋ ਰਿਹਾ ਕਿ ਪ੍ਰਿੰਸੀਪਲ ਮਿਸ਼ਰਾ ਸਤਿਕਾਰਯੋਗ ਪ੍ਰੋਫ਼ੈਸਰ ਜਾਂ ਪ੍ਰਿੰਸੀਪਲ ਸਨ। ਪੜ੍ਹਾਇਆ ਤਾਂ ਉਸ ਨੇ ਸਾਨੂੰ ਕਦੀ ਵੀ ਨਹੀਂ। ਪਰ ਮੇਰਾ ਯਕੀਨ ਐ ਪੜ੍ਹਾਉਣ ਵੇਲੇ ਵੀ ਉਸ ਦਾ ਆਦਰ-ਮਾਣ ਨਹੀਂ ਹੁੰਦਾ ਹੋਣੈ।

ਮੈਨੂੰ ਲਗਦੈ, ਉਸ ਦੇ ਅੰਦਰ ਕੋਈ ਗੰਢ ਸੀ। ਉਸਨੂੰ ਸਾਰੀ ਦੁਨੀਆਂ ਦੁਸ਼ਮਣ ਲਗਦੀ ਸੀ। ਦੁਸ਼ਮਣ-ਦੁਨੀਆਂ ਨੂੰ ਉਹ ਘੂਰ ਕੇ ਤੇ ਕਰੜੇ ਸ਼ਬਦ ਬੋਲਕੇ ਜਿੱਤਣਾ ਚਾਹੁੰਦਾ ਸੀ। ਪਰ ਜਿੱਤਣ ਦੀ ਥਾਂ ਦੁਸ਼ਮਣੀ ਸਹੇੜੀ ਗਿਆ।

ਉਸ ਦਿਨ ਮੈਂ ਤਾਂ ਉਸ ਦਾ ਦੁਸ਼ਮਣ ਬਣ ਗਿਆ। ਰੱਦ ਹੋਈਆਂ ਫੀਸ-ਮੁਆਫ਼ੀਆਂ ਬਾਰੇ ਕਾਲਿਜ ਸਟੂਡੈਂਟਸ ਕੌਂਸਲ ਦੀ ਮੀਟਿੰਗ ਸੱਦਣ ਬਾਰੇ ਪ੍ਰੋਫੈਸਰ-ਇੰਚਾਰਜ ਸ: ਦੀਦਾਰ ਸਿੰਘ ਨਾਲ ਗੱਲ ਕੀਤੀ। ਉਹਨਾਂ ਨੇ ਕਿਹਾ-"ਪ੍ਰਿੰਸੀਪਲ ਸਾਹਿਬ ਦੇ ਹੁਕਮ ਉੱਤੇ ਕਾਲਿਜ ਕੌਂਸਲ ਨੁਕਤਾਚੀਨੀ ਨਹੀਂ ਕਰ ਸਕਦੀ। ਨਾਲ ਹੀ ਇਹ ਨਿਯਮ ਤਾਂ ਹੈ ਹੀ ਕਿ ਤਿਮਾਹੀ ਜਾਂ ਛਿਮਾਹੀ ਇਮਤਿਹਾਨ ਵਿਚ ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਦੀ ਫੀਸ-ਮਾਫ਼ੀ ਰੱਦ ਹੋ ਸਕਦੀ ਹੈ। ਕਾਲਿਜ-ਪ੍ਰਾਸਪੈਕਟੱਸ ਵਿਚ ਇਹ ਗੱਲ ਛਪੀ ਹੋਈ ਹੈ। ਇਹ ਵੱਖਰੀ ਗੱਲ ਹੈ ਕਿ ਬਹੁਤੇ ਪ੍ਰਿੰਸੀਪਲ ਇਹ ਨਿਯਮ ਲਾਗੂ ਨਹੀਂ ਕਰਦੇ।"

ਇਕ ਵਾਰ ਫੇਰ ਗੁੱਸਾ ਆਇਆ। ਪ੍ਰੋਫੈਸਰ ਸਾਹਿਬ ਉੱਤੇ ਨਹੀਂ। ਆਪਣੀ ਬੇਵਸੀ ਉੱਤੇ। ਜੋ ਗੱਲ ਸਾਨੂੰ ਗਲਤ ਲਗਦੀ ਹੈ, ਕੀ ਉਸਦਾ ਕੋਈ ਇਲਾਜ ਨਹੀਂ? ਕੀ ਅਸੀਂ ਮੱਛੀਆਂ ਆਂ, ਜੋ ਜਾਲ ਵਿਚ ਫਸ ਗਈਆਂ ਹਾਂ? ਅਸੀਂ ਦੋ ਬਾਹਾਂ ਵਾਲੇ, ਦੋ ਲੱਤਾਂ, ਅੱਖਾਂ ਤੇ ਜੀਭ ਵਾਲੇ ਇਨਸਾਨ ਹਾਂ। ਸਾਡੇ ਪਾਸ ਦਿਮਾਗ਼ ਹੈ। ਅਸੀਂ ਸੋਚ ਸਕਦੇ ਹਾਂ। ਅਸੀਂ ਮਹਿਸੂਸ ਕਰਦੇ ਹਾਂ। ਫੇਰ, ਫਸੀਆਂ ਮੱਛੀਆਂ ਵਾਂਗ ਕਿਉਂ ਤੜਫਦੇ ਹਾਂ? ਅਸੀਂ ਕੁਝ ਕਰ ਕਿਉਂ ਨਹੀਂ ਸਕਦੇ?

ਉਹਨਾਂ ਦਿਨਾਂ ਵਿਚ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵਿਚ ਉਪ-ਕੁਲਪਤੀ ਨਾਲ ਵਿਦਿਆਰਥੀਆਂ ਦੀ ਟੱਕਰ ਹੋ ਗਈ।...ਉਪਕੁਲਪਤੀ ਨੇ ਪੁਲਸ ਬੁਲਾ ਲਈ। ਪੁਲਸ ਦੀ ਧਾੜ ਨੇ ਪਾੜ੍ਹੇ-ਮੁੰਡਿਆਂ ਉੱਤੇ ਲਾਠੀਆਂ ਉੱਘਰੀਆਂ। ਖੇਤੀਬਾੜੀ ਯੂਨੀਵਰਸਿਟੀ ਦੇ ਮੁੰਡੇ-ਕੁੜੀਆਂ ਆਮ ਕਾਲਿਜਾਂ ਦੇ ਡਰੂ-ਮੁੰਡੇ ਕੁੜੀਆਂ ਤਾਂ ਹੁੰਦੇ ਨਹੀਂ। ਖਾਂਦੇ ਪੀਂਦੇ ਪੇਂਡੂਆਂ ਦੇ ਪੁੱਤਰ ਧੀਆਂ ਹੁੰਦੇ ਐ। ਉਂਝ ਵੀ ਚੰਗੇ ਨੰਬਰ ਲਏ ਬਿਨਾਂ ਉੱਥੇ ਦਾਖਲਾ ਨਹੀਂ ਮਿਲਦਾ। ਉਹਨਾਂ ਨੂੰ ਇਹ ਵੀ ਯਕੀਨ ਹੁੰਦਾ ਹੈ, ਡਿਗਰੀ ਲੈਂਦੇ ਸਾਰ ਸਾਨੂੰ ਚੰਗੀ ਤਨਖਾਹ ਵਾਲੀ ਨੌਕਰੀ ਮਿਲ ਜਾਣੀ ਹੈ। ਉਹ ਕੀ ਸਮਝਦੇ ਐ, ਪੰਜਾਬ ਪੁਲਸ ਦੇ ਸਿਪਾਹੀਆਂ ਨੂੰ, ਜਿਹਨਾਂ ਵਿਚੋਂ ਕਈਆਂ ਨੇ ਦਸਵੀਂ ਵੀ ਪਾਸ ਨਹੀਂ ਕੀਤੀ ਹੁੰਦੀ। ਡਾਂਗਾਂ ਕੀ ਪਈਆਂ, ਖੇਤੀਬਾੜੀਏ ਬਿਫਰ ਗਏ। ਬਣ ਰਹੇ ਕਿਸਾਨ-ਭਵਨ ਦੀਆਂ ਖਿਲਰੀਆਂ ਇੱਟਾਂ ਹਥਿਆਰ ਬਣਾ ਲਈਆਂ। ਪੰਜਾਹ ਪੁਲਸੀਏ। ਪੰਜ ਸੌ ਪਾੜ੍ਹਾ। ਇੱਟਾਂ ਦੀ ਐਸੀ ਬਾਰਸ਼ ਕੀਤੀ ਕਿ ਪੁਲਸੀਆਂ ਨੂੰ ਲੁਕਣ ਲਈ ਥਾਂ ਨਾ ਲੱਭੇ। ਇਕ ਇੱਟ ਥਾਣੇਦਾਰ ਦੀ ਕੁੱਲੇ ਵਾਲੀ ਪਗੜੀ ਨੂੰ ਵੀ ਲੱਗੀ। ਖਿਝੇ ਹੋਏ ਥਾਣੇਦਾਰ ਨੇ ਨੇੜੇ ਖੜ੍ਹੇ ਬੰਦੂਕਧਾਰੀ ਸਿਪਾਹੀ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਦੋ ਮੁੰਡੇ ਸ਼ਹੀਦ ਹੋ ਗਏ। ਉਸ ਵੇਲੇ ਤਾਂ ਮੁੰਡੇ ਖਿਲਰ ਗਏ, ਪਰ ਪਿੱਛੋਂ ਇਕੱਠੇ ਹੋ ਕੇ ਪੁਲਸੀ ਜਬਰ ਵਿਰੁੱਧ ਅਗਲੇ ਦਿਨ ਸਭ ਯੂਨੀਵਰਸਿਟੀਆਂ ਤੇ ਕਾਲਿਜਾਂ ਵਿਚ ਹੜਤਾਲ ਦਾ ਸੱਦਾ ਦੇ ਦਿੱਤਾ।

ਸੁੱਕੀਆਂ ਲੱਕੜਾਂ ਵਿਚ ਚੰਗਿਆੜੀ ਡਿੱਗ ਪਈ ਸੀ ਤੇ ਅੱਗ ਲਟ ਲਟ ਬਲਨ ਲੱਗੀ ਸੀ। ਮੁੱਖ ਮੰਤਰੀ ਕਿਉਂਕਿ ਘਾਗ ਸਿਆਸਤਦਾਨ ਸੀ, ਇਸ ਕਰਕੇ ਜਾਣਦਾ ਸੀ ਕਿ ਜੇ ਵਿਦਿਆਰਥੀ-ਅੰਦੋਲਨ ਫੈਲ ਗਿਆ ਤਾਂ ਉਹਦੀ ਗੱਦੀ ਖਤਰੇ ਵਿਚ ਪੈ ਸਕਦੀ ਹੈ। ਉਸ ਨੇ ਰਾਤੋ ਰਾਤ ਦੋ ਕਦਮ ਚੁੱਕੇ। ਲੁਧਿਆਣੇ ਦੀਆਂ ਵਾਰਦਾਤਾਂ ਦੀ ਅਦਾਲਤੀ ਪੜਤਾਲ ਦਾ ਹੁਕਮ ਦੇ ਦਿੱਤਾ। ਪੰਜਾਬ ਭਰ ਦੇ ਡਿਪਟੀ ਕਮਿਸ਼ਨਰਾਂ ਤੇ ਪ੍ਰਿੰਸੀਪਲਾਂ ਨੂੰ ਆਦੇਸ਼ ਜਾਰੀ ਹੋਏ, ਨਰਮੀ ਨਾਲ ਵਿਦਿਆਰਥੀਆਂ ਨੂੰ ਮਨਾਉ ਕਿ ਹੜਤਾਲ ਨਾ ਕਰਨ ਤੇ ਪੜ੍ਹਾਈ ਜਾਰੀ ਰੱਖਣ।

ਪਰ ਡਾਕਟਰ ਮਿਸ਼ਰਾ ਤਾਂ ਨਰਮੀ ਕਰਨੀ ਸਿੱਖਿਆ ਹੀ ਨਹੀਂ ਸੀ।

ਸਵੇਰੇ ਸਾਡੇ ਕਾਲਿਜ ਦੇ ਵਿਦਿਆਰਥੀ, ਕਲਾਸਾਂ ਵਿਚ ਜਾਣ ਦੀ ਥਾਂ, ਪ੍ਰਿੰਸੀਪਲ ਦੇ

ਦਫਤਰ ਦੇ ਸਾਹਮਣੇ ਇਕੱਠੇ ਹੋਏ ਆਪੋ-ਵਿਚੀ ਇਕ-ਦੂਜੇ ਨੂੰ ਪੁੱਛ ਰਹੇ ਸਨ, ਅੱਜ ਹੜਤਾਲ ਕਰਨੀ ਹੈ, ਜਾਂ ਜਮਾਤਾਂ ਲੱਗਣਗੀਆਂ? ਜੇ ਪ੍ਰਿੰਸੀਪਲ ਸਾਹਿਬ ਪ੍ਰੋਫੈਸਰ ਸਾਹਿਬਾਨ ਨੂੰ ਕਹਿੰਦੇ, ਜਾਉ, ਬੱਚਿਆਂ ਨੂੰ ਮਨਾਉ, ਤੇ ਪੜ੍ਹਾਈ ਸ਼ੁਰੂ ਕਰੋ, ਤਾਂ ਪੜ੍ਹਾਈ ਸ਼ੁਰੂ ਹੋ ਜਾਣੀ ਸੀ। ਪਰ ਪ੍ਰਿੰਸੀਪਲ ਸਾਹਿਬ ਧੁੱਸ ਦੇ ਕੇ ਭੀੜ ਵਿਚ ਆ ਵੜੇ।

"ਤੁਸੀਂ ਇਥੇ ਕੀ ਕਰਦੇ ਓ? ਤੁਹਾਨੂੰ ਪਤਾ ਨਹੀਂ, ਜਮਾਤਾਂ ਦਾ ਟਾਈਮ ਐ? ਜਿਹੜਾ ਜਮਾਤ ਨਹੀਂ ਲਾਏਗਾ, ਮੈਂ ਉਸਨੂੰ ਸਜ਼ਾ ਦਿਆਂਗਾ। ਮੈਂ ਮਰਿਯਾਦਾ-ਹੀਣਤਾ ਬਿਲਕੁਲ ਨਹੀਂ ਬਰਦਾਸ਼ਤ ਕਰ ਸਕਦਾ। ਤੁਸੀਂ ਅਨਪੜ੍ਹ ਤੇ ਜਾਹਲ ਲੋਕਾਂ ਵਾਂਗ ਵਿਹਾਰ ਕਰਦੇ ਓ। ਜੇ ਮਾਂ ਪਿਉ ਅਨਪੜ੍ਹ ਐ, ਤਾਂ ਤੁਸੀਂ ਖਾਨਦਾਨੀ ਜਹਾਲਤ ਛੱਡਣੀ ਈ ਨਹੀਂ?" ਪ੍ਰਿੰਸੀਪਲ ਨੇ ਕਿਹਾ।

"ਇਹਦੀ ਏਹੀ ਤੇਹੀ ਫੇਰੀ ਕੁੱਤੇ ਬਾਹਮਣ ਦੀ। ਸਾਡੇ ਖਾਨਦਾਨਾਂ ਤਕ ਜਾਂਦੈ। ਸਾਡੇ ਬਾਪੂਆਂ ਨੂੰ ਗਾਲ੍ਹਾਂ ਕਢਦਾ ਪਿਐ।" ਮੇਰੇ ਮਨ ਨੇ ਭੁੰਕਾਰਾ ਮਾਰਿਆ। ਨਿਰਵੈਰ ਸਿੰਘ ਨੂੰ ਦਫਤਰ ਵਿਚ ਲਿਜਾਣ ਵਾਲੀ ਬੇਇਜ਼ਤੀ ਦਾ ਡੰਗ ਤਾਂ ਪਹਿਲਾਂ ਹੀ ਰੜਕਦਾ ਪਿਆ ਸੀ। ਸੋ, ਮੈਂ ਨਾਅਰਾ ਲਾਇਆ-

"ਪ੍ਰਿੰਸੀਪਲ ਡਾਕਟਰ ਮਿਸ਼ਰਾ"

"ਮੁਰਦਾਬਾਦ!"

ਜਵਾਬ ਮੱਠਾ ਮਿਲਿਆ।

"ਓਹ ਕਾਇਰੋ। ਗਿੱਦੜੋ। ਤੁਹਾਡੀ ਅਣਖ ਮਰ ਗਈ ਹੈ? ਜੇ ਏਸ ਪ੍ਰਿੰਸੀਪਲ ਅੱਗੇ ਲਿਫ ਗਏ, ਤਾਂ ਕਲ੍ਹ ਨੂੰ ਤੁਹਾਨੂੰ ਵੀ ਪੁਲਸ ਗੋਲੀਆਂ ਮਾਰ ਕੇ ਸ਼ਹੀਦ ਕਰੇਗੀ। ਮੇਰੇ ਨਾਅਰੇ ਦਾ ਜਵਾਬ ਵੀ ਨਹੀਂ ਦੇ ਸਕਦੇ? ਗੱਜ ਕੇ ਬੋਲੋ-" ਮੈਂ ਵੰਗਾਰਿਆ।

"ਪ੍ਰਿੰਸੀਪਲ ਡਾ: ਮਿਸ਼ਰਾ"

"ਮੁਰਦਾਬਾਦ।"

ਐਤਕੀਂ ਜਵਾਬ ਵਾਹਵਾ ਗੂੰਜਵਾਂ ਆਇਆ। ਮੈਂ ਵਾਰ ਵਾਰ ਪ੍ਰਿੰਸੀਪਲ ਮੁਰਦਾਬਾਦ ਕਰਾਇਆ। ਨਾਲ ਨਾਲ ਪ੍ਰਿੰਸੀਪਲ ਵੱਲ ਨੂੰ ਵਧਦਾ ਗਿਆ। ਮੁੰਡਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ ਤੇ ਦੂਰ ਕੈਨਟੀਨ ਤਕ ਫੈਲ ਗਈ ਸੀ। ਪ੍ਰਿੰਸੀਪਲ ਸਾਹਿਬ ਪਿੱਛੇ ਹਟ ਕੇ ਦਫਤਰ ਵੱਲ ਜਾਣ ਦੀ ਥਾਂ ਰਾਵਣ ਦੇ ਗੱਡੇ ਪੁਤਲੇ ਵਾਂਗ ਅੱਖਾਂ ਟੱਡੀ ਖੜ੍ਹੇ ਰਹੇ। ਮੈਂ ਨੇੜੇ ਗਿਆ ਤਾਂ ਉਹਨਾਂ ਚਪੇੜ ਇਉਂ ਉੱਘਰੀ ਜਿਵੇਂ ਮੇਰੇ ਮੂੰਹ 'ਤੇ ਮਾਰਨਗੇ।

ਇਸ ਵੇਲੇ ਕੈਨਟੀਨ ਵੱਲੋਂ ਕਿਸੇ ਨੇ ਟਮਾਟਰ ਚੁੱਕ ਕੇ ਪ੍ਰਿੰਸੀਪਲ ਸਾਹਿਬ ਵੱਲ ਮਾਰਿਆ। ਟਮਾਟਰ ਫਟ ਗਿਆ, ਤੇ ਟਮਾਟਰ ਦਾ ਲਾਲ ਗੁੱਦਾ ਪ੍ਰਿੰਸੀਪਲ ਦੇ ਕਾਲੇ ਕੋਟ ਨਾਲ ਚਿਪਕ ਗਿਆ। ਇਸ ਵੇਲੇ ਵੀ ਜੇ ਪ੍ਰਿੰਸੀਪਲ ਸਾਹਿਬ ਆਪ ਹਟ ਜਾਂਦੇ, ਜਾਂ ਸਟਾਫ਼ ਦੇ ਇੱਜ਼ਤਦਾਰ ਪ੍ਰੋਫੈਸਰ ਸਾਹਿਬਾਨ ਅੱਗੇ ਆ ਕੇ ਮੁੰਡਿਆਂ ਤੇ ਪ੍ਰਿੰਸੀਪਲ ਸਾਹਿਬ ਦੇ ਵਿਚਕਾਰ ਖੜ੍ਹੇ ਹੋ ਜਾਂਦੇ, ਤਾਂ ਪੈਦਾ ਹੋ ਰਹੀ ਭੱਦੀ ਸਥਿਤੀ ਟਲ ਜਾਂਦੀ, ਪਰ ਇਉਂ ਹੋਇਆ ਨਹੀਂ। ਕੈਨਟੀਨ ਵੱਲੋਂ ਟਮਾਟਰ ਹੋਰ ਆਏ। ਫੇਰ ਆਂਡੇ ਆਏ।

ਸੱਚ ਲਿਖਾਂ? ਮੈਨੂੰ ਵੀ ਸ਼ਰਮ ਆਈ। ਇਹ ਕੀ ਹੋ ਰਿਹਾ ਸੀ! ਅਚਾਨਕ ਗੱਲ ਸੁੱਝੀ। ਮੈਂ ਇਕ ਹੋਰ ਨਾਅਰਾ ਲਾਇਆ।

"ਕਾਲਿਜ ਵਿਚ ਅੱਜ ਹੜਤਾਲ ਹੋਏਗੀ।"

ਇਸ ਨਾਅਰੇ ਦਾ ਵੀ ਜਵਾਬ ਪਹਿਲਾਂ ਮੱਠਾ ਆਇਆ। ਦੋਬਾਰਾ ਨਾਅਰਾ ਲਾਇਆ-

"ਕਾਲਿਜ ਵਿਚ ਅੱਜ ਹੜਤਾਲ ਹੋਏਗੀ।" ਹਰ ਅਗਲਾ ਨਾਅਰਾ ਪਹਿਲੇ ਨਾਲੋਂ ਵੱਧ ਗੂੰਜਵਾਂ ਸੀ।

ਡਾ. ਮਿਸ਼ਰਾ ਦੇ ਕੱਪੜੇ ਟਮਾਟਰਾਂ ਤੇ ਆਂਡਿਆਂ ਨਾਲ ਗੰਦੇ ਹੋ ਗਏ ਸਨ। ਅਚਾਨਕ ਉਹ

ਬੋਲੇ—"ਇਹ ਗੁੰਡਾਗਰਦੀ ਨਹੀਂ ਚੱਲੇਗੀ। ਮੈਂ ਹੁਣੇ ਪੁਲਸ ਬੁਲਾਉਂਦਾ ਹਾਂ।"

ਉਹ ਦਫ਼ਤਰ ਵੱਲ ਨੂੰ ਕਾਹਲੇ ਕਦਮੀਂ ਤੁਰੇ। ਮੈਂ ਚਾਰਦੀਵਾਰੀ ਦੀ ਕੰਧ ਉੱਤੇ ਚੜ੍ਹ ਗਿਆ। ਮੈਂ ਵਿਦਿਆਰਥੀਆਂ ਨੂੰ ਸੰਬੋਧਨ ਕਰਕੇ ਆਖਿਆ, "ਲੁਧਿਆਣੇ ਵਿਚ ਸ਼ਹੀਦ ਹੋ ਗਏ ਸਾਥੀਆਂ ਦੀ ਯਾਦ ਵਿਚ ਅੱਜ ਕਾਲਿਜ ਨਹੀਂ ਲੱਗੇਗਾ। ਕਲ੍ਹ ਐਤਵਾਰ ਹੈ। ਪਰਸੋਂ ਸਭ ਨੇ ਆਉਣੈ। ਪਰ ਕਾਲਿਜ ਪਹੁੰਚਣ ਤੋਂ ਪਹਿਲਾਂ ਨਹਿਰੂ ਪਾਰਕ ਵਿਚ ਇਕੱਠੇ ਹੋਣੈ। ਉੱਥੇ ਅਗਲੀ ਕਾਰਵਾਈ ਬਾਰੇ ਵਿਚਾਰ ਕੀਤੀ ਜਾਵੇਗੀ।"

ਐਤਵਾਰ ਸਵੇਰ ਦੀਆਂ ਅਖਬਾਰਾਂ ਪੜ੍ਹੀਆਂ ਤਾਂ ਪਤਾ ਲੱਗਾ ਲੁਧਿਆਣੇ ਦੇ ਵਿਦਿਆਰਥੀਆਂ ਨੇ ਨਵੀਂ ਜੱਥੇਬੰਦੀ 'ਪੰਜਾਬ ਸਟੂਡੈਂਟਸ ਯੂਨੀਅਨ' ਬਣਾ ਲਈ ਹੈ। ਥਾਂ ਥਾਂ ਦੀਆਂ ਹੜਤਾਲਾਂ ਦੀਆਂ ਖ਼ਬਰਾਂ ਵਿਚ ਸਾਡੇ ਕਾਲਿਜ ਦੀ ਹੜਤਾਲ ਦੀ ਖ਼ਬਰ ਵੀ ਸੀ, ਤੇ ਨਾਲ ਹੀ ਇਹ ਟਿੱਪਣੀ ਵੀ ਕਿ ਬਘੇਲ ਸਿੰਘ ਨਵਾਂ ਵਿਦਿਆਰਥੀ-ਨੇਤਾ ਬਣ ਕੇ ਉਭਰਿਆ ਹੈ। ਮਨ ਗਦ ਗਦ ਹੋ ਗਿਆ।

ਸੋਮਵਾਰ ਪੰਜਾਬ ਸਟੂਡੈਂਟਸ ਯੂਨੀਅਨ ਦੀ ਬਰਾਂਚ ਅਸੀਂ ਵੀ ਬਣਾ ਲਈ ਤੇ ਸਰਕਾਰ ਤੋਂ ਮੰਗ ਕੀਤੀ ਕਿ ਹਾਲਤ ਨੂੰ ਹੋਰ ਵਿਗੜਨ ਤੋਂ ਬਚਾਉਣ ਲਈ ਡਾ. ਮਿਸ਼ਰਾ ਇਥੋਂ ਫੌਰਨ ਬਦਲਿਆ ਜਾਵੇ।

ਕਾਲਿਜ ਗਏ ਤਾਂ ਗੇਟ ਖੁੱਲ੍ਹਾ ਸੀ, ਪਰ ਗੇਟ ਦੇ ਬਾਹਰ ਤੇ ਅੰਦਰ ਜਾਂਦੇ ਰਸਤੇ ਦੇ ਨਾਲ ਨਾਲ ਦਸ ਸਿਪਾਹੀ ਡਾਂਗਾਂ ਫੜੀ ਖੜ੍ਹੇ ਸਨ। ਅਸੀਂ ਅੰਦਰ ਲੰਘੇ ਤਾਂ ਕਿਸੇ ਨੇ ਰੋਕਿਆ ਨਹੀਂ। ਪਰ ਪਹਿਲਾਂ ਪਹੁੰਚਿਆ ਸੁਰਿੰਦਰ ਕੁਮਾਰ ਭੱਜਾ ਭੱਜਾ ਆਇਆ—"ਬਘੇਲ ਸਿਹਾਂ! ਤੈਨੂੰ ਪ੍ਰਿੰਸੀਪਲ ਨੇ ਕਾਲਿਜ ਵਿਚੋਂ ਕੱਢ ਦਿੱਤਾ ਐ। ਨੋਟਿਸ ਬੋਰਡ ਉੱਤੇ ਨੋਟਿਸ ਲੱਗਾ ਹੋਇਆ ਹੈ।"

ਯੂਨੀਅਨ ਦੇ ਬਾਕੀ ਸਾਥੀਆਂ ਨਾਲ ਜਾ ਕੇ ਨੋਟਿਸ ਬੋਰਡ ਪੜ੍ਹਿਆ। 'ਗੁੰਡਾਗਰਦੀ, ਅਨੁਸ਼ਾਸਨਹੀਣਤਾ ਅਤੇ ਪ੍ਰਿੰਸੀਪਲ ਉੱਤੇ ਹਮਲੇ ਦੇ ਅਪਰਾਧ ਵਿਚ ਬਘੇਲ ਸਿੰਘ ਨੂੰ ਕਾਲਿਜ ਵਿਚੋਂ ਅਨਿਸਚਤ ਕਾਲ ਲਈ ਕੱਢਿਆ ਜਾਂਦਾ ਹੈ।'

"ਕਿਉਂ ਬਈ ਜਾਵਾਂ ਮੈਂ?" ਫਿੱਕੀ ਮੁਸਕਰਾਹਟ ਨਾਲ ਮੀਤ ਪ੍ਰਧਾਨ ਬਣੇ ਮੁਕੰਦਪੁਰੀਏ ਹਰਨਾਮ ਸਿੰਘ ਨੂੰ ਮੈਂ ਪੁੱਛਿਆ।

"ਕਿਉਂ ਅਸੀਂ ਮਰ ਗਏ ਆਂ ਸਾਰੇ? ਆਰਾਮ ਨਾਲ ਟਿਕਿਆ ਰਹਿ।" ਹਰਨਾਮ ਸਿੰਘ ਬੋਲਿਆ। ਉਸਨੇ ਇਕੱਠੇ ਹੋ ਗਏ ਮੁੰਡਿਆਂ ਦੇ ਕੰਨਾਂ ਵਿਚ ਘੁਸਰ-ਮੁਸਰ ਕੀਤੀ। ਨਾਅਰਾ ਗੂੰਜਿਆ—

"ਪੰਜਾਬ ਸਟੂਡੈਂਟਸ ਯੂਨੀਅਨ"

"ਜ਼ਿੰਦਾਬਾਦ"

"ਬਘੇਲ ਸਿੰਘ"

"ਜ਼ਿੰਦਾਬਾਦ"

"ਬਘੇਲ ਸਿੰਘ ਨੂੰ ਕੱਢਣ ਦਾ ਹੁਕਮ"

"ਵਾਪਸ ਲਉ! ਵਾਪਸ ਲਉ!!"

ਪੁਲਸੀਏ ਡਾਂਗਾਂ ਚੁੱਕੀ ਦੌੜਦੇ ਆਏ, ਪਰ ਨਾਅਰੇ ਮਾਰਦੇ ਮੁੰਡਿਆਂ ਨੂੰ ਦੇਖ ਕੇ ਖੜ੍ਹੇ ਹੋ ਗਏ। ਐਤਕੀਂ ਪ੍ਰਿੰਸੀਪਲ ਸਾਹਿਬ ਨੇ ਇਹ ਸਿਆਣਪ ਕੀਤੀ, ਉਹ ਆਪ ਬਾਹਰ ਨਹੀਂ ਆਏ। ਅੰਦਰੋਂ ਟੈਲੀਫੋਨ ਕਰਨ ਦੀ ਬਿੜਕ ਆਉਂਦੀ ਰਹੀ। ਮੈਂ ਹੱਥ ਨਾਲ ਇਸ਼ਾਰਾ ਕੀਤਾ। ਸਭ ਮੁੰਡੇ ਬੈਠ ਜਾਣ। ਦਫਤਰ ਦੇ ਸਾਹਮਣੇ ਦੂਰ ਦੂਰ ਤਕ ਮੁੰਡੇ ਬੈਠ ਗਏ।

"ਜਦੋਂ ਤਕ ਬਘੇਲ ਸਿੰਘ ਨੂੰ ਕੱਢਣ ਦਾ ਹੁਕਮ ਵਾਪਸ ਨਹੀਂ ਲਿਆ ਜਾਂਦਾ, ਅਸੀਂ ਜਮਾਤਾਂ ਵਿਚ ਨਹੀਂ ਜਾਵਾਂਗੇ।" ਹਰਨਾਮ ਸਿੰਘ ਨੇ ਐਲਾਨ ਕੀਤਾ।

ਮੈਂ ਮੂੰਹ ਤੋਂ ਤਾਂ ਬੋਲਿਆ ਨਹੀਂ, ਪਰ ਮਨ ਹੀ ਮਨ ਵਿਚ ਕਿਹਾ, 'ਜਦੋਂ ਤਕ ਡਾ. ਮਿਸ਼ਰਾ ਕਾਲਿਜ ਵਿਚੋਂ ਨਹੀਂ ਜਾਂਦਾ, ਮੈਨੂੰ ਚੈਨ ਨਹੀਂ ਆਉਣੀ।

ਧਰਨੇ ਉੱਤੇ ਬੈਠਿਆਂ ਟਰਾਂਸਿਸਟਰਾਂ ਉੱਤੇ ਖ਼ਬਰ ਸੁਣੀ, ਲੁਧਿਆਣੇ ਦੀ ਪੰਜਾਬ ਸਟੂਡੈਂਟਸ ਯੂਨੀਅਨ ਨੇ ਅਦਾਲਤੀ ਪੜਤਾਲ ਦਾ ਫੈਸਲਾ ਰੱਦ ਕਰ ਦਿੱਤਾ ਹੈ, ਕਿਉਂਕਿ ਪੜਤਾਲ ਮੈਜਿਸਟਰੇਟ ਨੇ ਕਰਨੀ ਸੀ। ਮੰਗ ਸੀ ਕਿ ਪੜਤਾਲ ਹਾਈ ਕੋਰਟ ਦਾ ਜੱਜ ਕਰੇ।

ਸੁਣ ਕੇ ਹੌਸਲਾ ਹੋਇਆ, ਅਸੀਂ ਇਕੱਲੇ ਨਹੀਂ। ਲੁਧਿਆਣੀਏ ਸਾਡੇ ਨਾਲ ਹਨ।

ਸ਼ਾਇਦ ਲੁਧਿਆਣੇ ਦੀ ਖ਼ਬਰ ਦਾ ਫੌਰੀ ਅਸਰ ਸੀ, ਪ੍ਰਿੰਸੀਪਲ ਦੇ ਟੈਲੀਫੋਨਾਂ ਦੇ ਜਵਾਬ ਵਿਚ ਹੋਰ ਪੁਲਸ ਭੇਜਣ ਦੀ ਥਾਂ ਡਿਪਟੀ ਕਮਿਸ਼ਨਰ ਸ: ਮਨੋਹਰ ਸਿੰਘ ਦੇ ਜੀ. ਏ. ਸ੍ਰੀ ਰਾਮ ਲਾਲ ਜੀਪ ਵਿਚ ਆਪ ਆਏ। ਉਹਨਾਂ ਨੇ ਸਾਡੇ ਧਰਨੇ ਉੱਤੇ ਆ ਕੇ ਆਖਿਆ—"ਡਿਪਟੀ ਕਮਿਸ਼ਨਰ ਸਾਹਿਬ ਵਿਦਿਆਰਥੀਆਂ ਨਾਲ ਗੱਲ ਕਰਨਾ ਚਾਹੁੰਦੇ ਹਨ। ਤੁਸੀਂ ਪੰਜ ਨੁਮਾਇੰਦੇ ਜ਼ਿਲ੍ਹਾ ਕਚਹਿਰੀਆਂ ਵਿਚ ਆਉ।"

ਸ: ਮਨੋਹਰ ਸਿੰਘ ਨਾਲ ਗੱਲ ਹੋਈ ਤਾਂ ਮੈਂ ਆਖਿਆ, "ਸਰ! ਪ੍ਰਿੰਸੀਪਲ ਸਾਹਿਬ ਨੇ ਆਪ ਗੱਲ ਵਿਗਾੜੀ ਐ।"

ਸ: ਮਨੋਹਰ ਸਿੰਘ ਗੰਭੀਰ ਚਿਹਰਾ ਬਣਾ ਕੇ ਅੰਗਰੇਜ਼ੀ ਵਿਚ ਬੋਲੇ—"ਯੂ ਆਰ ਟੂ ਯੰਗ ਟੂ ਜੱਜ ਯੂਅਰ ਪ੍ਰਿੰਸੀਪਲ।" (ਤੁਸੀਂ ਮੁੰਡੇ-ਖੁੰਡੇ ਪ੍ਰਿੰਸੀਪਲ ਬਾਰੇ ਠੀਕ ਨਿਰਣਾ ਨਹੀਂ ਲੈ ਸਕਦੇ) ਨਾਲ ਹੀ ਕਹਿਣ ਲੱਗੇ, "ਪ੍ਰਿੰਸੀਪਲ ਕੋਈ ਵੀ ਹੋਵੇ, ਹਜ਼ਾਰ ਡੇਢ ਹਜ਼ਾਰ ਮੁੰਡਿਆਂ ਵਿਚ ਜ਼ਬਤ ਰੱਖਣ ਲਈ ਉਸ ਨੂੰ ਸਖ਼ਤੀ ਕਰਨੀ ਈ ਪਏਗੀ।"

ਸੁਣਕੇ ਕਹਿਣ ਨੂੰ ਜੀਅ ਕੀਤਾ, 'ਫੇਰ ਸਾਨੂੰ ਗੱਲਬਾਤ ਕਰਨ ਲਈ ਕਿਉਂ ਬੁਲਾਇਆ ਐ? ਹੋਰ ਪੁਲਸ ਹੀ ਭੇਜ ਦੇਣੀ ਸੀ।' ਪਰ ਇਹ ਵੀ ਜਾਣਦਾ ਸਾਂ, ਸਾਹਮਣੇ ਗਿਠ-ਮੁਠੀਆ ਪ੍ਰਿੰਸੀਪਲ ਨਹੀਂ, ਜ਼ਿਲ੍ਹੇ ਦਾ ਹਾਕਮ ਹੈ। ਸੋ, ਚੁੱਪ ਰਿਹਾ।

ਉਦੋਂ ਤਾਂ ਨਹੀਂ, ਪਿੱਛੋਂ ਸਮਝ ਆਈ, ਸ: ਮਨੋਹਰ ਸਿੰਘ ਸਾਡੇ ਪਹਿਲੇ ਪ੍ਰਿੰਸੀਪਲ ਭਰਪੂਰ ਸਿੰਘ ਵਰਗੇ ਜੁਗਤੀ ਸਨ। ਉਹਨਾਂ ਨੂੰ ਪਰਸੋਂ ਦੀ ਵਾਰਦਾਤ ਦੀ ਪੂਰੀ ਖ਼ਬਰ ਸੀ, ਭਾਵੇਂ ਉਹਨਾਂ ਨੇ ਸਾਨੂੰ ਇਹ ਗੱਲ ਦੱਸੀ ਨਹੀਂ। ਉਦੋਂ ਸਾਨੂੰ ਸਿਰਫ ਇਹ ਕਿਹਾ—"ਮੈਂ ਉੱਤੇ ਸਰਕਾਰ ਨੂੰ ਸਾਰੇ ਹਾਲਾਤ ਬਾਰੇ ਲਿਖ ਦਿੱਤਾ ਹੈ।"

"ਤੂੰ ਵੀ ਮੁੰਡਿਆਂ ਨੂੰ ਭੜਕਾ ਨਹੀਂ। ਇਹ ਗੈਰ-ਕਾਨੂੰਨੀ ਕਾਰਵਾਈ ਹੈ।" ਮੈਨੂੰ ਸੰਬੋਧਨ ਹੋ ਕੇ ਬੋਲੇ।

"ਮੈਨੂੰ ਤਾਂ ਸਰ ਪ੍ਰਿੰਸੀਪਲ ਸਾਹਿਬ ਨੇ ਕਾਲਿਜ ਵਿਚੋਂ ਕੱਢ ਹੀ ਦਿੱਤਾ ਐ।"

"ਨਹੀਂ ਕਢਦੇ। ਤੂੰ ਕਲ੍ਹ ਪੜ੍ਹਨ ਆ। ਬਾਕੀਆਂ ਨੂੰ ਵੀ ਕਹਿ, ਬੰਦਿਆਂ ਵਾਂਗ ਪੜ੍ਹਾਈ ਕਰਨ।"

ਅਸੀਂ ਬਾਹਰ ਨਿਕਲੇ ਤਾਂ ਪ੍ਰਿੰਸੀਪਲ ਸਾਹਿਬ, ਪ੍ਰੋ: ਭੁਪਿੰਦਰ ਸਿੰਘ, ਪ੍ਰੋ: ਦੀਦਾਰ ਸਿੰਘ ਤੇ ਪ੍ਰੋ: ਰਾਮਨਾਥ ਸ਼ੁਕਲਾ ਨੂੰ ਨਾਲ ਲੈ ਕੇ ਆ ਪਹੁੰਚੇ।

ਅੰਦਰੋਂ ਚਪੜਾਸੀ ਮੈਨੂੰ ਵੀ ਬੁਲਾਉਣ ਆਇਆ।

"ਤੇਰੇ ਪ੍ਰਿੰਸੀਪਲ ਸਾਹਿਬ ਆਏ ਐ। ਇਹਨਾਂ ਨੂੰ ਮੇਰੇ ਸਾਹਮਣੇ ਨਮਸਤੇ ਕਹਿ।" ਐਤਕੀਂ ਸ: ਮਨੋਹਰ ਸਿੰਘ ਨੇ ਮੁਸਕਰਾਕੇ ਗੱਲ ਕੀਤੀ।

"ਨਮਸਤੇ ਸਰ।" ਮੈਂ ਕਹਿ ਦਿੱਤਾ। ਡਾਕਟਰ ਮਿਸ਼ਰਾ ਨੇ ਵੀ ਧੀਮੀ ਆਵਾਜ਼ ਵਿਚ ਨਮਸਤੇ ਕਹਿ ਦਿੱਤੀ।

ਅਗਲੇ ਦਿਨ ਮੈਂ ਕਾਲਿਜ ਗਿਆ। ਕਿਸੇ ਨੇ ਮੈਨੂੰ ਅੰਦਰ ਜਾਣੋਂ ਰੋਕਿਆ ਨਹੀਂ।

ਇਹ ਵੀ ਖ਼ਬਰ ਆ ਗਈ ਸਰਕਾਰ ਨੇ ਲੁਧਿਆਣੇ ਦੀਆਂ ਵਾਰਦਾਤਾਂ ਦੀ ਪੜਤਾਲ ਲਈ ਹਾਈ ਕੋਰਟ ਦਾ ਜੱਜ ਨਿਯੁਕਤ ਕਰ ਦਿੱਤਾ ਹੈ।

ਸਾਡਾ ਕਾਲਿਜ ਅਮਨ-ਚੈਨ ਨਾਲ ਲੱਗਣ ਲੱਗ ਪਿਆ।

ਪਰ ਇਕ ਹੋਰ ਸਮੱਸਿਆ ਖੜ੍ਹੀ ਹੋ ਗਈ। ਸਾਡਾ ਕਾਲਿਜ-ਕੈਂਪਸ ਰੇਲਵੇ ਸਟੇਸ਼ਨ ਤੋਂ ਦੂਰ ਦੋ ਮੀਲ ਉਰ੍ਹਾਂ ਸੀ। ਪਰ ਅਣਲਿਖਤੀ ਰਿਵਾਜ ਇਹ ਸੀ ਕਿ ਸਵੇਰੇ ਨੌਂ ਵਜੇ ਆਉਂਦੀ ਗੱਡੀ ਕਾਲਿਜ-ਕੈਂਪਸ ਅੱਗੇ ਹੌਲੀ ਹੌਲੀ ਚਲਦੀ ਕੁਝ ਸਕਿੰਟਾਂ ਲਈ ਰੁਕ ਜਾਂਦੀ ਤੇ ਕਈ ਸੌ ਮੁੰਡੇ ਛਾਲਾਂ ਮਾਰ ਕੇ ਕਾਲਿਜ ਪਹੁੰਚ ਜਾਂਦੇ। ਪਰ ਇਕ ਦਿਨ ਉਪਰੋਂ ਆਏ ਰੇਲ-ਅਧਿਕਾਰੀਆਂ ਨੇ ਇਹ 'ਗ਼ਲਤ' ਸਟਾਪ ਬੰਦ ਕਰ ਦਿੱਤਾ। ਕੁਝ ਦਿਨ ਮੁੰਡੇ ਦੋ ਮੀਲ ਆਉਣ ਤੇ ਦੋ ਮੀਲ ਜਾਣ ਦੀ ਵਾਧੂ ਖੇਚਲ ਝਲਦੇ ਰਹੇ। ਫੇਰ ਚੇਨ ਖਿੱਚ ਕੇ ਗੱਡੀ ਰੋਕਣ ਲੱਗੇ। ਗੱਡੀ ਆਪਣੇ ਆਪ ਰੁਕਦੀ ਨਾ, ਪਰ ਚੇਨ ਖਿੱਚਿਆਂ ਰੁਕ ਜਾਂਦੀ, ਤੇ ਚੇਨ ਖਿੱਚਣ ਵਾਲਿਆਂ ਨੂੰ ਕੋਈ ਪੁੱਛਦਾ ਨਾ।

ਪਰ ਇਕ ਦਿਨ ਰੇਲਵੇ ਪੁਲਸ ਖੜ੍ਹੀ ਸੀ। ਚੇਨ ਖਿੱਚ ਕੇ ਉੱਤਰੇ ਮੁੰਡੇ ਘੇਰ ਲਏ ਤੇ ਰੇਲਵੇ-ਥਾਣੇ ਅੰਦਰ ਬੈਠਾ ਲਏ। ਜੁਰਮਾਨਾ ਤਾਂ ਨਹੀਂ ਕੀਤਾ, ਪਰ ਸ਼ਾਮ ਤਕ ਕਾਲਿਜ ਵੀ ਨਹੀਂ ਜਾਣ ਦਿੱਤੇ।

ਯੂਨੀਅਨ ਵੱਲੋਂ ਅਸੀਂ ਸਟੇਸ਼ਨ ਮਾਸਟਰ ਨੂੰ ਮਿਲੇ। ਉਸ ਨੇ ਦੱਸਿਆ, ਜ਼ਿਲ੍ਹਾ ਕਚਹਿਰੀ ਦੇ ਦਫਤਰੀ ਬਾਬੂਆਂ ਨੇ ਸ਼ਿਕਾਇਤ ਕੀਤੀ ਹੈ। ਮੁੰਡੇ ਗੱਡੀ ਰੋਕ ਕੇ ਸਾਨੂੰ ਦਫਤਰਾਂ ਲਈ ਲੇਟ ਕਰ ਦਿੰਦੇ ਐ। ਇਹ ਸ਼ਿਕਾਇਤ ਦਿੱਲੀ ਤਕ ਗਈ ਹੈ। ਉੱਤੋਂ ਹੁਕਮ ਆਇਆ ਹੈ, ਗੱਡੀ ਰਾਹ ਵਿਚ ਨਹੀਂ ਰੁਕ ਸਕਦੀ।

ਸ: ਮਨੋਹਰ ਸਿੰਘ ਨੂੰ ਮਿਲਣ ਗਏ। ਉਹਨਾਂ ਨੇ ਮਿਲਣ ਲਈ ਸਮਾਂ ਨਾ ਦਿੱਤਾ। ਜੀ. ਏ. ਰਾਮ ਲਾਲ ਨਾਲ ਮੁਲਾਕਾਤ ਹੋਈ। ਉਹਨਾਂ ਦਾ ਜਵਾਬ ਸਟੇਸ਼ਨ ਮਾਸਟਰ ਵਾਲਾ ਹੀ ਸੀ।

ਸਟੇਸ਼ਨ ਤਕ ਜਾਣ ਵਾਲੇ ਮੁੰਡੇ ਕਈ ਦਿਨ ਕਚੀਚੀਆਂ ਵੱਟਦੇ ਰਹੇ। ਫੇਰ, ਇਕ ਦਿਨ, ਕਾਲਿਜ-ਕੈਂਪਸ ਤੋਂ ਇਕ ਫਰਲਾਂਗ ਪਰ੍ਹਾਂ ਹੀ ਚੇਨ ਖਿੱਚਕੇ ਗੱਡੀ ਰੋਕ ਲਈ, ਤੇ ਕਾਲਿਜ ਜਾ ਵੜੇ। ਅਗਲੇ ਦਿਨ ਕਾਲਿਜ ਦੇ ਸਾਹਮਣੇ ਹੀ ਚੇਨ ਖਿੱਚੀ। ਤੀਜੇ ਦਿਨ ਫਰਲਾਂਗ ਪਹਿਲਾਂ ਗੱਡੀ ਰੋਕ ਲਈ। ਇਉਂ ਜਗ੍ਹਾ ਬਦਲ ਬਦਲ ਕੇ ਗੱਡੀ ਰੋਕ ਲੈਂਦੇ, ਤੇ ਕਾਲਿਜ ਆ ਜਾਂਦੇ।

ਇਹਨਾਂ ਦਿਨਾਂ ਵਿਚ ਸ: ਮਨੋਹਰ ਸਿੰਘ ਨੂੰ ਤਰੱਕੀ ਦੇ ਕੇ ਚੰਡੀਗੜ੍ਹ ਬੁਲਾ ਲਿਆ ਗਿਆ। ਡਾ. ਮਿਸ਼ਰਾ ਦੀ ਤਬਦੀਲੀ ਦੇ ਵੀ ਹੁਕਮ ਆ ਗਏ। ਹੁਣ ਚੇਨ ਰੋਜ਼ ਖਿੱਚੀ ਜਾਂਦੀ।

ਪਰ ਇਕ ਦਿਨ ਸ਼ਹਿਰ ਦੀ ਪੁਲਸ ਵੀ ਹਾਜ਼ਰ ਸੀ ਤੇ ਰੇਲਵੇ ਪੁਲਸ ਵੀ। ਮੁੰਡੇ ਘੇਰੇ ਹੀ ਨਹੀਂ ਦਸ ਮੁੰਡੇ ਗ੍ਰਿਫ਼ਤਾਰ ਕਰ ਲਏ, ਤੇ ਰਾਤ ਨੂੰ ਹਵਾਲਾਤ ਵਿਚ ਰੱਖੇ।

ਹੁਣ ਸਟੂਡੈਂਟਸ ਯੂਨੀਅਨ ਤੇ ਮੈਂ ਚੁੱਪ ਨਹੀਂ ਰਹਿ ਸਕਦੇ ਸਾਂ।

ਅਗਲੇ ਦਿਨ ਥਾਣਾ ਜਾ ਘੇਰਿਆ। ਪਰ ਐੱਸ. ਐੱਸ. ਪੀ. ਨੇ ਗੱਲ ਤਾਂ ਕੀ ਕਰਨੀ ਸੀ, ਅੰਦਰ ਵੀ ਵੜਨ ਨਾ ਦੇਵੇ। ਮੁੰਡਿਆਂ ਨੇ ਨਾਅਰੇ ਲਾਏ। ਪੁਲਸ ਲਾਠੀਆਂ ਚੁੱਕ ਕੇ ਮੁੰਡਿਆਂ ਨੂੰ ਖਿੰਡਾਉਣ ਆਈ। ਮੁੰਡੇ ਪਿੱਛੇ ਹਟ ਗਏ, ਪਰ ਮੈਂ ਆਖਿਆ—"ਸੜਕ ਵਿਚ ਬੈਠ ਕੇ ਰਸਤਾ ਰੋਕ ਲਉ।"

ਦੋਵੇਂ ਪਾਸੇ ਟਰੈਫਿਕ ਜਾਮ ਹੋ ਗਈ।

ਅਚਾਨਕ ਬੜਾ ਸਖ਼ਤ ਲਾਠੀਚਾਰਜ ਹੋਇਆ। ਕਈ ਮੁੰਡਿਆਂ ਦੇ ਮੱਥਿਆਂ ਵਿਚੋਂ ਲਹੂ ਵਗ ਪਿਆ। ਭੜਕੇ ਮੁੰਡਿਆਂ ਨੇ ਇੱਟਾਂ-ਵੱਟੇ ਮਾਰਨੇ ਸ਼ੁਰੂ ਕਰ ਦਿੱਤੇ। ਹੋਰ ਪੁਲਸ ਵੀ ਆ ਗਈ। ਇਕ ਵਾਰ ਫੇਰ ਲਾਠੀਚਾਰਜ ਹੋਇਆ। ਅਖ਼ੀਰ ਅੱਥਰੂ ਗੈਸ ਛੱਡੀ ਗਈ।

ਇਉਂ ਲਗਦਾ ਸੀ, ਅਸੀਂ ਜਿੱਤੀ ਬਾਜ਼ੀ ਹਾਰ ਗਏ ਸਾਂ।

ਸ਼ਰਮਿੰਦੇ ਹੋਏ ਅਸੀਂ ਪਿੰਡਾਂ ਨੂੰ ਚਲੇ ਗਏ। ਪਰ ਗ੍ਰਿਫ਼ਤਾਰ ਸਾਥੀਆਂ ਦਾ ਖ਼ਿਆਲ ਮਨ ਨੂੰ ਚੂੰਢੀਆਂ ਵੱਢੇ।

ਮੁਸ਼ਕਲ ਇਹ ਸੀ, ਨਵਾਂ ਪ੍ਰਿੰਸੀਪਲ ਆਇਆ ਨਹੀਂ। ਨਵੇਂ ਡਿਪਟੀ ਕਮਿਸ਼ਨਰ ਨੇ ਮਾਮਲੇ ਵਿਚ ਕੋਈ ਦਿਲਚਸਪੀ ਨਾ ਲਈ।

ਅਗਲੀ ਸਵੇਰ ਕਾਲਿਜ ਵਿਚ ਰੈਲੀ ਕੀਤੀ। ਅੱਜ ਪਤਾ ਲੱਗਾ, ਐੱਮ. ਏ. ਦੇ ਵਿਦਿਆਰਥੀ ਤੇ ਉਹਨਾਂ ਦੇ ਮਾਪੇ, ਜੋ ਬਹੁਤੇ ਸ਼ਹਿਰੀ ਸਨ, ਕਾਲਿਜ-ਪ੍ਰੋਫੈਸਰਾਂ ਨੂੰ ਕਹਿਣ ਆਏ ਸਨ, ਪਿੰਡਾਂ ਦੇ ਮੁੰਡੇ ਨਾ ਆਪ ਪੜ੍ਹਦੇ ਹਨ, ਨਾ ਦੂਜਿਆਂ ਨੂੰ ਪੜ੍ਹਨ ਦਿੰਦੇ ਹਨ। ਸਾਡੇ ਬੱਚਿਆਂ ਨੇ ਕਲਾਸਾਂ ਲਾਉਣੀਆਂ ਹਨ। ਲਗਦਾ ਸੀ, ਵਿਦਿਆਰਥੀ-ਏਕਤਾ ਟੁੱਟ ਗਈ ਹੈ। ਸਾਡਾ ਅੰਦੋਲਨ ਬਿਲਕੁਲ ਹੀ ਫੇਲ੍ਹ ਹੋ ਜਾਣਾ ਹੈ। ਕੋਈ ਸਖ਼ਤ ਕਦਮ ਪੁੱਟਣ ਦੀ ਲੋੜ ਹੈ। ਸੋ, ਮੈਂ ਕਾਲਿਜ-ਰੈਲੀ ਵਿਚ ਜੋਸ਼ੀਲਾ ਭਾਸ਼ਨ ਕੀਤਾ।

"ਬਹਾਦਰ ਸਾਥੀਉ! ਇਹ ਗੱਡੀਆਂ ਕਿਸੇ ਦੇ ਪਿਉ ਦੀ ਮਲਕੀਅਤ ਨਹੀਂ। ਕੌਮ ਦੇ ਸਾਂਝੇ ਸਾਧਨ ਹਨ। ਜਨਤਾ ਦੀ ਸਹੂਲਤ ਲਈ ਇਹ ਗੱਡੀਆਂ ਚਲਾਈਆਂ ਗਈਆਂ ਹਨ। ਵਿਦਿਆਰਥੀ ਵੱਡੀ ਗਿਣਤੀ ਵਿਚ ਨੌਂ ਵਜੇ ਵਾਲੀ ਗੱਡੀ ਵਿਚ ਸਫ਼ਰ ਕਰਦੇ ਹਨ। ਉਹਨਾਂ ਦੀ ਸਹੂਲਤ ਲਈ ਗੱਡੀ ਰੁਕੇ ਕਿਉਂ ਨਾ? ਦਫ਼ਤਰੀ ਬਾਬੂ ਕੌਣ ਹੁੰਦੇ ਐ, ਗੱਡੀ ਦਾ ਸਟਾਪ ਰੁਕਵਾਣ ਵਾਲੇ? ਇਹ ਦਫ਼ਤਰਾਂ ਵਿਚ ਬੈਠ ਕੇ ਕੀ ਕਰਦੇ ਐ? ਲੋਕਾਂ ਤੋਂ ਰਿਸ਼ਵਤਾਂ ਖਾਂਦੇ ਐ। ਅਸੀਂ ਨੌਜਵਾਨ ਦੇਸ਼ ਦਾ ਭਵਿਖਤ ਹਾਂ। ਸ਼ਹਿਰ ਦੇ ਹਾਕਮ ਕੰਨਾਂ ਵਿਚ ਬੁੱਜੇ ਦੇ ਕੇ ਘੇਸਲ ਮਾਰੀ ਬੈਠੇ ਐਂ। ਇਹਨਾਂ ਨੂੰ ਸਾਡੀ ਪ੍ਰੇਸ਼ਾਨੀ ਦੀ ਕੋਈ ਚਿੰਤਾ ਨਹੀਂ। ਅਸੀਂ ਠੋਕਰਾਂ ਖਾਂਦੇ ਫਿਰਦੇ ਹਾਂ। ਸਾਡੇ ਪਾੜ੍ਹੇ-ਸਾਥੀ ਜੇਲ੍ਹ ਵਿਚ ਡੱਕੇ ਹੋਏ ਐ। ਕੀ ਉਹ ਮਾਵਾਂ ਦੇ ਪੁੱਤ ਨਹੀਂ? ਕੀ ਉਹ ਚੋਰ-ਡਾਕੂ ਹਨ, ਜੋ ਉਹਨਾਂ ਨੂੰ ਛੱਡਦੇ ਨਹੀਂ। ਅੱਜ ਫੈਸਲਾ ਹੋ ਕੇ ਰਹੇਗਾ। ਨਗਾਰੇ ਉੱਤੇ ਚੋਟ ਲੱਗ ਗਈ ਹੈ। ਪੂਰੀ ਏਕਤਾ ਨਾਲ ਪਹਿਲਾਂ ਸ਼ਹਿਰ ਦਾ ਗੇੜਾ ਮਾਰੋ, ਤੇ ਫੇਰ ਥਾਣੇ ਦਾ ਘਿਰਾਉ ਕਰੋ। ਆਪਣੇ ਸਾਥੀਆਂ ਨੂੰ ਰਿਹਾਅ ਕਰਵਾਏ ਬਿਨਾਂ ਵਾਪਸ ਨਹੀਂ ਮੁੜਨਾ।"

ਨਾਅਰੇ ਮਾਰਦਿਆਂ ਸ਼ਹਿਰ ਦਾ ਗੇੜਾ ਕੱਢਿਆ। ਪਰ ਜਦੋਂ ਥਾਣੇ ਸਾਹਮਣੇ ਪਹੁੰਚੇ ਤਾਂ ਘੋੜ-ਸਵਾਰ ਪੁਲਸ, ਬੰਦੂਕਧਾਰੀ ਪੁਲਸ, ਲਾਠੀਆਂ ਵਾਲੀ ਪੁਲਸ, ਤੇ ਅੱਥਰੂ-ਗੈਸ ਸੁੱਟਣ ਵਾਲੀ ਪੁਲਸ ਰਾਹ ਰੋਕੀ ਖੜ੍ਹੀ ਸੀ। ਇਉਂ ਲਗਦਾ ਸੀ, ਜਦੋਂ ਅਸੀਂ ਰੈਲੀ ਕਰ ਰਹੇ ਸਾਂ, ਸ਼ਹਿਰ ਦੇ ਅਧਿਕਾਰੀਆਂ ਨੇ ਵੀ ਆਪਣੀ ਰੈਲੀ ਕਰ ਲਈ ਸੀ।

ਹੁਣ ਨਾ ਅੱਗੇ ਵਧ ਸਕਦੇ ਸਾਂ, ਨਾ ਪਿੱਛੇ।

ਟੱਕਰ ਅਵੱਸ਼ ਸੀ। ਟੱਕਰ ਹੋਈ।

ਕੱਲ੍ਹ ਵਾਲੇ ਹਥਿਆਰ ਅਸੀਂ ਵੀ ਵਰਤੇ ਤੇ ਪੁਲਸ ਨੇ ਵੀ।

ਪਰ ਅੱਜ ਪੁਲਸ ਨੇ ਬਾਕੀ ਬਚਦਾ ਹਥਿਆਰ ਗੋਲੀ ਵੀ ਵਰਤਿਆ।

ਪਤਾ ਉਦੋਂ ਲੱਗਾ, ਜਦੋਂ ਕਲੇਰਾਂ ਪਿੰਡ ਦੇ ਦੋ ਮੁੰਡੇ ਗੋਲੀਆਂ ਨਾਲ ਮਾਰੇ ਗਏ।

ਅਗਲੇ ਦਿਨ ਜਦੋਂ ਕਲੇਰਾਂ ਪਿੰਡ ਵਿਚ ਆਪਣੇ ਸ਼ਹੀਦ ਸਾਥੀਆਂ ਦੀਆਂ ਲਾਸ਼ਾਂ ਲੈ ਕੇ ਪਹੁੰਚੇ, ਤਾਂ ਸ਼ਹੀਦ ਹਰਮੀਤ ਸਿੰਘ ਦੀ ਵਿਧਵਾ ਮਾਂ, ਸਕੂਲ ਅਧਿਆਪਕਾ ਕਿਰਪਾਲ ਕੌਰ, ਦੋ ਹੱਥੜੀਂ ਪਿੱਟਦੀ ਹੋਈ ਬੋਲੀ—"ਬਘੇਲਿਆ! ਤਿੰਨਾਂ ਭੈਣਾਂ ਦਾ ਇਕੋ ਇਕ ਭਰਾ ਮਰਵਾ ਕੇ ਲੈ ਆਇਆ ਹੈਂ? ਵੇ ਤੂੰ ਕਿਹੜਾ ਜਮਾਤੀ-ਦੁਸ਼ਮਣ ਜਿੱਤਣ ਗਿਆ ਸੀ? ਤੇਰੇ ਜਲੂਸਾਂ ਤੇ ਤੇਰੀਆਂ ਰੈਲੀਆਂ ਨੇ ਕਿਹੜਾ ਇਨਕਲਾਬ ਨੇੜੇ ਲੈ ਆਂਦਾ ਹੈ? ਵੇ ਵੱਡਿਆ ਲੀਡਰਾ! ਤੂੰ ਮੇਰਾ ਸੋਨੇ ਵਰਗਾ ਪੁੱਤ ਭੰਗ ਦੇ ਭਾੜੇ ਮਰਵਾ ਦਿੱਤਾ ਐ। ਮੈਂ ਆਪਣੀਆਂ ਮਾਸੂਮ ਧੀਆਂ ਨੂੰ ਕੀ ਦੱਸਾਂਗੀ, ਉਹਨਾਂ ਦਾ ਵੀਰ ਕਿਸ ਮਹਾਨ ਕੰਮ ਲਈ ਸ਼ਹੀਦ ਹੋ ਗਿਆ ਹੈ? ਤੇਰੀ ਸਿਆਸਤ ਨੇ ਮੈਨੂੰ ਤੇ ਮੇਰੀਆਂ ਧੀਆਂ ਨੂੰ ਰੋਲ ਛੱਡਿਆ ਐ! ਸਾਡਾ ਦੁਸ਼ਮਣ ਨੰਬਰ ਇਕ ਤੂੰ ਹੈਂ।"

ਮੈਨੂੰ ਕਿਰਪਾਲ ਕੌਰ ਨਾਲ ਹਮਦਰਦੀ ਸੀ, ਪਰ ਉਸ ਦੇ ਲਫ਼ਜ਼ ਮੈਨੂੰ ਬਹੁਤ ਬੁਰੇ ਲੱਗੇ। ਸਾਡੇ ਸੰਘਰਸ਼ਾਂ ਉੱਤੇ ਮਿੱਟੀ ਪਾ ਰਹੀ ਸੀ। □□

[628, ਗਰੀਨ ਮਾਡਲ ਟਾਊਨ, ਜਲੰਧਰ]

ਭਾਈਆ

ਹਰਜੀਤ ਅਟਵਾਲ

ਮੇਰਾ ਭਾਈਆ ਪਿਆਰ ਦੀ ਮੂਰਤ ਸੀ ਪਰ ਆਖਰੀ ਵਕਤ ਮੈਂ ਉਸਨੂੰ ਨਾਰਾਜ਼ ਕਰ ਲਿਆ ਸੀ। ਇਸ ਗੱਲ ਦਾ ਮੈਨੂੰ ਸਦਾ ਹੀ ਦੁੱਖ ਰਿਹਾ ਹੈ।

ਮੇਰੇ ਭਾਈਏ ਦਾ ਲੱਕੜ ਦਾ ਅਟਾਲ ਸੀ। ਹੁਸ਼ਿਆਰਪੁਰ ਦੇ ਪਹਾੜਾਂ ਵੱਲੋਂ ਲੱਕੜ ਦੇ ਭਰੇ ਗੱਡੇ ਆਉਂਦੇ, ਭਾਈਆ ਸਸਤੇ ਭਾਅ ਖਰੀਦ ਲੈਂਦਾ ਤੇ ਅੱਗੇ ਦੁੱਗਣੇ ਭਾਅ ਵੇਚੀ ਜਾਂਦਾ। ਉਵੇਂ ਉਹ ਖੜ੍ਹੇ ਦਰਖਤ ਵੀ ਖਰੀਦਦਾ। ਜਿਸ ਕਿਸੇ ਨੇ ਦਰਖਤ ਵੇਚਣਾ ਹੁੰਦਾ ਉਹ ਭਾਈਏ ਤਕ ਪਹੁੰਚ ਕਰਦਾ। ਭਾਈਆ ਦਰਖਤ ਦੇਖਣ ਜਾਂਦਾ,ਉਹ ਤਣੇ ਨੂੰ ਜੱਫਾ ਮਾਰਕੇ ਦੇਖਦਾ,ਪੇਪਰ ਉਪਰ ਕੋਈ ਹਿਸਾਬ ਜਿਹਾ ਲਾਉਂਦਾ,ਦਰਖਤ ਦੀ ਉਚਾਈ ਮਿਣਦਾ ਤੇ ਦਰਖਤ ਦੀ ਕੀਮਤ ਪਾ ਦਿੰਦਾ। ਦਰਖਤ ਦਾ ਮਾਲਕ ਥੋੜ੍ਹਾ ਬਹੁਤ ਏਧਰ ਉਧਰ ਕਰਕੇ ਸਾਈ ਫੜ ਲੈਂਦਾ। ਭਾਈਆ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਵੀ ਦਰਖਤ ਖਰੀਦਦਾ। ਕਈ ਵਾਰ ਉਹ ਸਾਈਕਲ ਮੂਹਰੇ ਬੈਠਾ ਕੇ ਮੈਨੂੰ ਵੀ ਨਾਲ ਲੈ ਜਾਂਦਾ। ਦਰਖਤ ਬਾਰੇ ਜਾਣਕਾਰੀ ਦਿੰਦਾ ਹੋਇਆ ਦੱਸਦਾ ਕਿ ਇਹ ਕਿੱਕਰ ਅੱਠ ਹੱਥ ਲੰਮੀ ਹੈ ਤੇ ਜੱਫੀ ਭਰ ਮੋਟੀ,ਚਾਰ ਸ਼ਤੀਰੀਆਂ ਕਿਧਰੇ ਨਹੀਂ ਗਈਆਂ। ਏਸ ਟਾਹਲੀ ਵਿਚੋਂ ਵੀਹ ਫੱਟੇ ਨਿਕਲ ਆਉਣਗੇ। ਇਹ ਨਿੰਮ ਆਪਾਂ ਨੂੰ ਸੌ ਬਾਲਾ ਦੇ ਜਾਵੇਗੀ। ਜਿੰਨੇ ਕੁ ਦਾ ਸਾਮਾਨ ਦਰਖਤ ਵਿਚੋਂ ਨਿਕਲਣ ਦਾ ਅੰਦਾਜ਼ਾ ਹੁੰਦਾ ਉਸ ਦੇ ਅੱਧ ਵਿਚ ਮੁੱਲ ਪਾ ਭਾਈਆ ਦਰਖਤ ਦੀ ਕੀਮਤ ਪਾਉਂਦਾ। ਭਾਈਏ ਨੂੰ ਇਸ ਕਾਰੋਬਾਰ ਦੀ ਪੂਰੀ ਵਾਕਫੀ ਸੀ।

ਦੋ ਕਨਾਲ ਦੇ ਅਟਾਲ ਵਿਚ ਬਾਲਣ ਤਾਂ ਭਰਿਆ ਹੀ ਹੁੰਦਾ ਤੇ ਨਾਲ ਨਾਲ ਕਿਸਾਨਾਂ ਦੇ ਕੰਮ ਆਉਣ ਵਾਲਾ ਸਾਮਾਨ ਜਿਵੇਂ ਚਊ,ਹਲਸਾਂ,ਪੰਜਾਲੀਆਂ,ਮੁੰਨੇ,ਊਟਣੇ ਆਦਿ ਵੀ ਹੁੰਦੇ। ਪਸ਼ੂਆਂ ਦੀਆਂ ਖੁਰਲੀਆਂ ਭਾਈਆ ਆਪ ਬਣਾ ਲੈਂਦਾ। ਕਈ ਵਾਰ ਮਿਸਤਰੀ ਬੰਤਾ ਸਿੰਘ ਨੂੰ ਵੀ ਦਿਹਾੜੀ 'ਤੇ ਰੱਖ ਲੈਂਦਾ। ਭਾਈਆ ਕੁਹਾੜੇ ਤੇ ਆਰੀ ਚਲਾਉਣ ਦਾ ਬਹੁਤ ਮਾਹਰ ਸੀ। ਆਰੇ-ਆਰੀਆਂ ਦੇ ਦੰਦੇ ਬਹੁਤ ਰੀਝ ਨਾਲ ਤਿੱਖੇ ਕਰਦਾ। ਦੰਦੇ ਤਿੱਖੇ ਕਰਨ ਲਈ ਵਧੀਆ ਕਿਸਮ ਦੇ ਟਕੋਰੇ ਵਰਤਦਾ। ਜਦ ਮੈਂ ਪਹਿਲੀ ਵਾਰ ਆਰੀ ਫੜੀ ਤਾਂ ਭਾਈਆ ਮੇਰੇ ਵੱਲ ਬਹੁਤ ਧਿਆਨ ਨਾਲ ਦੇਖ ਰਿਹਾ ਸੀ। ਫਿਰ ਉਹ ਮੈਨੂੰ ਕਲਾਵੇ ਵਿਚ ਲੈਂਦਾ ਬੋਲਿਆ, "ਮੇਰਾ ਪੁੱਤ ਬਣੂੰ ਵੱਡਾ ਮਿਸਤਰੀ"।

ਮੇਰੇ ਖਿਡਾਉਣਿਆਂ ਵਿਚ ਜ਼ਿਆਦਾਤਰ ਤਰਖਾਣੇ ਸੰਦ ਹੀ ਹੁੰਦੇ। ਮੈਂ ਆਪਣੇ ਨਾਨਕੇ ਘਰ ਜਾਂਦਾ ਤਾਂ ਮੇਰੇ ਮਾਮੇ ਦੇ ਮੁੰਡੇ ਬੋਹੜ ਦੇ ਪੱਤਿਆਂ ਦੇ ਬਲਦ ਬਣਾ ਕੇ ਖੇਡ ਰਹੇ ਹੁੰਦੇ। ਉਹਨਾਂ ਕੋਲ ਲੱਕੜੀ ਦਾ ਬਣਿਆ ਨਿੱਕਾ ਜਿਹਾ ਗੱਡਾ ਵੀ ਸੀ। ਮੇਰੇ ਨਾਨੇ ਨੇ ਮੇਰੇ ਲਈ ਵੀ ਗੱਡਾ ਤੇ ਬੌਲਦ ਬਣਾ ਦਿੱਤੇ ਸਨ ਜਿਹਨਾਂ ਨੂੰ ਮੈਂ ਬਹੁਤ ਚਾਅ ਨਾਲ ਆਪਣੇ ਪਿੰਡ ਲੈ ਆਇਆ ਸਾਂ।

ਜਿਵੇਂ ਜਿਵੇਂ ਮੈਂ ਵੱਡਾ ਹੁੰਦਾ ਗਿਆ ਭਾਈਆ ਮੈਨੂੰ ਅਟਾਲ ਕਰਨ ਦੇ ਗੁਰ ਸਿਖਾਉਂਦਾ ਗਿਆ ਤੇ ਮੇਰਾ ਨਾਨਾ ਮੈਨੂੰ ਖੇਤੀ ਬਾਰੇ ਸਿੱਖਿਆ ਦਿੰਦਾ। ਆਪਣੀ ਉਮਰ ਆਉਣ 'ਤੇ ਮੈਂ ਖੇਤੀ ਦੇ ਸਾਰੇ ਗੁਰ ਸਿੱਖ ਲਏ ਸਨ। ਹਲ ਦੀ ਹੱਥੀ ਤਾਂ ਮੈਂ ਆਪਣੇ ਮਾਮੇ ਦੇ ਮੁੰਡਿਆਂ ਤੋਂ ਵੀ ਪਹਿਲਾਂ ਫੜ ਲਈ ਸੀ। ਗੋਡੀ ਵੇਲੇ ਤੇ ਵਢਾਈ ਵੇਲੇ ਵੀ ਮੈਂ ਕਿਸੇ ਨੂੰ ਲਾਗੇ ਨਹੀਂ ਸਾਂ ਲੱਗਣ ਦਿੰਦਾ।

ਇਕ ਦਿਨ ਮੇਰਾ ਨਾਨਾ ਮੈਨੂੰ ਆਖਣ ਲੱਗਿਆ:

"ਚੰਗੀ ਭਲੀ ਜ਼ਮੀਨ ਆਂ ਤੇ ਤੇਰਾ ਪਿਉ ਖੇਤੀ ਛੱਡੀ ਬੈਠਾ,ਆਹ ਤਖਾਣਾ ਕੰਮ ਕਰਕੇ ਆਪਣੇ ਜੱਟ ਹੋਣ ਨੂੰ ਲਾਜ ਲਾਈ ਪਈ ਐ"।

ਮੈਂ ਇਹ ਗੱਲ ਭਾਈਏ ਨੂੰ ਦੱਸੀ ਤਾਂ ਉਹ ਬੋਲਿਆ:

"ਦੇਖ ਪੁੱਤਰਾ,ਖੇਤੀ 'ਚੋਂ ਉਹ ਆਮਦਨ ਨਹੀਂ ਜਿਹੜੀ ਏਸ ਕੰਮ 'ਚ ਐ,ਆਹ ਐਡਾ ਵੱਡਾ ਘਰ ਇਸੇ 'ਚੋਂ ਛੱਤਿਆ,ਦੋ ਕੁੜੀਆਂ ਵਿਆਹੀਆਂ,ਚਾਰ ਪੈਸੇ ਵੀ ਕੋਲ ਹੈਗੇ ਆ,ਖੇਤੀ 'ਚ ਤਾਂ

ਬੰਦਾ ਮਿੱਟੀ ਨਾਲ ਮਿੱਟੀ ਹੋਇਆ ਰਹਿੰਦੈ"।

ਭਾਈਏ ਦੀ ਗੱਲ ਤਾਂ ਭਾਵੇਂ ਮੈਨੂੰ ਠੀਕ ਲਗਦੀ ਪਰ ਮੇਰਾ ਰੁਝਾਨ ਖੇਤੀ ਵੱਲ ਨੂੰ ਵਧ ਰਿਹਾ ਸੀ। ਮੈਨੂੰ ਆਪਣੇ ਖੇਤਾਂ ਵਿਚ ਗੇੜਾ ਮਾਰਨਾ ਚੰਗਾ ਲਗਦਾ। ਮੈਂ ਬਹਾਨਾ ਲੱਭਕੇ ਆਪਣੇ ਭੌਲੀਦਾਰਾਂ ਨਾਲ ਵੀ ਖੇਤੀ ਵਿਚ ਹੱਥ ਪਵਾ ਦਿੰਦਾ। ਜਦ ਮੇਰੇ ਨਾਨਕਿਆਂ ਨੇ ਟਰੈਕਟਰ ਲਿਆ ਤਾਂ ਮੇਰਾ ਮਨ ਵੀ ਕਾਹਲਾ ਪੈਣ ਲੱਗਿਆ। ਮੈਂ ਭਾਈਏ ਨੂੰ ਕਿਹਾ:

"ਭਾਈਆ, ਕਿਉਂ ਨਾ ਆਪਾਂ ਟਰੈਕਟਰ ਲੈ ਲਈਏ! ਮੈਂ ਖੇਤੀ ਆਪ ਕਰ ਲਊਂ ਤੇ ਲੋਕਾਂ ਦੀ ਜ਼ਮੀਨ ਵੀ ਵਾਹ ਦਿਆ ਕਰੂੰ"।

"ਪੁੱਤਰਾ, ਸਭ ਤੋਂ ਪਹਿਲਾਂ ਤਾਂ ਤੂੰ ਪੜ੍ਹ, ਜੇ ਨਹੀਂ ਪੜ੍ਹਨਾ ਤਾਂ ਮੈਂ ਦੱਸੂੰ ਬਈ ਕੀ ਕਰਨਾਂ,...ਆਪਾਂ ਸ਼ਹਿਰ ਜਾ ਕੇ ਆਰਾ ਲਾਵਾਂਗੇ, ਵੱਡੇ ਪੱਧਰ 'ਤੇ ਕੰਮ ਕਰਾਂਗੇ, ਖੇਤੀ ਵਿਚ ਕੁਝ ਨਹੀਂ ਰੱਖਿਆ, ਨਾਲੇ ਜ਼ਮੀਨ ਨੇ ਏਥੇ ਈ ਰਹਿਣੈ, ਖੇਤੀ ਤਾਂ ਜਦ ਮਰਜ਼ੀ ਕਰ ਲਈਏ"।

ਮੈਂ ਪੜ੍ਹਨ ਨੂੰ ਠੀਕ ਸਾਂ ਤੇ ਪੜ੍ਹਦਾ ਗਿਆ।

ਬਾਕੀ ਤਾਂ ਸਭ ਠੀਕ ਸੀ ਪਰ ਭਾਈਏ ਦੀ ਇਕ ਗੱਲ ਮੈਨੂੰ ਚੰਗੀ ਨਾ ਲਗਦੀ। ਹੋਰਨਾਂ ਮਿਸਤਰੀਆਂ ਵਾਂਗ ਉਹ ਵੀ ਸੰਦਾਂ ਨੂੰ ਇਕ ਦਿਨ ਰਾਜ 'ਤੇ ਬੈਠਾਇਆ ਕਰਦਾ। ਵਿਸ਼ਵਕਰਮਾ ਦਿਵਸ 'ਤੇ ਪ੍ਰੀਤਮ ਸਿੰਘ ਨੂੰ ਚੰਦਾ ਵੀ ਦਿੰਦਾ। ਮੇਰਾ ਮਨ ਕਰਦਾ ਕਿ ਭਾਈਏ ਨੂੰ ਇਸ ਗੱਲੋਂ ਟੋਕਾਂ ਪਰ ਇੰਨੀ ਮੇਰੀ ਹਿੰਮਤ ਨਹੀਂ ਸੀ। ਮੈਨੂੰ ਪਤਾ ਸੀ ਕਿ ਭਾਈਆ ਆਪਣੇ ਸੰਦਾਂ ਨੂੰ ਬਹੁਤ ਮੋਹ ਕਰਦਾ ਸੀ। ਫਿਰ ਭਾਈਆ ਮੈਨੂੰ ਵੀ ਕਿਸੇ ਗੱਲੋਂ ਨਹੀਂ ਸੀ ਟੋਕਦਾ। ਮੇਰੀ ਹਰ ਫਰਮਾਇਸ਼ ਝੱਟ ਪੂਰੀ ਕਰਦਾ ਸੀ। ਟੈਲੀਵੀਜਨ ਸਾਡੇ ਘਰ ਉਦੋਂ ਤੋਂ ਹੀ ਸੀ ਜਦ ਕਿਸੇ ਕਿਸੇ ਦੇ ਘਰ ਹੁੰਦਾ ਸੀ। ਮੇਰੇ ਕਹਿਣ 'ਤੇ ਮੈਨੂੰ ਨਵਾਂ ਮੋਟਰ - ਸਾਈਕਲ ਕਢਵਾ ਦਿੱਤਾ ਸੀ। ਜੇਬ ਖਰਚ ਵੀ ਮੈਨੂੰ ਪੂਰਾ ਮਿਲਦਾ।

ਫਿਰ ਇਕ ਦਿਨ ਭਾਈਏ ਨੂੰ ਦਿਲ ਦਾ ਦੌਰਾ ਪੈ ਗਿਆ। ਉਸਦਾ ਬਲੱਡ-ਪਰੈਸ਼ਰ ਜ਼ਿਆਦਾ ਰਹਿੰਦਾ ਸੀ ਤੇ ਉਪਰੋਂ ਦੀ ਉਹ ਸ਼ਰਾਬ ਵੀ ਵਾਹਵਾ ਪੀਂਦਾ ਸੀ। ਹਸਪਤਾਲ ਦੇ ਬੈੱਡ 'ਚ ਪਿਆ ਉਹ ਮੈਨੂੰ ਕਹਿਣ ਲੱਗਿਆ:

"ਮੈਨੂੰ ਪਤਾ ਤੈਨੂੰ ਅਟਾਲ ਦਾ ਕੰਮ ਪਸੰਦ ਨਹੀਂ, ਬੇਸ਼ੱਕ ਨਾ ਕਰੀਂ। ਪਰ ਇਕ ਕੰਮ ਕਰੀਂ ਕਿ ਮੇਰੇ ਸੰਦਾਂ ਨੂੰ ਸੰਭਾਲ ਕੇ ਰੱਖੀਂ, ਇਹਨਾਂ ਦੀ ਬੇਕਦਰੀ ਨਾ ਕਰੀਂ। ਇਹਨਾਂ ਨੂੰ ਸੁੱਟੀਂ ਨਾ, ਜੇ ਦੇਣੇ ਹੋਏ ਤਾਂ ਕਿਸੇ ਹੰਢੇ ਹੋਏ ਕਾਰੀਗਰ ਨੂੰ ਦੇਵੀਂ"।

ਤੇ ਮੈਂ ਭਾਈਏ ਦੀ ਆਖਰੀ ਇੱਛਿਆ ਪੂਰੀ ਨਾ ਕਰ ਸਕਿਆ। ਮੈਂ ਅਟਾਲ ਵੇਚ ਦਿੱਤਾ ਤੇ ਵਿੱਚੇ ਹੀ ਸੰਦ। ਜਿਹਨਾਂ ਨੇ ਅਟਾਲ ਖਰੀਦਿਆ ਉਹਨਾਂ ਨੂੰ ਸੰਦਾਂ ਨਾਲ ਬਹੁਤਾ ਮਤਲਬ ਨਹੀਂ ਸੀ। ਉਹਨਾਂ ਨੇ ਤਾਂ ਸਿਰਫ ਬਾਲਣ ਹੀ ਖਰੀਦਣਾ ਵੇਚਣਾ ਸੀ। ਸੰਦ ਉਹਨਾਂ ਸੁੱਟ-ਕਸੁੱਟ ਕਰ ਦਿੱਤੇ।

ਉਸ ਦਿਨ ਤੋਂ ਸ਼ਾਇਦ ਭਾਈਆ ਬਹੁਤ ਵਾਰ ਮੇਰੇ ਸੁਫਨੇ ਵਿਚ ਆਇਆ। ਪਰ ਉਹ ਸਦਾ ਹੀ ਮੇਰੇ ਨਾਲ ਨਾਰਾਜ਼ ਹੁੰਦਾ ਤੇ ਮੇਰੇ ਤੋਂ ਪਾਸਾ ਜਿਹਾ ਵੱਟਕੇ ਖੜ੍ਹਾ ਹੁੰਦਾ।

...ਅੱਜ ਮੈਂ ਇਕ ਵਧੀਆ ਚਿੱਪੀ ਹਾਂ। ਮੇਰੇ ਜਿਹਾ ਲੱਕੜ ਦਾ ਕਾਰੀਗਰ ਪੂਰੇ ਸਾਊਥਾਲ ਵਿਚ ਨਹੀਂ ਹੋਵੇਗਾ। ਸ਼ਾਇਦ ਇਹ ਭਾਈਏ ਦਾ ਅਸ਼ੀਰਵਾਦ ਹੀ ਹੋਵੇ। ਮੌਕਾ ਮੇਲ ਇਹ ਹੋਇਆ ਕਿ ਲੰਡਨ ਪੁੱਜਦਿਆਂ ਜਿੱਥੇ ਮੈਨੂੰ ਕੰਮ ਮਿਲਿਆ ਉਹ ਲੱਕੜ ਦੀ ਹੀ ਇਕ ਫੈਕਟਰੀ ਸੀ। ਘਰਾਂ ਦੀਆਂ ਅਲਮਾਰੀਆਂ ਬਣਦੀਆਂ ਸਨ। ਇੰਟਰਵਿਊ ਸਮੇਂ ਫੈਕਟਰੀ ਦੇ ਫੋਰਮੈਨ ਨੇ ਮੇਰੇ ਤੋਂ ਕੁਝ ਪੇਚ ਕਸਵਾਕੇ ਦੇਖੇ। ਇਹ ਪੇਚ ਮੇਰੇ ਤੋਂ ਇਵੇਂ ਸਿੱਧੇ ਕਸੇ ਗਏ ਜਿਵੇਂ ਮੈਂ ਇਹ ਕੰਮ ਬੜੀ ਦੇਰ ਤੋਂ ਕਰ ਰਿਹਾ ਹੋਵਾਂ। ਇਸ ਫੈਕਟਰੀ ਵਿਚ ਕੰਮ ਕਰਦਿਆਂ ਲੱਕੜ ਦੇ ਕੰਮ ਵਿਚ ਮੇਰਾ ਹੱਥ ਸਾਫ ਹੋ ਗਿਆ। ਛੁੱਟੀ ਵਾਲੇ ਦਿਨ ਮੈਂ ਆਪਣੇ ਇਕ ਵਾਕਫਕਾਰ ਨਾਲ ਉਸ ਦੇ ਕੰਮ ਵਿਚ ਹੱਥ ਵਟਾਉਣ ਲੱਗਿਆ ਜੋ ਕਿ ਘਰਾਂ ਦੇ ਖਿੜਕੀਆਂ ਦਰਵਾਜ਼ੇ ਲਗਾਇਆ ਕਰਦਾ ਸੀ। ਫਿਰ ਮੈਂ ਫੈਕਟਰੀ ਵਿਚੋਂ ਕੰਮ ਛੱਡਕੇ ਪੱਕੇ ਤੌਰ 'ਤੇ ਹੀ ਉਸ ਵਾਕਫਕਾਰ ਨਾਲ ਕੰਮ 'ਤੇ ਜਾ ਲੱਗਿਆ।

ਇਕ ਦਿਨ ਮੈਨੂੰ ਆਪਣਾ ਇਕ ਪੇਂਡੂ ਮੱਖਣ ਸਿੰਘ ਮਿਲਿਆ। ਮੈਂ ਉਸਨੂੰ ਆਪਣੇ ਕੰਮ ਬਾਰੇ ਦੱਸਿਆ ਤਾਂ ਉਸਨੇ ਮੈਨੂੰ ਆਪਣੇ ਨਾਲ ਕੰਮ ਕਰਨ ਦਾ ਸੱਦਾ ਦੇ ਦਿੱਤਾ। ਉਹ ਘਰ ਬਣਾਉਣ ਦੇ ਠੇਕੇ ਲਿਆ ਕਰਦਾ ਸੀ। ਜਿਵੇਂ ਜਿਵੇਂ ਵੱਖਰੀ ਵੱਖਰੀ ਕਿਸਮ ਦਾ ਕੰਮ ਮੇਰੇ ਹੱਥਾਂ ਵਿਚਦੀ ਨਿਕਲਦਾ ਗਿਆ, ਮੇਰੀ ਮੁਹਾਰਤ ਵਧਦੀ ਗਈ। ਮੈਂ ਮਿਹਨਤ ਵੀ ਬਹੁਤ ਕਰਦਾ ਸਾਂ, ਹਰ ਕੰਮ ਨੂੰ ਧਿਆਨ ਨਾਲ ਕਰਦਾ ਤੇ ਉਸ ਵਿਚ ਪੂਰੀ ਸਫਾਈ ਲਿਆਉਣ ਦੀ ਕੋਸ਼ਿਸ਼ ਕਰਦਾ। ਅੱਜ ਮੈਂ ਤਜਰਬੇਕਾਰ ਚਿੱਪੀ ਦੇ ਤੌਰ 'ਤੇ ਜਾਣਿਆ ਜਾਂਦਾ ਹਾਂ। ਘਰ ਬਣਾਉਣ ਵਾਲੇ ਠੇਕੇਦਾਰ ਲੱਕੜ ਦੇ ਕੰਮ ਲਈ ਮੇਰੇ ਤਕ ਪਹੁੰਚ ਕਰਦੇ ਹਨ। ਮੈਂ ਵੱਡੀ ਸਾਰੀ ਵੈਨ ਰੱਖੀ ਹੋਈ ਹੈ ਜਿਸ ਉਪਰ ਆਪਣੀ ਕੰਪਨੀ ਦਾ ਨਾਂ ਤੇ ਫੋਨ ਨੰਬਰ ਲਿਖਵਾਏ ਹੋਏ ਹਨ। ਲੋਕ ਵੈਨ ਉਪਰੋਂ ਮੇਰਾ ਫੋਨ ਨੰਬਰ ਪੜ੍ਹਕੇ ਵੀ ਮੈਨੂੰ ਕੰਮ ਲਈ ਫੋਨ ਕਰ ਲੈਂਦੇ ਹਨ।

ਵੈਸੇ ਤਾਂ ਮੈਂ ਸਵੇਰ ਦਾ ਕੰਮ 'ਤੇ ਨਿਕਲਿਆ ਸ਼ਾਮ ਨੂੰ ਹੀ ਪਰਤਦਾ ਹਾਂ ਪਰ ਕਈ ਵਾਰ ਕੰਮ ਜਲਦੀ ਮੁੱਕ ਜਾਵੇ ਤਾਂ ਛੇਤੀ ਵਿਹਲਾ ਵੀ ਹੋ ਜਾਂਦਾ ਹਾਂ। ਸਾਡੀ ਰੋਡ 'ਤੇ ਹੀ ਰਹਿੰਦਾ ਇਕ ਬੁੱਢਾ ਅੰਗਰੇਜ਼ ਆਪਣੀ ਸੋਟੀ ਸਹਾਰੇ ਤੁਰਦਾ ਹੋਇਆ ਜਦ ਮੇਰੇ ਘਰ ਅੱਗੋਂ ਦੀ ਲੰਘਦਾ ਤਾਂ ਇਕ ਪਲ ਲਈ ਰੁਕਕੇ ਡਰਾਈਵ ਵੇਅ ਵਿਚ ਖੜ੍ਹੀ ਮੇਰੀ ਵੈਨ ਵੱਲ ਦੇਖਦਾ। ਜੇਕਰ ਮੈਂ ਬਾਹਰ ਖੜ੍ਹਾ ਹੁੰਦਾ ਤਾਂ ਉਸਨੂੰ 'ਹੈਲੋ' ਵੀ ਕਹਿ ਦਿੰਦਾ। ਕਦੇ ਕਦਾਈਂ ਮੌਸਮ ਬਾਰੇ ਜਾਂ ਉਸਦੀ ਸਿਹਤ ਬਾਰੇ ਗੱਲ ਵੀ ਹੋ ਜਾਂਦੀ। ਇਕ ਦਿਨ ਉਸ ਨੇ ਅਚਾਨਕ ਹੀ ਮੈਨੂੰ ਸਵਾਲ ਕੀਤਾ:

"ਕਿੰਨਾ ਕੁ ਵਧੀਆ ਚਿੱਪੀ ਐਂ ਤੂੰ?"

"ਮੈਂ ਬੱਸ ਕੰਮ ਚਲਾ ਲੈਨਾਂ", ਉਸਦੇ ਅਜੀਬ ਜਿਹੇ ਸਵਾਲ ਦਾ ਮੈਂ ਸਿੱਧਾ ਜਿਹਾ ਉੱਤਰ ਦਿੰਦਿਆਂ ਕਿਹਾ।

ਉਹ ਫਿਰ ਬੋਲਿਆ, "ਮੇਰਾ ਨਾਂ ਜੇਮਜ਼ ਐ, ਇਸ ਰੋਡ ਦੇ ਅਖੀਰ ਵਿਚ ਰਹਿਨਾਂ, ਸਤਾਨਵੇਂ ਨੰਬਰ ਵਿਚ, ਕਦੇ ਮੈਂ ਵੀ ਚਿੱਪੀ ਹੋਇਆ ਕਰਦਾ ਸਾਂ"।

"ਜੇਮਜ਼ ਤੂੰ ਹਾਲੇ ਵੀ ਚਿੱਪੀ ਐਂ, ਜਿਹੜਾ ਇਕ ਵਾਰ ਚਿੱਪੀ ਬਣ ਗਿਆ ਉਹ ਸਦਾ ਹੀ ਚਿੱਪੀ ਰਹਿੰਦੈ"।

"ਨਹੀਂ ਨੌਜਵਾਨ, ਹੁਣ ਮੈਂ ਬਹੁਤ ਬੁੱਢਾ ਹੋ ਚੁੱਕਾਂ", ਉਹ ਆਪਣੇ ਹੱਥ ਵਿਚਲੀ ਸੋਟੀ ਦਿਖਾਉਂਦਾ ਕਹਿਣ ਲੱਗਿਆ। ਇਕ ਪਲ ਰੁਕ ਕੇ ਉਸਨੇ ਫਿਰ ਕਿਹਾ:

"ਮੈਂ ਹੇਠਾਂ ਅਖਬਾਰਾਂ ਦੀ ਦੁਕਾਨ ਵਿਚ ਜਾਇਆ ਕਰਦਾਂ, ਜੋ ਕਿ ਤੈਨੂੰ ਜਾਣਦੇ, ਉਸਨੇ ਮੈਨੂੰ ਦੱਸਿਆ ਕਿ ਤੂੰ ਵਧੀਆ ਕਾਰੀਗਰ ਐਂ। ਮੈਂ ਤੇਰਾ ਕੰਮ ਦੇਖਣਾ ਚਾਹਾਂਗਾ"।

ਸਾਡੀ ਰੋਡ ਤੋਂ ਹੇਠਾਂ ਨੂੰ ਜਾਂਦਿਆਂ ਕੁਝ ਦੁਕਾਨਾਂ ਸਨ ਤੇ ਉਹ ਸਾਰੇ ਦੁਕਾਨਦਾਰ ਹੀ ਮੇਰੇ ਵਾਕਫ ਸਨ। ਹੋ ਸਕਦਾ ਹੈ ਕਿਸੇ ਨੇ ਮੇਰੇ ਬਾਰੇ ਦੱਸ ਦਿੱਤਾ ਹੋਵੇ। ਮੈਂ ਉਸਨੂੰ ਆਖਿਆ:

"ਠੀਕ ਐ ਜੇਮਜ਼, ਕਿਸੇ ਦਿਨ ਮੈਂ ਤੈਨੂੰ ਉਸ ਸਾਈਟ 'ਤੇ ਲੈ ਚੱਲਾਂਗਾ ਜਿੱਥੇ ਮੇਰਾ ਕੰਮ ਚਲਦਾ ਹੋਇਆ"।

"ਮੇਰੇ ਕੰਮ ਨੂੰ ਵੀ ਲੋਕ ਦੂਰੋਂ ਦੂਰੋਂ ਦੇਖਣ ਆਇਆ ਕਰਦੇ ਸਨ"।

ਅਗਲੀ ਵਾਰ ਜੇਮਜ਼ ਮੈਨੂੰ ਮਿਲਿਆ ਤਾਂ ਉਸਦੇ ਹੱਥ ਵਿਚ ਇਕ ਫਾਈਲ ਸੀ। ਉਹ ਫਾਈਲ ਖੋਹਲ ਕੇ ਮੈਨੂੰ ਦਿਖਾਉਣ ਲੱਗਿਆ। ਫਾਈਲ ਵਿਚ ਉਸਦੀਆਂ ਪੁਰਾਣੀਆਂ ਤਸਵੀਰਾਂ ਸਨ। ਕਿਧਰੇ ਉਹ ਵੱਡੀ ਸਾਰੀ ਇਮਾਰਤ ਉਪਰ ਹੱਥ ਵਿਚ ਹਥੌੜਾ ਫੜੀ ਖੜ੍ਹਾ ਸੀ, ਕਿਧਰੇ ਉਹ ਆਪਣੇ ਕਿਸੇ ਹੋਰ ਕੰਮ ਵਿਚ ਮਸਰੂਫ ਸੀ, ਕਿਧਰੇ ਉਹ ਅਫਸਰ-ਨੁਮਾ ਲੋਕਾਂ ਨਾਲ ਖੜ੍ਹਾ ਸੀ। ਤੇ ਕੁਝ ਕੁ ਅਖਬਾਰਾਂ ਦੀਆਂ ਕਟਿੰਗ ਵੀ ਸਨ ਜਿਹਨਾਂ ਵਿਚ ਜੇਮਜ਼ ਦੇ ਕੰਮ ਦੀ ਤਾਰੀਫ ਕੀਤੀ ਹੋਈ ਸੀ। ਫਾਈਲ ਤੋਂ ਪਤਾ ਚਲਦਾ ਸੀ ਕਿ ਆਪਣੇ ਵੇਲੇ ਦਾ ਉਹ ਖਾਸ ਮਿਸਤਰੀ ਸੀ।

ਹੁਣ ਮੇਰੇ ਬੱਚੇ ਵੱਡੇ ਹੋ ਰਹੇ ਸਨ ਤੇ ਤਿੰਨੋਂ ਹੀ ਆਪਣਾ ਅਲੱਗ ਅਲੱਗ ਕਮਰਾ ਮੰਗ ਰਹੇ ਸਨ। ਘਰ ਦੇ ਨਾਲ ਪਈ ਥਾਂ ਵੱਲ ਨੂੰ ਘਰ ਵਧਾਉਣ ਲਈ ਕੌਂਸਲ ਤੋਂ ਨਕਸ਼ਾ ਪਾਸ ਕਰਵਾਇਆ ਤੇ ਘਰ ਬਣਾਉਣਾ ਸ਼ੁਰੂ ਕਰ ਦਿੱਤਾ। ਇੱਟਾਂ ਦਾ ਕੰਮ ਕਿਸੇ ਰਾਜ ਤੋਂ ਕਰਵਾ ਲਿਆ, ਲੱਕੜ ਦਾ ਕੰਮ ਤਾਂ ਮੈਂ ਆਪ ਹੀ ਕਰਨਾ ਸੀ। ਇਕ ਦਿਨ ਮੈਂ ਜੇਮਜ਼ ਨੂੰ ਆਪਣਾ ਕੰਮ ਦੇਖਣ ਦਾ ਸੱਦਾ ਦਿੱਤਾ। ਜੇਮਜ਼ ਆਇਆ, ਮੈਂ ਉਸ ਦੇ ਬੈਠਣ ਲਈ ਕੁਰਸੀ ਲਿਆ ਦਿੱਤੀ। ਉਹ ਕੁਰਸੀ 'ਤੇ ਨਾ ਬੈਠਿਆ, ਸਗੋਂ ਮੇਰੇ ਪਿੱਛੇ ਖੜ੍ਹਾ ਮੈਨੂੰ ਕੰਮ ਕਰਦੇ ਨੂੰ ਦੇਖਦਾ ਰਿਹਾ। ਮੈਂ ਆਪਣੇ ਧਿਆਨ ਚੁੱਪ-ਚਾਪ ਕੰਮ ਕਰਦਾ ਰਿਹਾ। ਮੈ ਕੰਮ ਕਰਕੇ ਰੁਕਿਆ ਤਾਂ ਉਹ ਬੋਲਿਆ:

"ਚੰਗੇ ਚਿੱਪੀ ਦਾ ਪਹਿਲਾ ਵੱਡਾ ਗੁਣ ਤੇਰੇ ਵਿਚ ਹੈ, ਚੰਗਾ ਚਿੱਪੀ ਉਹ ਜਿਹੜਾ ਕੰਮ ਕਰਦੇ ਸਮੇਂ ਕਿਸੇ ਨਾਲ ਗੱਲ ਨਾ ਕਰੇ"।

ਫਿਰ ਉਹ ਮੇਰੇ ਕੀਤੇ ਕੰਮ ਨੂੰ ਛੋਹ ਕੇ ਦੇਖਣ ਲੱਗਿਆ ਤੇ ਕੁਝ ਕਹੇ ਬਿਨਾਂ ਚਲੇ ਗਿਆ। ਫਿਰ ਜਿੰਨੇ ਦਿਨ ਘਰ ਵਿਚ ਕੰਮ ਚਲਦਾ ਰਿਹਾ, ਜੇਮਜ਼ ਰੋਜ਼ ਆਉਂਦਾ ਤੇ ਇਕ ਪਾਸੇ ਖੜ੍ਹਾ ਮੇਰੇ ਕੰਮ ਨੂੰ ਦੇਖਦਾ ਰਹਿੰਦਾ, ਬਹੁਤਾ ਕੁਝ ਕਹੇ ਬੋਲੇ ਬਿਨਾਂ ਚਲੇ ਜਾਂਦਾ। ਘਰ ਤਿਆਰ ਹੋ ਗਿਆ। ਜੇਮਜ਼ ਨੇ ਨਵੇਂ ਬਣੇ ਕਮਰਿਆਂ ਵਿਚ ਘੁੰਮ ਕੇ ਦੇਖਿਆ। ਦਰਵਾਜ਼ਿਆਂ 'ਤੇ ਉਂਗਲਾਂ ਫੇਰ ਫੇਰ ਕੇ ਦੇਖੀਆਂ। ਛੱਤ ਤੇ ਫਰਸ਼ ਨੂੰ ਪੈਰਾਂ ਨਾਲ ਦਮ ਦੇ ਦੇ ਕੇ ਦੇਖਿਆ ਤੇ ਕਹਿਣ ਲੱਗਿਆ:

"ਬਹੁਤ ਖੂਬ! ਅੱਜ ਕਲ ਵਧੀਆ ਚਿੱਪੀ ਘੱਟ ਤੇ ਕਾਓ-ਬੁਆਏ ਬਹੁਤੇ ਮਿਲਦੇ ਐ, ਪਰ ਨੌਜਵਾਨ ਤੇਰੇ ਕੰਮ ਦਾ ਮੁਕਾਬਲਾ ਨਹੀਂ। ਤੇਰਾ ਪਿਉ ਵੀ ਤੇਰਾ ਕੰਮ ਦੇਖੇ ਤਾਂ ਤੇਰੇ 'ਤੇ ਬਹੁਤ ਮਾਣ ਕਰੇ"।

"ਜੇਮਜ਼, ਇਹ ਦੇਖਣ ਲਈ ਮੇਰਾ ਪਿਉ ਇਸ ਦੁਨੀਆਂ ਵਿਚ ਨਹੀਂ ਰਿਹਾ", ਮੈਂ ਉਦਾਸ ਹੁੰਦਿਆਂ ਦੱਸਿਆ।

ਉਹ ਆਪਣੀ ਛਾਤੀ ਉਪਰ ਕਰੌਸ ਬਣਾਉਂਦਾ ਬੋਲਿਆ:

"ਓ! ਆਏ ਐਮ ਸੌਰੀ"।

ਜੇਮਜ਼ ਦੀਆਂ ਗੱਲਾਂ ਸੁਣਕੇ ਮੇਰਾ ਮਨ ਖੁਸ਼ੀ ਨਾਲ ਭਰ ਗਿਆ। ਇਕ ਪੁਰਾਣੇ ਮਿਸਤਰੀ ਵੱਲੋਂ ਮਿਲਿਆ ਇਹ ਇਨਾਮ ਮੇਰੇ ਲਈ ਬਹੁਤ ਅਹਿਮ ਸੀ। ਮੇਰਾ ਮਨ ਚਾਹ ਰਿਹਾ ਸੀ ਕਿ ਕਾਸ਼ ਅੱਜ ਭਾਈਆ ਜਿਉਂਦਾ ਹੁੰਦਾ।

ਇਕ ਦਿਨ ਸਵੇਰੇ ਵੇਲੇ ਸਿਰ ਹੀ ਜੇਮਜ਼ ਨੇ ਸਾਡਾ ਦਰਵਾਜ਼ਾ ਆ ਖੜਕਾਇਆ। ਮੈਂ ਕੰਮ 'ਤੇ ਜਾਣ ਵਾਸਤੇ ਤਿਆਰ ਹੋ ਰਿਹਾ ਸਾਂ। ਮੈਂ ਬਾਹਰ ਆਇਆ ਤਾਂ ਜੇਮਜ਼ ਇਕ ਰੇਹੜੀ ਜਿਹੀ ਲਈ ਖੜ੍ਹਾ ਸੀ। ਮੈਂ ਪੁੱਛਿਆ:

"ਇਹ ਕੀ ਐ ਜੇਮਜ਼"?

"ਇਹ ਮੇਰੇ ਸੰਦ ਐ, ਇਹਨਾਂ ਨੇ ਸਾਰੀ ਉਮਰ ਮੇਰਾ ਸਾਥ ਨਿਭਾਇਆ, ਮੈਂ ਆਪਣਾ ਕੋਈ ਸੰਦ ਕਦੇ ਕਿਸੇ ਨੂੰ ਨਹੀਂ ਦਿੱਤਾ। ਕਈ ਲੋਕਾਂ ਨੇ ਮੇਰੇ ਤੋਂ ਇਹ ਸੰਦ ਮੰਗੇ ਪਰ ਮੇਰੀ ਤਮੰਨਾ ਸੀ ਕਿ ਕਿਸੇ ਵਧੀਆ ਕਾਰੀਗਰ ਨੂੰ ਹੀ ਇਹ ਸੰਦ ਦੇਵਾਂ। ਮੇਰੀ ਜ਼ਿੰਦਗੀ ਦਾ ਹੁਣ ਕੋਈ ਭਰੋਸਾ ਨਹੀਂ, ਸੋ ਤੂੰ ਇਹ ਸੰਦ ਕਬੂਲ ਕਰ"।

ਮੈਂ ਰੇਹੜੀ ਵਿਚ ਪਏ ਸੰਦਾਂ ਵੱਲ ਦੇਖਿਆ। ਪੁਰਾਣੀ ਕਿਸਮ ਦੇ ਸੰਦ ਸਨ। ਮੇਰੇ ਕੋਲ ਤਾਂ ਪਹਿਲਾਂ ਹੀ ਬਹੁਤ ਸੰਦ ਸਨ ਤੇ ਸਨ ਵੀ ਆਧੁਨਿਕ ਕਿਸਮ ਦੇ ਬਿਜਲਈ ਸੰਦ। ਇਹ ਪੁਰਾਣੇ ਸੰਦ ਮੇਰੇ ਕਿਸੇ ਵੀ ਕੰਮ ਨਹੀਂ ਸਨ ਆਉਣੇ, ਇਹਨਾਂ ਨੇ ਜਗ੍ਹਾ ਹੀ ਰੋਕਣੀ ਸੀ। ਮੇਰੀ ਪਤਨੀ ਤਾਂ ਪਹਿਲਾਂ ਹੀ ਘਰ ਵਿਚ ਖਿਲਰੇ ਮੇਰੇ ਸੰਦਾਂ ਕਾਰਨ ਲੜਦੀ ਰਹਿੰਦੀ ਸੀ। ਮੈਂ ਜੇਮਜ਼ ਨੂੰ ਕਿਹਾ:

"ਮੈਨੂੰ ਅਫਸੋਸ ਐ ਜੇਮਜ਼, ਮੈਂ ਤੇਰੇ ਇਹ ਸੰਦ ਨਹੀਂ ਲੈ ਸਕਾਂਗਾ"।

"ਕਿਉਂ?"

"ਮੇਰੇ ਕੋਲ ਪਹਿਲਾਂ ਹੀ ਵਾਧੂ ਸੰਦ ਨੇ"।

"ਨੌਜਵਾਨ, ਸਾਡੇ ਕਿੱਤੇ ਵਿਚ ਕਦੇ ਸੰਦ ਵੀ ਵਾਧੂ ਹੋਏ ਆ!"

"ਤੇ ਜੇਮਜ਼, ਮੈਂ ਕਿਸੇ ਹੋਰ ਦੇ ਸੰਦਾਂ ਨਾਲ ਕੰਮ ਵੀ ਨਹੀਂ ਕਰ ਸਕਦਾ, ਦੂਜੇ ਦੇ ਸੰਦਾਂ ਨਾਲ ਕੰਮ 'ਤੇ ਉਹ ਸਫਾਈ ਵੀ ਨਹੀਂ ਆਉਂਦੀ"।

ਮੈਂ ਸਾਫ ਇਨਕਾਰ ਕਰ ਦਿੱਤਾ। ਜੇਮਜ਼ ਨੇ ਮੇਰੇ ਵੱਲ ਦੇਖਿਆ ਤੇ ਫਿਰ ਢਿੱਲੀ ਜਿਹੀ ਆਵਾਜ਼ ਵਿਚ ਕਹਿਣ ਲੱਗਿਆ:

"ਜਿਵੇਂ ਤੇਰੀ ਮਰਜ਼ੀ"।

ਕਹਿ ਕੇ ਉਹ ਰੇਹੜੀ ਰੋਹੜਦਾ ਆਪਣੇ ਘਰ ਵੱਲ ਨੂੰ ਤੁਰ ਪਿਆ। ਮੈਂ ਉਸ ਨੂੰ ਦੂਰ ਤਕ ਜਾਂਦੇ ਨੂੰ ਦੇਖਦਾ ਰਿਹਾ।

ਉਸ ਦਿਨ ਤੋਂ ਬਾਅਦ ਜੇਮਜ਼ ਨੇ ਕਦੇ ਵੀ ਰੁਕ ਕੇ ਮੇਰੇ ਨਾਲ ਗੱਲ ਨਾ ਕੀਤੀ। ਜੇ ਕਦੇ ਮਿਲਦਾ ਤਾਂ ਦੂਰੋਂ ਹੀ ਹੱਥ ਹਿਲਾ ਕੇ ਲੰਘ ਜਾਂਦਾ। ਫਿਰ ਕਈ ਦਿਨ ਮੈਂ ਜੇਮਜ਼ ਨੂੰ ਦੇਖਿਆ ਹੀ ਨਾ। ਇਕ ਦਿਨ ਸਾਡੀ ਗੋਰੀ ਗੁਆਂਢਣ ਮਾਰਗਰੇਟ ਕਹਿਣ ਲੱਗੀ:

"ਜਿਹੜਾ ਬੁੱਢਾ ਤੇਰੇ ਕੋਲ ਆਇਆ ਕਰਦਾ ਸੀ, ਉਸ ਦੀ ਮੌਤ ਹੋ ਗਈ"।

ਮੈਨੂੰ ਇਕ ਧੱਕਾ ਜਿਹਾ ਲੱਗਿਆ ਕਿ ਇਹ ਕੀ ਹੋ ਗਿਆ ਤੇ ਕਿਵੇਂ। ਮੈਨੂੰ ਇਹ ਤਾਂ ਪਤਾ ਸੀ ਕਿ ਜੇਮਜ਼ ਇਸੇ ਰੋਡ 'ਤੇ ਸਤਾਨਵੇਂ ਨੰਬਰ ਵਿਚ ਰਹਿੰਦਾ ਸੀ ਪਰ ਉਸ ਦਾ ਹੋਰ ਪਰਿਵਾਰ ਕੀ ਕੀ ਸੀ ਜਾਂ ਉਸ ਦੇ ਘਰ ਵਿਚ ਕੌਣ ਕੌਣ ਸਨ, ਇਸ ਬਾਰੇ ਕੁਝ ਨਹੀਂ ਸੀ ਪਤਾ। ਪਰ ਮੇਰੇ ਕੋਲੋਂ ਰਿਹਾ ਨਾ ਗਿਆ ਤੇ ਮੈਂ ਉਸ ਦੇ ਘਰ ਜਾ ਹੀ ਪੁੱਜਾ। ਇਕ ਬੁੱਢੀ ਔਰਤ ਨੇ ਦਰਵਾਜ਼ਾ ਖੋਲ੍ਹਿਆ। ਮੈਂ ਦੱਸਣ ਲੱਗਿਆ:

"ਮੈਂ ਜੇਮਜ਼ ਦਾ ਦੋਸਤ ਆ, ਮੈਨੂੰ ਅੱਜ ਈ ਪਤਾ ਚੱਲਿਆ ਕਿ ਉਹ ਪੂਰਾ ਹੋ ਗਿਆ ਐ, ਕੀ ਉਹ ਬਿਮਾਰ ਸੀ?"

"ਆ ਜਾ, ਪਹਿਲਾਂ ਅੰਦਰ ਲੰਘ ਆ"।

ਮੈਂ ਉਸ ਦੇ ਮਗਰ ਹੀ ਅੰਦਰ ਚਲੇ ਗਿਆ। ਉਸ ਨੇ ਮੈਨੂੰ ਸੈੱਟੀ 'ਤੇ ਬੈਠਣ ਦਾ ਇਸ਼ਾਰਾ ਕੀਤਾ ਤੇ ਆਪ ਵੀ ਬੈਠ ਗਈ ਤੇ ਬੋਲੀ:

"ਨਹੀਂ, ਉਹ ਬਿਮਾਰ ਨਹੀਂ ਸੀ, ਬੱਸ ਉਦਾਸ ਜਿਹਾ ਰਹਿੰਦਾ ਸੀ। ਪਰਸੋਂ ਇਥੇ ਸੈੱਟੀ 'ਤੇ ਬੈਠਾ ਬੈਠਾ ਹੀ ਟੇਢਾ ਹੋ ਗਿਆ, ਐਂਬੂਲੈਂਸ ਦੇ ਆਉਣ ਤਕ ਉਸ ਦੇ ਪ੍ਰਾਣ ਨਿਕਲ ਚੁੱਕੇ ਸਨ"।

"ਬਹੁਤ ਠੰਢੇ ਸੁਭਾਅ ਦਾ ਸੀ ਜੇਮਜ਼"!

"ਬਿਲਕੁਲ, ਏਨੇ ਸਾਲਾਂ ਵਿਚ ਸਾਡੀ ਕਦੇ ਵੀ ਲੜਾਈ ਨਹੀਂ ਹੋਈ"।

"ਜੇਮਜ਼ ਕਾਰੀਗਰ ਵੀ ਬਹੁਤ ਵਧੀਆ ਸੀ"।

"ਉਹਦਾ ਕੋਈ ਮੁਕਾਬਲਾ ਨਹੀਂ ਸੀ। ਕੋਈ ਵੇਲਾ ਸੀ ਜਦੋਂ ਇਮਾਰਤਸਾਜ਼ੀ ਦੇ ਵਿਉਪਾਰਕ ਖੇਤਰ ਵਿਚ ਜੇਮਜ਼ ਦੇ ਨਾਂ ਦੀਆਂ ਧੁੰਮਾਂ ਸਨ। ਅਸੀਂ ਬਹੁਤ ਨਾਂ ਕਮਾਇਆ ਤੇ ਬਹੁਤ ਪੈਸੇ। ਜੇਮਜ਼ ਨੂੰ ਬੱਸ ਇਕੋ ਝੋਰਾ ਸੀ ਕਿ ਉਸ ਦੇ ਮੁੰਡਿਆਂ ਵਿਚੋਂ ਕੋਈ ਚਿੱਪੀ ਨਾ ਬਣਿਆਂ। ਉਸ ਦੇ ਕਿੱਤੇ ਨੂੰ ਕਿਸੇ ਨੇ ਵੀ ਨਹੀਂ ਅਪਣਾਇਆ"।

"ਇਕ ਬਾਪ ਲਈ ਇਹ ਤਾਂ ਹੋ ਈ ਜਾਂਦੈ"।

"ਇਕ ਝੋਰਾ ਉਸ ਨੂੰ ਹੋਰ ਵੀ ਸੀ"।

"ਉਹ ਕਿਹੜਾ?"

"ਜੇਮਜ਼ ਆਪਣੇ ਸੰਦ, ਜਿਹਨਾਂ ਨਾਲ ਉਸਨੇ ਏਨਾ ਨਾਂ ਕਮਾਇਆ ਸੀ, ਕਿਸੇ ਅਜਿਹੇ ਚਿੱਪੀ ਨੂੰ ਦੇਣਾ ਚਾਹੁੰਦਾ ਸੀ ਜੋ ਉਸਦੀ ਟੱਕਰ ਦਾ ਹੋਵੇ। ਪਹਿਲਾਂ ਤਾਂ ਉਸਨੂੰ ਕੋਈ ਅਜਿਹਾ ਕਾਰੀਗਰ ਮਿਲਿਆ ਹੀ ਨਹੀਂ। ਹੁਣ ਇਕ ਮਿਲਿਆ ਵੀ ਤਾਂ ਉਸ ਨੇ ਅੱਗੋਂ ਜੇਮਜ਼ ਦੇ ਸੰਦ ਲੈਣੋਂ ਇਨਕਾਰ ਕਰ ਦਿੱਤਾ। ਬੱਸ ਉਸ ਦਿਨ ਤੋਂ ਹੀ ਜੇਮਜ਼ ਉਦਾਸ ਰਹਿਣ ਲੱਗਿਆ ਸੀ"। ਜੇਮਜ਼ ਦੀ ਪਤਨੀ ਦੱਸ ਰਹੀ ਸੀ।

ਮੈਨੂੰ ਜਾਪਿਆ ਕਿ ਮੈਂ ਇਕ ਵਾਰ ਫਿਰ ਭਾਈਏ ਨੂੰ ਨਾਰਾਜ਼ ਕਰ ਲਿਆ ਹੈ। ☐☐

[67 Hillside Road, Southall, Middx., U.K.

ਟੁੱਟੀ ਮਾਲਾ ਦੇ ਮਣਕੇ

ਗੁਰਸੇਵਕ ਸਿੰਘ ਪ੍ਰੀਤ

'ਲੈ ਐਵੇਂ ਐਨੇ ਪੈਸੇ ਲਾਉਣ ਦੀ ਕੀ ਲੋੜ ਸੀ, ਪਹਿਲਾਂ ਈ ਬਥੇਰਾ ਕੁਝ ਹੈਗਾ ਮੇਰੇ ਕੋਲ ...' ਡੁੱਲ੍ਹ-ਡੁੱਲ੍ਹ ਪੈਂਦੇ ਹਾਸੇ ਤੇ ਚਾਅ ਨਾਲ ਲਰਜ਼ਦੀ ਅੰਜੂ ਨੇ ਨੀਰਜ ਨੂੰ ਕਿਹਾ।

ਉਹ ਆਪਣੇ ਗਲ ਸੋਨੇ ਦਾ ਹਾਰ ਪਾਉਂਦੀ ਸ਼ੀਸ਼ੇ ਮੂਹਰੇ ਜਾ ਖੜ੍ਹੀ ਹੋਈ। ਨੀਰਜ ਉਸ ਵੱਲ ਦੇਖ ਕੇ ਮੁਸਕਰਾ ਰਿਹਾ ਸੀ। ਜਿਵੇਂ ਉਸਨੂੰ ਇਸ ਸਭ ਕਾਸੇ ਦਾ ਪਹਿਲਾਂ ਹੀ ਪਤਾ ਹੋਵੇ। ਅੰਜੂ ਨੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਨਿਹਾਰ ਕੇ ਡਰੈਸਿੰਗ ਰੂਮ ਦੇ ਬੂਹੇ ਵਿਚ ਹਾਰ ਵਾਲਾ ਖਾਲੀ ਡੱਬਾ ਫੜੀ ਖੜੇ ਨੀਰਜ ਵੱਲ ਬੜੇ ਪਿਆਰ ਨਾਲ ਦੇਖਿਆ। ਫਿਰ ਇਕਦਮ ਗੰਭੀਰ ਹੋ ਕੇ ਉਸਦੇ ਗਲ ਆ ਲੱਗੀ। ਪਿਆਰ ਦੇ ਉਮੜਦੇ ਜਜ਼ਬੇ ਕਾਰਨ ਉਸਦੀਆਂ ਅੱਖਾਂ ਭਰ ਆਈਆਂ ਸਨ।

ਨੀਰਜ ਨੇ ਉਸਨੂੰ ਦੋਹਾਂ ਮੋਢਿਆਂ ਤੋਂ ਫੜ ਕੇ ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ, 'ਅੰਜੂ ਇਹ ਹਾਰ ਪਾ ਕੇ ਤੈਨੂੰ ਓਨੀ ਖੁਸ਼ੀ ਨਹੀਂ ਹੋਈ ਹੋਣੀ, ਜਿੰਨੀ ਮੈਨੂੰ ਹੋਈ ਆ ... ਮਰਦ ਨੂੰ ਜੋ ਆਨੰਦ ਇਸਤਰੀ ਦੀ ਸੁੰਦਰਤਾ 'ਚ ਵਾਧਾ ਕਰਕੇ ਮਿਲਦੈ ਉਸਦਾ ਸੁਆਦ ਹੀ ਵੱਖਰਾ ਹੁੰਦਾ।'

'ਯੇਹ ਮੈਂ ਨਹੀਂ ਕਹਿਤਾ ਵਿਦਵਾਨ ਕਹਿਤੇ ਹੈਂ।' ਉਸਨੇ ਚਟਕਾਰਾ ਲੈਂਦੇ ਹੋਏ ਕਿਹਾ ਤੇ ਅੰਜੂ ਦੀ ਗੱਲ੍ਹ 'ਤੇ ਚੂੰਢੀ ਵੱਢੀ।

ਅੰਜੂ ਨੇ ਝੂਠੀ-ਮੂਠੀ ਮੂੰਹ ਫੁਲਾਇਆ ਤੇ ਅੱਖਾਂ ਟੱਡ ਕੇ ਉਸ ਵੱਲ ਵੇਖਿਆ। ਫਿਰ ਰੋਸ ਭਰੀ ਆਵਾਜ਼ ਵਿਚ ਬੋਲੀ, 'ਆਹੋ ਤੁਸੀਂ ਤਾਂ ਸਾਰੇ ਕੰਮ ਵਿਦਵਾਨਾਂ ਤੋਂ ਪੁੱਛ ਕੇ ਈ ਕਰਦੇ ਓ... ਮੈਨੂੰ ਪਤਾ ਤੁਹਾਡੇ ਵੱਡੇ ਵਿਦਵਾਨ ਹੋਰ ਕੀ ਕੁਝ ਕਹਿੰਦੇ ਨੇ।'

ਅਗਲੇ ਹੀ ਪਲ ਉਹ ਦੋਵੇਂ ਹੱਸਦੇ ਹੋਏ ਡਰਾਇੰਗ ਰੂਮ ਵਿਚ ਆ ਗਏ।

ਅੰਜੂ ਚਾਹ ਲੈ ਆਈ।

ਉਸਨੇ ਨੀਰਜ ਅੱਗੇ ਟਰੇਅ ਰੱਖਦਿਆਂ ਕਿਹਾ, 'ਨਾ ਸੁਣੋ ਮੇਰੇ ਕੋਲ ਪਹਿਲਾਂ ਈ ਦੋ ਸੈੱਟ ਪਏ ਨੇ। ਉਹੀ ਬਹੁਤ ਘੱਟ ਪਾਉਣ ਦਾ ਮੌਕਾ ਮਿਲਦੈ। ਹੋਰ ਕੀ ਕਰਨਾ ... ਤੁਸੀਂ ਵੀ ਨਾ ਕਈ ਵਾਰ ਐਵੇਂ ਕਮਲ ਮਾਰਦੇ ਓ...'।

'ਆਹੋ... ਉੱਤੋਂ ਉੱਤੋਂ... ਓਦਣ ਕੇ. ਸ਼ਰਮਾ ਦੀ ਪ੍ਰੋਮੋਸ਼ਨ ਪਾਰਟੀ 'ਚ ਤਾਂ ਬੜੀਆਂ ਲਾਲ੍ਹਾਂ ਸੁੱਟੀ ਬੈਠੀ ਸੀ, ਨੰਦਨੀ ਦੇ ਸੈੱਟ 'ਤੇ ... ਹੈਂ... ਜਿਵੇਂ ਮੈਂ ਨਹੀਂ ਜਾਣਦਾ।' ਨੀਰਜ ਨੇ ਚਾਹ ਦੀ ਘੁੱਟ ਭਰਦਿਆਂ ਕਿਹਾ।

'ਲੈ ਉਹ ਤਾਂ ਵੱਖਰੀ ਗੱਲ ਆ, ਬਈ ਕੋਈ ਚੀਜ਼ ਮੈਨੂੰ ਚੰਗੀ ਲੱਗੀ ਤੇ ਮੈਂ ਤੁਹਾਡੇ ਨਾਲ ਸ਼ੇਅਰ ਕਰ ਲਈ। ਕੋਈ ਡੀਮਾਂਡ ਤਾਂ ਨਹੀਂ ਸੀ ਕੀਤੀ ਤੇ ਨਾ ਹੀ...'।

ਟਨ...ਟਨ...ਟਨ...ਬੂਹੇ ਦੀ ਘੰਟੀ ਵੱਜੀ। ਅੰਜੂ ਨੇ ਦਰਵਾਜ਼ਾ ਖੋਲ੍ਹਿਆ। ਬੱਚੇ ਟਿਊਸ਼ਨ ਤੋਂ ਆਏ ਸਨ। ਵੱਡੀ ਲੜਕੀ ਬੇਬੀ ਆਪਣੇ ਕਮਰੇ ਵਿਚ ਚਲੀ ਗਈ। ਛੋਟਾ ਚਾਰਲੀ ਨੀਰਜ ਦੀ ਗੋਦ 'ਚ ਵੜਦਿਆਂ ਕਹਿਣ ਲੱਗਿਆ,'ਪਾਪਾ ਪਾਪਾ ਸਮਰ ਹੋਲੀਡੇਜ਼ 'ਚ ਨਾ ... ਵ੍ਹੀ ਗੋ ਟੂ ਡਲ੍ਹੌਜ਼ੀ... ਮੇਰੇ ਫਰੈਂਡ ਕਹਿੰਦੇ ਨੇ ਉਥੇ ਬੈੱਸਟ ਐਨਜੁਆਏ ਹੁੰਦੇ ... ਹੈਂ ਪਾਪਾ... ਹੈਂ...।'

'ਓ ਕੇ ਓ ਕੇ ... ਬੱਟ ਨਾਓ ਯੂ ਚੇਂਜ ਯੂਅਰ ਡਰੈੱਸ...ਗੋ' ਕਹਿਕੇ ਨੀਰਜ ਨੇ ਚਾਰਲੀ ਨੂੰ ਗੋਦੀ ਵਿਚੋਂ ਲਾਹ ਦਿੱਤਾ।

000

ਨੀਰਜ ਗਰਗ, ਬੀਮਾ ਕੰਪਨੀ ਵਿਚ ਵਿਕਾਸ ਅਧਿਕਾਰੀ ਸੀ। ਉਸਦੀ ਪਤਨੀ ਅੰਜਨਦੀਪ ਬਰਾੜ ਕਾਲਿਜ ਲੈਕਚਰਾਰ। ਦੋਹਾਂ ਨੇ ਪਿਆਰ ਵਿਆਹ ਕਰਵਾਇਆ ਸੀ। ਪਹਿਲਾਂ-ਪਹਿਲ ਤਾਂ

ਦੋਹਾਂ ਦੇ ਪਰਿਵਾਰਾਂ ਨੇ ਬਥੇਰਾ ਕਲੇਸ਼ ਪਾਇਆ। ਮਰਨ ਮਰਾਉਣ ਤਕ ਨੌਬਤ ਪਹੁੰਚ ਗਈ। ਨੀਰਜ ਦਾ ਬਾਪ ਦਰਸ਼ਨ ਗਰਗ, ਸਰਦਾ-ਪੁੱਜਦਾ ਆੜ੍ਹਤੀਆ ਸੀ। ਜੱਟ ਬਾਣੀਆ। ਗੜ੍ਹਕ ਵਾਲਾ। ਨੀਰਜ ਦੇ ਰਿਸ਼ਤੇ ਲਈ ਇਕ ਵੱਡੇ ਉਦਯੋਗਪਤੀ ਘਰਾਣੇ ਨਾਲ ਚੱਲ ਰਹੀ ਗੱਲ ਸਿਰੇ ਲੱਗਣ ਵਾਲੀ ਸੀ ਕਿ ਨੀਰਜ ਵੱਲੋਂ ਆਪਣਾ ਵਿਆਹ ਕਰਵਾ ਲੈਣ ਦੀ ਗੱਲ, ਗਰਗ ਪਰਿਵਾਰ 'ਤੇ ਅਸਮਾਨੀ ਬਿਜਲੀ ਵਾਂਗ ਗਿਰੀ। ਨੀਰਜ ਦੇ ਬਾਪ ਨੇ ਉਸਨੂੰ ਘਰੋਂ ਕੱਢਣ ਤੇ ਜਾਇਦਾਦ ਵਿਚੋਂ ਬੇਦਖਲ ਕਰਨ ਦੀਆਂ ਧਮਕੀਆਂ ਦਿੱਤੀਆਂ। ਉਧਰ ਅੰਜੂ ਦਾ ਪਿਤਾ ਲੈਫਟੀਨੈਂਟ ਬੀ. ਐੱਸ. ਬਰਾੜ ਸਖਤ ਤਬੀਅਤ ਪਰ ਆਧੁਨਿਕ ਸੋਚ ਦਾ ਬੰਦਾ ਸੀ। ਬਦਲਦੇ ਹਾਲਾਤ ਮੁਤਾਬਕ ਢਲਣ ਦਾ ਮਾਦਾ ਵੀ ਰੱਖਦਾ ਸੀ। ਉਸਨੇ ਅੰਜੂ ਨੂੰ ਆਪਣੇ ਫੈਸਲੇ 'ਤੇ ਗੌਰ ਕਰਨ ਦੀ ਸਲਾਹ ਦੇ ਕੇ ਚੁੱਪ ਧਾਰ ਲਈ। ਮਾਪਿਆਂ ਦੀ ਨਾਰਾਜ਼ਗੀ ਨੂੰ ਦੋਹਾਂ ਨੇ ਆਪਣੇ ਪਿਆਰ ਅਤੇ ਸੂਝ ਨਾਲ ਘਟਾ ਲਿਆ। ਹੁਣ ਨੀਰਜ ਤੇ ਅੰਜੂ ਦੀ ਆਪਣੀ ਚੰਗੀ ਸੁਸਾਇਟੀ ਸੀ। ਦੋ ਬੱਚੇ ਸਨ। ਕੋਠੀ, ਕਾਰ ਸਭ ਸੁਖ ਸਹੂਲਤਾਂ ਸਨ।

ਅੰਜੂ ਅਕਸਰ ਆਪਣੇ ਵਿਦਿਆਰਥੀਆਂ ਦਾ ਕੰਮ ਵੇਖਣ ਲਈ ਘਰ ਲੈ ਆਉਂਦੀ। ਕਾਫੀ ਰਾਤ ਤਕ ਕੰਮ ਕਰਦੀ ਰਹਿੰਦੀ। ਨੀਰਜ ਬੱਚਿਆਂ ਨਾਲ ਖੇਡਦਾ ਜਾਂ ਆਪਣੀ ਪਸੰਦ ਦੀਆਂ ਪੁਸਤਕਾਂ ਪੜ੍ਹਦਾ ਰਹਿੰਦਾ। ਨੀਰਜ ਨੂੰ ਕਿਤਾਬਾਂ ਖਰੀਦਣੀਆਂ ਤੇ ਪੜ੍ਹਨੀਆਂ ਚੰਗੀਆਂ ਲਗਦੀਆਂ ਸਨ। ਦੋਹਾਂ ਜੀਆਂ ਨੇ ਇਹ ਧਿਆਨ ਰੱਖਿਆ ਹੋਇਆ ਸੀ ਕਿ ਬੱਚਿਆਂ ਦੀ ਵੀਡੀਓ ਗੇਮਜ਼ ਜਾਂ ਟੀ. ਵੀ. ਪ੍ਰੋਗਰਾਮਾਂ ਵਿਚ ਹੀ ਬਹੁਤੀ ਰੁਚੀ ਨਾ ਰਹੇ। ਸਗੋਂ ਉਹ ਪੜ੍ਹਨ ਤੇ ਖੇਡਣ ਵੱਲ ਵੀ ਧਿਆਨ ਦੇਣ। ਇਸ ਕਰਕੇ ਨੀਰਜ ਬੱਚਿਆਂ ਦੀ ਪਸੰਦ ਵਾਲੀਆਂ ਕਿਤਾਬਾਂ ਵੀ ਖਰੀਦ ਲਿਆਉਂਦਾ। ਉਹਨਾਂ ਨੂੰ ਕਹਾਣੀਆਂ ਤੇ ਕਵਿਤਾਵਾਂ ਪੜ੍ਹ ਕੇ ਸੁਣਾਉਂਦਾ। ਗੀਤ ਗਾਉਂਦਾ। ਫੜਨ-ਫੜਾਈ, ਕੈਰਮ ਬੋਰਡ ਆਦਿ ਖੇਡਾਂ ਖੇਡਦਾ।

ਇਨ੍ਹਾਂ ਹੀ ਦਿਨਾਂ ਦੀ ਇਕ ਰਾਤ ਨੀਰਜ ਨੇ ਅੰਜੂ ਨੂੰ ਕਿਹਾ, 'ਅੰਜੂ .... ਸਾਡੀ ਬਰਾਂਚ ਦਾ ਨਵਾਂ ਮੈਨੇਜਰ ਆਇਆ... ਬੜਾ ਈ ਹੋਰ ਤਰ੍ਹਾਂ ਦਾ ਵਤੀਰਾ ਉਹਦਾ... ਗੱਲਾਂ ਵੀ ਅਜੀਬ ਜਹੀਆਂ ਕਰੂ ਜਿਵੇਂ ਕਿਸੇ ਹੋਰ ਧਰਤੀ ਤੋਂ ਆਇਆ ਹੋਵੇ।' ਅਤੇ ਫਿਰ ਰਤਾ ਹੱਸ ਕੇ ਕਿਹਾ, 'ਜੱਟਾਂ ਦਾ ਮੁੰਡਾ ਤੇਰਾ ਗੋਤੀ ਈ ਆ...।'

'ਹੋਰ ਤੁਸੀਂ ਕੀ ਸਮਝਿਆ ਬਈ ਜੱਟ ਤੱਤਾ ਤੱਤਾ ਈ ਕਰ ਸਕਦੇ ਆ, ਆਫੀਸਰ ਨਈਂ ਬਣ ਸਕਦੇ...' ਅੰਜੂ ਬੋਲੀ।

ਨੀਰਜ ਆਪਣੇ ਧਿਆਨ ਦੱਸੀ ਜਾ ਰਿਹਾ ਸੀ,' ... ਤੂੰ ਹੋਰ ਦੇਖ ਉਹਦੇ ਵਾਲ ਕੁੜੀਆਂ ਵਾਂਗੂ ਲੰਬੇ ਨੇ ਤੇ ਦਾੜ੍ਹੀ ਮੁੱਛਾਂ ਵੀ ਓਪਨ ਹੀ... ਵੱਡੀਆਂ-ਵੱਡੀਆਂ ... ਕੱਪੜਿਆਂ ਦੀ ਘੱਟ ਹੀ ਪ੍ਰਵਾਹ ਕਰਦੇ ... ਮਸਤ ਰਹਿੰਦੇ ... ਅਸੀਂ ਪਤਾ ਉਸਦਾ ਕੀ ਨਾਂਅ ਰੱਖਿਐ... ਸੁ...ਆ...ਮੀ ...।' ਉਹ ਹੱਸਣ ਲੱਗ ਪਿਆ।

'ਅੱਛਾ... ਉਹ ਆਫੀਸਰ ਆ ਕਿ ਸਾਧ ... ਬੀਮੇ ਵਾਲਿਆਂ ਨੇ ਉਹਤੋਂ ਕੀ ਧੂਣੀ ਧੁਖਾਉਣੀ ਆ ... ਚੰਗੇ ਆ ਤੁਹਾਡੀ ਕੰਪਨੀ ਵਾਲੇ ਵੀ... ਉਂ ਵੇਖਿਓ, ਵੈਸੇ ਵਧੀਆ ... ਨਾ ਕੋਈ ਚਿੰਤਾ ਨਾ ਫਿਕਰ, ਮੌਜਾਂ ਈ ਮੌਜਾਂ।'

'ਚੱਲ ਚੰਗਾ ਹੁਣ ਤੂੰ ਬੱਤੀ ਬੰਦ ਕਰਦੇ .... ਮੈਂ ਸੌਂਣੈ...।'

ਅੰਜੂ ਨੇ ਜਲਦੀ-ਜਲਦੀ ਆਪਣਾ ਸਮਾਨ ਇਕੱਠਾ ਕੀਤਾ ਤੇ ਰੌਸ਼ਨੀ ਬੁਝਾ ਦਿੱਤੀ।

ਫਿਰ ਇਕ ਸ਼ਾਮ ਨੀਰਜ 'ਸੁਆਮੀ' ਨੂੰ ਆਪਣੇ ਨਾਲ ਹੀ ਘਰ ਲੈ ਆਇਆ।

ਅੰਜੂ ਨਾਲ ਮੁਲਾਕਾਤ ਕਰਾਉਂਦੇ ਉਸ ਕਿਹਾ, 'ਅੰਜੂ... ਇਹ ਨੇ ਹਰਿੰਦਰ ਸਿੰਘ ਬਰਾੜ ਜਿਨ੍ਹਾਂ ਦਾ ਉਸ ਦਿਨ ਮੈਂ ਤੇਰੇ ਕੋਲ ਜ਼ਿਕਰ ਕੀਤਾ ਸੀ... ਤੇ ਇਹ ਮੇਰੀ ਪਤਨੀ ਪ੍ਰੋਫੈਸਰ ਅੰਜਨਦੀਪ ਬਰਾੜ ... ਇਸ ਤਰ੍ਹਾਂ ਤੁਸੀਂ ਹੋਏ ਭੈਣ ਭਾਈ... ਤੇ ਮੈਂ...' ਕਹਿ ਕੇ ਨੀਰਜ ਉੱਚੀ-ਉੱਚੀ ਹੱਸਣ ਲੱਗਾ

ਪਿਆ।

ਹਰਿੰਦਰ ਨੇ ਆਪਣਾ ਸੱਜਾ ਹੱਥ ਛਾਤੀ ਉਤੇ ਰੱਖ ਕੇ ਅਦਾ ਨਾਲ ਸਿਰ ਝੁਕਾਇਆ। ਫਿਰ ਵਾਲਾਂ ਨੂੰ ਝਟਕੇ ਨਾਲ ਪਿਛਾਂਹ ਸੁੱਟਦੇ ਹੋਏ ਬੋਲਿਆ,'ਨੀਰਜ, ਤੇਰੇ ਵਰਗੇ ਪਿਆਰੇ ਬੰਦੇ ਦੀ ਐਹੋ ਜਿਹੀ ਸੁੰਦਰ ਇਸਤਰੀ ਹੀ ਪਤਨੀ ਹੋ ਸਕਦੀ ਹੈ'।

ਅੰਜੂ ਨੂੰ ਇਕ ਝੁਣਝੁਣੀ ਜਿਹੀ ਆਈ। ਉਸਦੇ ਕੰਨਾਂ ਦੀਆਂ ਕਪੋਲਾਂ ਲਾਲ ਹੋ ਗਈਆਂ। ਉਸਨੂੰ ਪਿਛਾਂਹ ਮੁੜ ਕੇ ਕਮਰਿਓਂ ਬਾਹਰ ਜਾਣਾ ਪਹਾੜ ਲੰਘਣਾ ਹੋ ਗਿਆ। ਇਹ ਕਿਹੋ ਜਿਹਾ ਆਦਮੀ ਆ। ਕਿੱਡੀ ਵੱਡੀ ਗੱਲ ਕਹਿ ਗਿਆ। ਚਿਹਰੇ 'ਤੇ ਕੋਈ ਭਾਵ ਨਹੀਂ। ਸ਼ਾਂਤ ਜਿਹਾ। ਮੋਟੀਆਂ ਮੋਟੀਆਂ ਅੱਖਾਂ। ਖੁੱਲ੍ਹੇ ਵਾਲਾਂ ਵਿਚ ਕੁਝ ਕੁਝ ਚਿੱਟੀ ਭਾਹ ਮਾਰਦੇ ਸੋਹਣੇ ਲਗਦੇ ਲੰਬੇ ਵਾਲ। ਉੱਚਾ ਲੰਬਾ ਕੱਦ ਤੇ ਖੁੱਲ੍ਹਾ ਡੁੱਲ੍ਹਾ ਸਰੀਰ।

ਨੀਰਜ, ਹਰਿੰਦਰ ਦੀ ਇਹ ਗੱਲ ਸੁਣ ਦੇ ਖੁੱਲ੍ਹ ਕੇ ਹੱਸਿਆ ਤੇ ਉਸਨੂੰ ਸੋਫੇ 'ਤੇ ਬਿਠਾਉਂਦਿਆਂ ਮਦਹੋਸ਼ ਜਿਹੀ ਖੜ੍ਹੀ ਅੰਜੂ ਨੂੰ ਕਹਿਣ ਲੱਗਿਆ 'ਲੈ ਬਈ ਅੰਜੂ ਦੁੱਧ ਦਾ ਵੱਡਾ ਗਿਲਾਸ ਬਿਨਾਂ ਪੱਤੀ ਤੋਂ ਸੁਆਮੀ ਜੀ ਲਈ ... ਇਹ ਦੁੱਧ ਤੋਂ ਬਿਨਾਂ ਹੋਰ ਕੁਝ ਨਹੀਂ ਲੈਂਦੇ... ਤੇ ਮੇਰੇ ਲਈ ਚਾਹ ... ਚੱਲ ਛੱਡ ਮੇਰੇ ਲਈ ਵੀ ਦੁੱਧ ਹੀ ਲੈ ਆ।'

ਨੀਰਜ ਅਕਸਰ ਹਰਿੰਦਰ ਦੀਆਂ ਗੱਲਾਂ ਅੰਜੂ ਨਾਲ ਕਰਦਾ।

ਕਹਿੰਦਾ, 'ਸੁਆਮੀ ਕਹਿੰਦੈ ਬੰਦੇ ਦਾ ਸਰੀਰ ਇਕ ਮਸ਼ੀਨ ਵਾਂਗ ਹੈ ਜਿਸ ਤਰ੍ਹਾਂ ਚਾਹੋ ਵਰਤੀ ਜਾਓ... ਸਰੀਰ ਵੱਲੋਂ ਕੀਤੇ ਕੰਮ ਦਾ ਚੰਗਾ ਜਾਂ ਮਾੜਾ ਹੋਣਾ ਤਾਂ ਸਾਡੀ ਸੋਚ ਦਾ ਹਿੱਸਾ ਹੁੰਦਾ ਹੈ ... ਆਤਮਾ ਦਾ ਨਹੀਂ... ਸੁਆਮੀ ਇਹ ਵੀ ਕਹਿੰਦੈ ਕਿ ਜ਼ਿਆਦਾ ਉਲਝਾ ਹੀ ਬੰਦੇ ਨੂੰ ਆਜ਼ਾਦ ਹੋਣ ਲਈ ਭੜਕਾਉਂਦੇ ਹਨ ... ਜ਼ਿੰਦਗੀ ਨੂੰ ਆਪਣੇ ਆਪ ਆਨੰਦ, ਸਹਿਜ ਤੇ ਸ਼ਾਂਤੀ ਨਾਲ ਤੁਰਨ ਦਿਓ...।'

ਅੰਜੂ ਉਸਦੀਆਂ ਗੱਲਾਂ 'ਤੇ ਹੱਸ ਛੱਡਦੀ।

ਸਮਾਂ ਬੀਤਦਾ ਜਾ ਰਿਹਾ ਸੀ। ਸਾਲ ਭਰ ਲੰਘ ਗਿਆ।

ਹੁਣ ਨੀਰਜ ਰਾਤ ਨੂੰ ਬਿਸਤਰੇ ਵਿਚ ਕਹਾਣੀਆਂ ਦੀ ਬਜਾਏ ਫਿਲਾਸਫੀ ਦੀਆਂ ਕਿਤਾਬਾਂ ਪੜ੍ਹਦਾ। ਬੁੱਧ ਨੂੰ ਪੜ੍ਹਦਾ। ਅਕਸਰ ਹੀ ਪੜ੍ਹਦੇ-ਪੜ੍ਹਦੇ ਕਿਤਾਬਾਂ ਬੁੱਕਲ ਵਿਚ ਲਈ ਸੌਂ ਜਾਂਦਾ। ਕਦੇ ਵਾਕਮੈਨ ਲਾ ਕੇ ਓਸ਼ੋ ਦੇ ਪ੍ਰਵਚਨ ਸੁਣਦਾ। ਸੌਣ ਲੱਗਿਆਂ ਬੱਤੀ ਵੀ ਬੰਦ ਨਹੀਂ ਸੀ ਕਰਦਾ ਜਦੋਂ ਕਿ ਪਹਿਲਾਂ ਉਹ ਰੌਸ਼ਨੀ ਵਿਚ ਸੌਂ ਨਹੀਂ ਸੀ ਸਕਦਾ।

ਬੇਬੀ ਤੇ ਚਾਰਲੀ ਦੇ ਸਾਲਾਨਾ ਇਮਤਿਹਾਨ ਸਿਰ 'ਤੇ ਸਨ। ਪੜ੍ਹਾਈ ਦਾ ਜ਼ੋਰ ਸੀ। ਬੇਬੀ ਨੇ ਜਮ੍ਹਾਂ ਦੋ ਦੇ ਪੇਪਰ ਦੇਣੇ ਸਨ। ਚਾਰਲੀ ਨੇ ਅੱਠਵੀਂ ਦੇ।

ਇਕ ਦਿਨ ਅੰਜੂ ਕਹਿਣ ਲੱਗੀ, 'ਨੀਰਜ, ਬੱਚਿਆਂ ਦੀ ਪੜ੍ਹਾਈ ਦਾ ਧਿਆਨ ਰੱਖਿਆ ਕਰੋ। ਵੱਡੇ ਹੋ ਗਏ ਨੇ। ਉੱਤੋਂ ਜ਼ਮਾਨਾ ਕਿਹੜੈ...।'

'ਬਸ...ਬਸ...ਕਿਉਂ ਚਿੰਤਾ ਕਰਦੀ ਏਂ... ਇਨ੍ਹਾਂ ਜੋ ਬਣਨਾ ਬਣ ਜਾਣਗੇ... ਬਾਬਾ ਨਾਨਕ ਨੇ ਕਿਹੜੀ ਡਿਗਰੀ ਹਾਸਲ ਕੀਤੀ ਸੀ... ਬੁੱਧ ਕਿਹੜੀ ਯੂਨੀਵਰਸਿਟੀ ਪੜ੍ਹਿਆ ਸੀ... ਜ਼ਿੰਦਗੀ ਪੜ੍ਹਨ ਦਾ ਨਹੀਂ ਸਮਝਣ ਦਾ ਨਾਮ ਹੈ...।'

'ਸ਼ਾਲਨੀ ਦੀ ਬੇਟੀ ਬਾਰੇ ਪਤਾ ਤੁਹਾਨੂੰ... ਕਿਸੇ ਮੰਤਰੀ ਦੇ ਮੁੰਡੇ ਨੇ ਛੇ ਮਹੀਨੇ ਖਰਾਬ ਕਰਕੇ ਅਖੀਰ ਮਾਰਕੇ ਸੁੱਟ ਦਿੱਤੈ... ਨਾ ਧੀ ਦੀ ਮੌਤ 'ਤੇ ਰੋ ਸਕੇ ਨਾ ਗਈ ਇੱਜ਼ਤ ਮੁੜੀ... ਕੱਲ ਸ਼ਾਲਨੀ ਦੇ ਪਤੀ ਨੇ ਗੋਲੀ ਮਾਰ ਲਈ... ਸਾਰਾ ਘਰ ਉੱਜੜ ਗਿਆ...।'

'ਬੇਵਕੂਫ ਨੇ... ਬੱਚੇ ਫੁੱਲ ਦੀ ਡੋਡੀ ਹੁੰਦੇ ਨੇ ... ਬਾਹਲਾ ਮਰੋੜਨ ਨਾਲ ਭੁਰ ਜਾਂਦੇ ਨੇ... ਤਾਂ ਹੀ ਕਹਿਨੈ ਸਹਿਜ ਰਿਹਾ ਕਰ...।'

'ਨੀਰਜ ਤੁਹਾਨੂੰ ਕੀ ਹੁੰਦੈ ਜਾ ਰਿਹੈ... ਬੱਚੇ ਸਾਡਾ ਭਵਿੱਖ ਨੇ ... ਇਹਨਾਂ ਨੂੰ ਕਿਵੇਂ ਹਵਾ ਆਸਰੇ ਖੁੱਲ੍ਹੇ ਆਸਮਾਨ 'ਚ ਛੱਡ ਦਈਏ... ਬੇਬੀ ਹੁਣ ਕੋਈ ਬੱਚੀ ਨਹੀਂ ਰਹੀ...ਤੇ ਤੁਸੀਂ ਬਿਲਕੁਲ ਹੀ...' ਅੰਜੂ ਦਾ ਗੱਚ ਭਰ ਆਇਆ।

'ਤੂੰ ਕਮਲੀ ਐਂ... ਤੈਨੂੰ ਪਤੈ ਫਲ ਪੱਕ ਕੇ ਮਿੱਠਾ ਹੋ ਜਾਂਦੈ ... ਨਾਲੇ ਬੂਟੇ ਤੋਂ ਵੱਖ... ਕੁਦਰਤ ਸਭ ਠੀਕ ਕਰ ਰਹੀ ਆ... ਤੂੰ ਐਵੀਂ ਪ੍ਰੇਸ਼ਾਨ ਹੋਈ ਜਾਨੀ ਐਂ। ਸੁਣ... ਇਕ ਕਹਾਣੀ ਸੁਣ... ਰਥ ਬੜੀ ਤੇਜ਼ ਭੱਜਿਆ ਜਾ ਰਿਹਾ ਸੀ। ਹਨੇਰੀ ਵਾਂਗ। ਰੱਥ ਉਪਰ ਬੈਠੀ ਇਕ ਮੱਖੀ ਜ਼ੋਰ-ਜ਼ੋਰ ਦੀ ਆਪਣੇ ਖੰਭ ਹਿਲਾ ਰਹੀ ਸੀ। ਮਨ ਵਿਚ ਖੁਸ਼ ਹੁੰਦੀ ਸੋਚ ਰਹੀ ਸੀ ਕਿ ਰਥ ਮੈਂ ਹੀ ਭਜਾ ਰਹੀ ਹਾਂ। ਜੇ ਮੈਂ ਰੁੱਕ ਜਾਂ ਤਾਂ ਰਥ ਵੀ ਰੁਕ ਜਾਵੇਗੀ। ਅਖੀਰ ਮੱਖੀ ਥੱਕ ਗਈ। ਖੰਭ ਹਿਲਾਉਣੇ ਬੰਦ ਕਰ ਦਿੱਤੇ। ਪਰ ਰਥ ਤਾਂ ਫਿਰ ਵੀ ਭੱਜੀ ਜਾ ਰਿਹਾ ਸੀ...ਕੌਣ ਭਜਾ ਰਿਹਾ ਸੀ...ਹਾ...ਹਾ...ਹਾ... ਹੁਣ ਤੂੰ ਹੱਸ ਕੇ ਦਿਖਾ... ਐਵੀਂ ਨਾ ਰੁੱਸੀ ਰਿਹਾ ਕਰ... ਜਦੋਂ ਜ਼ਿੰਦਗੀ ਸਾਡੇ ਹੱਥ ਨਹੀਂ ਫਿਰ ਅਸੀਂ ਕਿਉਂ ਐਵੀਂ ...'।

ਉਹਨਾਂ ਵਿਚ ਝਗੜਾ ਤਾਂ ਪਹਿਲਾਂ ਵੀ ਕਦੇ ਬਾਹਲਾ ਨਹੀਂ ਸੀ ਹੋਇਆ, ਗੁੱਸਾ ਗਿਲਾ ਹੋ ਜਾਂਦਾ ਸੀ। ਹੁਣ ਨੀਰਜ ਬਿਲਕੁਲ ਹੀ ਕਿਸੇ ਗੱਲ ਦਾ ਗੁੱਸਾ ਨਹੀਂ ਸੀ ਕਰਦਾ। ਬਸ ਮਸਤੀ ਵਿਚ ਰਹਿੰਦਾ। ਇਸ ਤਬਦੀਲੀ ਤੋਂ ਅੰਜੂ ਨੂੰ ਬੜਾ ਡਰ ਲਗਦਾ। ਗੁੱਸਾ ਆਉਂਦਾ। ਕਦੇ-ਕਦੇ ਰੋਣ ਵੀ। ਅੰਜੂ ਸਾਰਾ ਦਿਨ ਭੱਜੀ ਫਿਰਦੀ। ਕਦੇ ਕਾਲਿਜ। ਕਦੇ ਘਰ। ਕਦੇ ਬਾਜ਼ਾਰ। ਚਾਰਲੀ ਦੇ ਸਕੂਲ ਦੀ ਮੀਟਿੰਗ ਅਟੈਂਡ ਕਰਦੀ। ਉਸਦੇ ਅਧਿਆਪਕ ਉਲਾਂਭੇ ਦਿੰਦੇ। ਉਹ ਪੜ੍ਹਾਈ ਵਿਚ ਕਮਜ਼ੋਰ ਹੁੰਦਾ ਜਾ ਰਿਹਾ ਸੀ। ਸ਼ਰਾਰਤਾਂ ਵੱਧ ਕਰਦਾ ਸੀ। ਬੇਬੀ ਦੀਆਂ ਸਹੇਲੀਆਂ ਨੂੰ ਮਿਲਦੀ। ਉਸਦੇ ਸੁਭਾਅ ਵਿਚ ਆ ਰਹੀਆਂ ਤਬਦੀਲੀਆਂ ਨੂੰ ਨਾਪਦੀ। ਕਦੇ ਤਪਣ ਲਗਦੀ। ਕਦੇ ਬਿਲਕੁਲ ਸੁੰਨ ਹੋ ਜਾਂਦੀ। ਸਭ ਕਾਸੇ ਨੂੰ ਆਪਣੇ ਪਰਾਂ ਹੇਠ ਸਾਂਭਣ ਦੀ ਕੋਸ਼ਿਸ਼ ਕਰਦੀ। ਪਰ ...।

ਬੇਬੀ ਤੇ ਚਾਰਲੀ ਆਪਣੀ ਦੁਨੀਆਂ ਵਿਚ ਮਸਤ ਰਹਿੰਦੇ। ਬੇਬੀ ਅਕਸਰ ਲੰਮਾ ਸਮਾਂ ਫੋਨ 'ਤੇ ਗੱਲਾਂ ਕਰਦੀ ਰਹਿੰਦੀ। ਕਦੇ ਹੱਸਦੀ ਕਦੇ ਚੁੱਪ ਰਹਿੰਦੀ। ਪਹਿਲਾਂ ਅਜਿਹਾ ਨਹੀਂ ਸੀ। ਹੁਣ ਅਕਸਰ ਕਾਲਿਜ ਦੇ ਟੂਰਾਂ ਅਤੇ ਪਾਰਟੀਆਂ 'ਤੇ ਤੁਰੀ ਰਹਿੰਦੀ। ਅੰਜੂ ਅੰਦਰਲੀ ਮਮਤਾ ਡਰਦੀ। ਬੱਚੇ ਨਿੱਤ ਨਵੀਆਂ ਫਰਮਾਇਸ਼ਾਂ ਕਰਦੇ। ਮਹਿੰਗੀਆਂ ਅਤੇ ਬੇ-ਲੋੜੀਆਂ। ਜੇ ਉਹ ਨਾਂਹ ਕਰਦੀ ਤਾਂ ਗਲ ਪੈਣ ਨੂੰ ਆਉਂਦੇ। ਉਹੀ ਚਾਰਲੀ ਤੇ ਬੇਬੀ ਜਿਹੜੇ ਜੀ-ਜੀ ਕਰਦੇ ਰਹਿੰਦੇ ਸਨ ਹੁਣ ਉਖੜੇ ਕੁਹਾੜੇ ਵਾਂਗੂ ਪੈਂਦੇ ਸਨ।

ਅੰਜੂ ਨੂੰ ਆਪਣੇ ਆਲੇ-ਦੁਆਲੇ ਕੰਡਿਆਲੀਆਂ ਝਾੜੀਆਂ ਵਾਲਾ ਜੰਗਲ ਉੱਗਦਾ ਪ੍ਰਤੀਤ ਹੁੰਦਾ ਸੀ। ਉਹ ਨੀਰਜ ਨਾਲ ਗੱਲ ਕਰਨ ਦੀ ਬਥੇਰੀ ਕੋਸ਼ਿਸ਼ ਕਰਦੀ। ਆਪਣੇ ਲਈ ਨਹੀਂ ਤਾਂ ਬੱਚਿਆਂ ਖਾਤਰ ਹੀ ਸਹੀ। ਪਰ ਨੀਰਜ ਸਿਰਫ ਮੁਸਕਰਾ ਛੱਡਦਾ।

ਘਰ ਦੀ ਬਗੀਚੀ ਵਿਚ ਨੀਰਜ ਵੱਲੋਂ ਲਾਏ ਤਰ੍ਹਾਂ-ਤਰ੍ਹਾਂ ਦੇ ਫੁੱਲ ਸੁੱਕ-ਸੜ ਗਏ । ਅਸ਼ੋਕ ਦੇ ਬਿਰਖ ਉਦਾਸ ਹੋ ਗਏ। ਪੱਤਿਆਂ ਉਪਰ ਮਿੱਟੀ ਘੱਟੇ ਦੀਆਂ ਤੈਹਾਂ ਜੰਮ ਗਈਆਂ। ਦਰਖਤਾਂ 'ਚ ਲਮਕਦੀਆਂ ਟੁੱਟੀਆਂ-ਸੁੱਕੀਆਂ ਟਾਹਣੀਆਂ ਬੁੱਢੀ ਜਾਦੂਗਰਨੀ ਦੀਆਂ ਉਂਗਲਾਂ ਵਰਗੀਆਂ ਜਾਪਦੀਆਂ ਸਨ। ਇਕ ਪਲ ਵਿਚ ਸਭ ਕੁਝ ਫਨਾਹ ਕਰ ਦੇਣ ਵਾਲੀਆਂ।

ਹਰਿੰਦਰ ਅਕਸਰ ਨੀਰਜ ਦੇ ਘਰ ਆਉਂਦਾ ਰਹਿੰਦਾ। ਕਦੇ ਆਮ ਜਿਹੀਆਂ ਗੱਲਾਂ ਕਰਦਾ। ਕਦੇ ਇੰਨੀ ਉੱਚੀ ਹੱਸਦਾ ਕਿ ਡਰ ਆਉਂਦਾ। ਕਦੀ ਰੋਣ ਹੀ ਲੱਗ ਪੈਂਦਾ, ਕੁੜੀਆਂ ਵਾਂਗੂ... ਨੀਰਜ ਦੇ ਮੋਢੇ 'ਤੇ ਸਿਰ ਸੁੱਟ ਲੈਂਦਾ। ਮੌਨ ਹੋ ਜਾਂਦਾ। ਉਸਨੂੰ ਆਮ ਲੋਕਾਂ ਵਾਂਗੂ ਨਾ ਸਿਆਸਤ ਵਿਚ ਦਿਲਚਪਸੀ ਸੀ, ਨਾ ਫਿਲਮਾਂ ਵਿਚ। ਜਦੋਂ ਕਦੇ ਹਰਿੰਦਰ ਲੇਟ ਹੋ ਜਾਂਦਾ ਤਾਂ ਨੀਰਜ ਕੋਲ ਹੀ ਰੁਕ ਜਾਂਦਾ। ਉਸ ਸਮੇਂ ਅੰਜੂ ਨੂੰ ਘਰ ਦਾ ਮਾਹੌਲ ਪਤਾ ਨਹੀਂ ਕਿਵੇਂ ਰਹੱਸਮਈ ਜਿਹਾ ਲਗਦਾ ਸੀ।

ਅੰਜੂ, ਹਰਿੰਦਰ ਦੇ ਬਹੁਤਾ ਸਾਹਮਣੇ ਤਾਂ ਨਹੀਂ ਸੀ ਹੁੰਦੀ ਪਰ ਉਹ ਉਸਨੂੰ ਕਦੇ ਓਪਰਾ ਜਾਂ

ਵਾਧੂ ਨਹੀਂ ਸੀ ਲੱਗਿਆ। ਕਿਉਂਕਿ ਉਹਦੇ ਲਈ ਵਾਧੂ ਖਾਣ ਪਕਾਉਣ ਨਹੀਂ ਸੀ ਕਰਨਾ ਪੈਂਦਾ। ਨਾ ਹੀ ਨੀਰਜ ਦੇ ਆਮ ਦੋਸਤਾਂ ਵਾਂਗੂ ਉਹ ਯਬਲੀਆਂ ਮਾਰਦਾ ਸੀ। ਬੇਬੀ ਤੇ ਚਾਰਲੀ ਵੀ ਉਸ ਨਾਲ ਘੁਲ-ਮਿਲ ਗਏ ਸਨ। ਗਈ ਰਾਤ ਤਕ ਉਹਨਾਂ ਨੂੰ ਬਾਤਾਂ ਸੁਣਾਉਂਦਾ ਰਹਿੰਦਾ।

ਇਕ ਰਾਤ ਹਰਿੰਦਰ ਨੇ ਗੈੱਸਟ ਰੂਮ 'ਚ ਉੱਚੀ-ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਨੀਰਜ ਤੇ ਅੰਜੂ ਭੱਜ ਕੇ ਗਏ। ਹਰਿੰਦਰ ਆਪਣੇ ਬੈੱਡ ਉਪਰ ਸਮਾਧੀ ਵਰਗੀ ਮੁਦਰਾ ਵਿਚ ਬੈਠਾ ਸੀ। ਅੱਖਾਂ ਬੰਦ ਸਨ। ਛਾਤੀ ਤੇਜ਼ ਚੱਲ ਰਹੀ ਸੀ। ਜਿਵੇਂ ਉਹ ਬਹੁਤ ਤੇਜ਼ ਚੱਲ ਰਿਹਾ ਹੋਵੇ। ਪਲਕਾਂ ਥੱਲੇ ਡੇਲੀਆਂ ਇਧਰ -ਉਧਰ ਘੁੰਮ ਰਹੀਆਂ ਸਨ। ਕੁਝ ਸਮਾਂ ਉਹ ਉਥੇ ਖੜ੍ਹੇ ਰਹੇ, ਫਿਰ ਨੀਰਜ ਨੇ ਅੰਜੂ ਨੂੰ ਵਾਪਸ ਭੇਜ ਦਿੱਤਾ ਤੇ ਆਪ ਉਥੇ ਹੀ ਪੈ ਗਿਆ।

ਸਵੇਰੇ ਜਦੋਂ ਅੰਜੂ ਹਰਿੰਦਰ ਨੂੰ ਚਾਹ ਦੇਣ ਵਾਸਤੇ ਗਈ ਤਾਂ ਉਹ ਕਹਿਣ ਲੱਗਿਆ 'ਅੰਜੂ ਜੀ... ਰਾਤ ਸਮਾਧੀ ਵਿਚ ਮੇਰਾ ਸਰੀਰ ਬਹੁਤ ਬਲਸ਼ਾਲੀ ਹੋ ਗਿਆ... ਜਿਵੇਂ ਹਜ਼ਾਰਾਂ ਆਦਮੀਆਂ ਦੀ ਸ਼ਕਤੀ ਮੇਰੇ 'ਚ ਆ ਗਈ ਹੋਵੇ... ਸਰੀਰ ਦਾ ਵਜੂਦ ਸਾਰੇ ਪਾਸੇ ਖਿੰਡ ਗਿਆ... ਮੇਰੇ ਮਾਸ ਦੇ ਵੱਡੇ-ਵੱਡੇ ਲੋਥੜੇ ਫੈਲਦੇ-ਫੈਲਦੇ ਕਮਰਿਓਂ ਬਾਹਰ ਹੋ ਗਏ... ਮੈਂ ਦੇਖ ਰਿਹਾ ਸੀ... ਇਹ ਪਹਾੜਾਂ ਤੇ ਸਮੁੰਦਰਾਂ ਉੱਤੇ ਫੈਲ ਗਏ..ਮੈਂ ਕਾਇਨਾਤ ਦਾ ਹਿੱਸਾ ਬਣ ਗਿਆ... ਆਨੰਦ ਹੀ ਆਨੰਦ... ਬੱਸ ਫਿਰ ਮੇਰੇ ਤੋਂ ਬਰਦਾਸ਼ਤ ਨਹੀਂ ਹੋਇਆ... ਮੈਂ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।'

'ਹਾਂ ਹਾਂ ਸਾਨੂੰ ਪਤੈ... ਜਦੋਂ ਤੁਸੀਂ ਚੀਕਾਂ ਮਾਰ ਰਹੇ ਸੀ ਅਸੀਂ ਤੁਹਾਡੇ ਕਮਰੇ 'ਚ ਆਏ ਸੀ।'

'... ਮੇਰੀਆਂ ਚੀਕਾਂ ਨਿਕਲ ਗਈਆਂ... ਇਹ ਮੇਰੀ ਆਤਮਿਕ ਸ਼ਕਤੀ ਦੀ ਘਾਟ ਹੈ... ਅਜੇ ਮੈਨੂੰ ਕੁਝ ਸਮਾਂ ਹੋਰ ਸਾਧਨਾ ਕਰਨੀ ਪਵੇਗੀ। ਫਿਰ ਮੈਨੂੰ ਡਰ ਨਹੀਂ ਆਨੰਦ ਹੀ ਆਨੰਦ ਆਵੇਗਾ... ਅੰਜੂ ਜੀ ਜੇ ਤੁਹਾਡੇ ਨਾਲ ਇਸ ਤਰ੍ਹਾਂ ਵਾਪਰੇ ਤਾਂ ਤੁਹਾਨੂੰ ਕਿੱਦਾਂ ਦਾ ਲੱਗੇ।' ਹਰਿੰਦਰ ਨੇ ਚਾਹ ਦੀ ਆਖਰੀ ਘੁੱਟ ਭਰਦਿਆਂ ਕਿਹਾ।

'ਨਾ ਬਾਬਾ ਨਾ... ਰੱਬ ਮੈਨੂੰ ਤਾਂ ਬਚਾ ਕੇ ਹੀ ਰੱਖੇ ਤੁਹਾਡੀ ਐਹੋ ਜਹੀ ਸਾਧਨਾ ਤੇ ਆਨੰਦ ਤੋਂ।' ਅੰਜੂ ਨੇ ਚਾਹ ਦਾ ਖਾਲੀ ਕੱਪ ਚੁੱਕਦਿਆਂ ਕਿਹਾ।

ਮਿੱਠੀ ਮਿੱਠੀ ਸਰਦੀ ਉੱਤਰ ਰਹੀ ਸੀ। ਨੀਰਜ ਨੇ ਅੰਜੂ ਨੂੰ ਦੱਸਿਆ ਕਿ ਹਰਿੰਦਰ ਦੀ ਬਦਲੀ ਹੋ ਗਈ। ਪੂਨੇ ਵੱਲ ।ਅਸਲ ਵਿਚ ਬਦਲੀ ਤਾਂ ਕਿਸੇ ਹੋਰ ਅਧਿਕਾਰੀ ਦੀ ਹੋਈ ਸੀ ਪਰ ਉਹ ਜਾ ਨਹੀਂ ਸੀ ਸਕਦਾ, ਇਸ ਲਈ ਹਰਿੰਦਰ ਨੇ ਆਪਣੀ ਕਰਵਾ ਲਈ।

ਸ਼ਾਮ ਨੂੰ ਹਰਿੰਦਰ, ਨੀਰਜ ਦੇ ਨਾਲ ਘਰ ਆ ਕੇ ਅੰਜੂ, ਬੇਬੀ ਤੇ ਚਾਰਲੀ ਨੂੰ ਮਿਲਿਆ ਤੇ ਅਗਲੇ ਦਿਨ ਪੂਨੇ ਚਲਾ ਗਿਆ। ਹਰਿੰਦਰ ਉਹਨਾਂ ਦੇ ਘਰ ਦਾ ਹਿੱਸਾ ਬਣ ਗਿਆ ਸੀ। ਉਸਦੇ ਜਾਣ ਨਾਲ ਬੱਚੇ ਕੁਝ ਦਿਨ ਉਦਰੇ ਰਹੇ। ਘਰ ਵਿਚ ਅਜੀਬ ਜਿਹੀ ਚੁੱਪ ਸੀ। ਖਾਮੋਸ਼ੀ।

ਪੂਨੇ ਤੋਂ ਅਕਸਰ ਨੀਰਜ ਲਈ ਹਰਿੰਦਰ ਦਾ ਫੋਨ ਆਉਂਦਾ ।ਉਸਨੇ ਨੀਰਜ ਲਈ ਕਿਤਾਬਾਂ ਭੇਜੀਆਂ। ਮਹਿੰਗੀਆਂ। ਮੋਟੀਆਂ। ਆਨੰਦ ਪ੍ਰਾਪਤੀ ਦਾ ਮਾਰਗ ਦੱਸਣ ਵਾਲੀਆਂ।

ਨੀਰਜ ਨੇ ਘਰ ਵਿਚ ਆਪਣੇ ਲਈ ਇਕ ਕਮਰਾ ਰਾਖਵਾਂ ਕਰ ਲਿਆ। ਉਥੇ ਉਹ ਆਪਣੀ ਪਸੰਦ ਦੀਆਂ ਕੈਸਟਾਂ ਸੁਣਦਾ। ਹਰਿੰਦਰ ਦੀਆਂ ਭੇਜੀਆਂ ਕਿਤਾਬਾਂ ਦੇਰ ਰਾਤ ਤਕ ਪੜ੍ਹਦਾ ਰਹਿੰਦਾ। ਧਿਆਨ ਲਾਉਂਦਾ। ਉਸ ਕਮਰੇ ਵਿਚ ਅੰਜੂ ਬਹੁਤ ਘੱਟ ਜਾਂਦੀ ਸੀ। ਉਸਨੂੰ ਇਕ ਅਜੀਬ ਜਿਹਾ ਭੈਅ ਆਉਂਦਾ ਸੀ ਉਸ ਕਮਰੇ ਵਿਚੋਂ। ਉਹ ਪਹਿਲਾਂ ਵਾਂਗ ਹਾਈ ਸੁਸਾਇਟੀ ਦੀਆਂ ਗੱਲਾਂ ਨਹੀਂ ਸੀ ਕਰਦਾ। ਨਾ ਹੀ ਅੰਜੂ ਨਾਲ ਚੋਹਲ-ਮੋਹਲ ਕਰਦਾ।

ਅੰਜੂ ਨੂੰ ਨੀਰਜ ਥੋੜ੍ਹਾ-ਥੋੜ੍ਹਾ ਹਰਿੰਦਰ ਵਰਗਾ ਲੱਗਣ ਲੱਗਾ। ਸੁਆਮੀ। ਭਾਵੇਂ ਨੀਰਜ ਕੱਪੜੇ ਪਹਿਲਾਂ ਵਾਂਗ ਹੀ ਪਾਉਂਦਾ, ਸਲੀਕੇ ਵਾਲੇ। ਪਰ ਅੰਜੂ ਨੂੰ ਉਸ ਵਿਚੋਂ ਕੁਝ ਖੁੱਸਿਆ ਲਗਦਾ। ਇਕ ਬੈੱਡ 'ਤੇ ਹੁੰਦੇ ਹੋਏ ਵੀ ਉਹ ਕਿਧਰੇ ਦੂਰ ਹੁੰਦਾ। ਅੱਖਾਂ ਬੰਦ। ਸ਼ਾਂਤ ਚਿਹਰਾ। ਅੰਜੂ ਉਸ ਨਾਲ

ਚੰਬੜਦੀ। ਉਸਦੇ ਹੱਥ ਆਪਣੇ ਸਰੀਰ 'ਤੇ ਫੇਰਦੀ। ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕੁਝ ਲੱਭਣ ਦੀ ਕੋਸ਼ਿਸ਼ ਕਰਦੀ। ਪਰ ਨੀਰਜ ਬਿਲਕੁਲ ਸ਼ਾਂਤ ਰਹਿੰਦਾ। ਕਦੇ-ਕਦੇ ਨੀਰਜ ਉਸਨੂੰ ਘੁੱਟ ਕੇ ਜੱਫੀ ਪਾਉਂਦਾ, ਚੁੰਮਦਾ ਤੇ ਛੱਡ ਦਿੰਦਾ। ਜਿਵੇਂ ਮਾਂ ਬੱਚੇ ਨੂੰ ਚੁੰਮ ਕੇ ਪੰਘੂੜੇ ਵਿਚ ਪਾ ਦਿੰਦੀ ਹੈ। ਮਿੱਠੀ ਨੀਂਦੇ ਸੌਣ ਲਈ। ਪਰ ਅੰਜੂ ਬੱਚਾ ਨਹੀਂ ਸੀ।

ਨੀਰਜ ਤੇ ਅੰਜੂ ਦੇ ਵਿਆਹ ਦੀ ਵਰ੍ਹੇ-ਗੰਢ ਆਈ। ਅੰਜੂ ਨੀਰਜ ਵਾਸਤੇ ਬਹੁਤ ਪਿਆਰਾ ਧਾਰੀਦਾਰ ਨਾਈਟ ਸੂਟ ਲੈ ਕੇ ਆਈ। ਹਲਕੇ ਨੀਲੇ ਰੰਗ ਦਾ। ਨੀਰਜ ਨੇ ਅੰਜੂ ਤੋਂ ਸੂਟ ਲੈ ਕੇ ਉਸਦਾ ਧੰਨਵਾਦ ਕੀਤਾ ਤੇ ਰੱਖ ਦਿੱਤਾ। ਡੂੰਘੀ ਰਾਤੇ ਨੀਰਜ ਅੰਜੂ ਨੂੰ ਉਠਾ ਕੇ ਵਿਹੜੇ ਵਿਚ ਲੈ ਆਇਆ। ਫਿਰ ਛੱਤ ਉਪਰ ਲੈ ਗਿਆ।

'ਆ ਅੰਜੂ... ਅੱਜ ਆਹ ਚੰਨ ਤਾਰੇ ਆਪਣੀ ਬੁੱਕਲ 'ਚ ਭਰੀਏ... ਇਨ੍ਹਾਂ ਨਾਲੋਂ ਵੱਡਾ ਤੋਹਫਾ ਕੀ ਹੋ ਸਕਦੈ... ਆਹ ਵੇਖ ਮੈਂ ਦੋਹਾਂ ਹੱਥਾਂ 'ਚ ਚੰਨ ਨੂੰ ਘੁੱਟ ਲਿਆ ਹੈ... ਆਪਣੀਆਂ ਗਲ੍ਹਾਂ ਚੰਨ ਨਾਲ ਘਸਾ ਕੇ ਵੇਖ ... ਹਾ ਹਾ ... ਸਵਾਦ ਆ ਗਿਆ ... ਆਨੰਦ ਹੀ ਆਨੰਦ....' ਨੀਰਜ ਕਿਸੇ ਅਗੰਮੀ ਅਵਸਥਾ 'ਚ ਬੋਲੀ ਜਾ ਰਿਹਾ ਸੀ।

ਅੰਜੂ ਬੋਝਲ ਅੱਖਾਂ ਨਾਲ ਨੀਰਜ ਨੂੰ ਤੱਕਦੀ ਬੋਲੀ, ' ਪਰ... ਮੈਨੂੰ ਤਾਂ ਸਿਰਫ ਨੀਰਜ ਵਿਖਾਈ ਦੇ ਰਿਹੈ... ਮੇਰੇ ਚੰਨ ਤਾਰੇ ਤਾਂ ਇਥੇ ਹੀ ਕਿਧਰੇ ਗੁੰਮ ਹੋ ਗਏ ਹਨ... ਪਲੀਜ਼ ਉਹ ਮੈਨੂੰ ਮੋੜ ਦਿਓ...'

ਜੂਨ ਮਹੀਨੇ ਦੀ ਉਹ ਰਾਤ ਵੀ ਅੰਜੂ ਲਈ ਬੜੀ ਦਰਦ ਭਰੀ ਸੀ। ਅੱਧੀ ਕੁ ਰਾਤ ਨੂੰ ਅੰਜੂ ਉੱਠੀ। ਨੀਰਜ ਬੈੱਡ ਉੱਤੇ ਨਹੀਂ ਸੀ। ਬਾਥਰੂਮ ਵਿਚ ਦੇਖ ਲਿਆ। ਛੱਤ 'ਤੇ ਵੀ ਜਾ ਆਈ ਸੀ। ਫਿਰ ਕਿੱਥੇ ਹੋ ਸਕਦੈ। ਉਹ ਰੋਣ-ਹਾਕੀ ਹੋਈ ਪਈ ਸੀ। ਅਚਾਨਕ ਉਸਨੇ ਦੇਖਿਆ ਗੈੱਸਟ ਰੂਮ ਦਾ ਦਰਵਾਜ਼ਾ ਖੁੱਲ੍ਹਾ ਸੀ। ਗਰਮੀਆਂ ਦੀ ਅੱਧੀ ਰਾਤ ਨੂੰ ਨੀਰਜ ਬੈੱਡਰੂਮ ਵਿਚੋਂ ਉਠ ਕੇ ਗੈੱਸਟ ਰੂਮ ਵਿਚ ਜਾ ਲੰਮਾ ਪਿਆ ਤੇ ਪੱਖਾ ਵੀ ਨਾ ਛੱਡਿਆ। ਅੰਜੂ ਉਸਦੇ ਗਲ ਲੱਗ ਕੇ ਬਹੁਤ ਰੋਈ ਸੀ। ਜਿਵੇਂ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਨੌਕਰਾਣੀ ਨੇ ਆਪਣੇ ਮਰ ਚੁੱਕੇ ਪਤੀ ਦੀ ਦੇਹ ਨਾਲ ਚੰਬੜ ਕੇ ਵੈਣ ਪਾਏ ਸੀ। ਅੰਜੂ ਨੇ ਨੀਰਜ ਨੂੰ ਹਲੂਣ ਕੇ ਜਗਾਉਣ ਦੀ ਕੋਸ਼ਿਸ਼ ਕੀਤੀ। ਨੀਰਜ ਸੁੱਤਾ ਤਾਂ ਨਹੀਂ ਸੀ ਪਰ ਜਾਗਿਆ ਵੀ ਨਹੀਂ।

ਸਮਾਂ ਬੀਤਦਾ ਗਿਆ। ਹਰਿੰਦਰ ਨੇ ਨੀਰਜ ਨੂੰ ਡੇਢ ਮਹੀਨੇ ਲਈ ਪੂਨੇ ਸੱਦਿਆ। ਵਿਸ਼ੇਸ਼ ਸਾਧਨਾ ਕੈਂਪ ਵਾਸਤੇ। ਨੀਰਜ ਚਲਾ ਗਿਆ। ਅੰਜੂ ਟੁੱਟੀ ਹੋਈ ਪਤੰਗ ਵਾਂਗ ਡਿਕ ਡੋਲੇ ਖਾਂਦੀ ਫਿਰਦੀ ਰਹੀ। ਉਹ ਐਤਕੀਂ ਛੁੱਟੀਆਂ ਵਿਚ ਵੀ ਕਿਤੇ ਨਹੀਂ ਗਏ। ਬੇਬੀ ਤੇ ਚਾਰਲੀ ਵੱਖ ਗੁੱਸੇ ਸਨ। ਅਖੀਰ ਅੰਜੂ ਨੇ ਬੱਚਿਆਂ ਨੂੰ ਉਹਨਾਂ ਦੇ ਨਾਨਕੇ ਭੇਜ ਦਿੱਤਾ। ਇਹ ਸ਼ਾਇਦ ਪਹਿਲੀ ਵਾਰ ਹੋਇਆ ਸੀ ਕਿ ਬੇਬੀ ਤੇ ਚਾਰਲੀ ਇਕੱਲੇ ਛੁੱਟੀਆਂ ਕੱਟਣ ਵਾਸਤੇ ਗਏ ਹੋਣ।

ਡੇਢ ਕੁ ਮਹੀਨੇ ਬਾਅਦ ਨੀਰਜ ਪੂਨੇ ਤੋਂ ਵਾਪਸ ਆਇਆ। ਉਹ ਹਰਿੰਦਰ ਦਾ ਹੀ ਰੂਪ ਬਣ ਗਿਆ ਸੀ। ਆਪਣੇ ਕਮਰੇ ਵਿਚ ਹੀ ਸੌਂਦਾ। ਅੰਜੂ ਨਾਲ ਗੱਲ ਵੀ ਸ਼ਾਂਤ ਤੇ ਸਹਿਜ ਸੁਭਾਅ ਕਰਦਾ। ਜਿਵੇਂ ਕੋਈ ਪ੍ਰਵਚਨ ਕਰ ਰਿਹਾ ਹੋਵੇ। ਸਿੱਧੀ ਸਾਦੀ ਜਿਹੀ ਬੋਲੀ। ਅੰਜੂ ਦਾ ਜੀਅ ਕਰਦਾ ਉਹ ਉਸ ਨਾਲ ਹੱਸੇ। ਮਸ਼ਕਰੀ ਕਰੇ। ਪਹਿਲਾਂ ਵਾਂਗ ਚੂੰਢੀਆਂ ਵੱਢੇ, ਕੁੱਟੇ ਮਾਰੇ ... ਕੁਝ ਤਾਂ ਕਰੇ।

ਅੰਜੂ ਕੋਠੀ ਵਿਚ ਤੁਰੀ ਫਿਰਦੀ। ਕਿਸੇ ਖੁਸ਼ਕ ਬੱਦਲੀ ਵਾਂਗ। ਨਾ ਵਰ੍ਹ ਸਕਦੀ ਸੀ ਨਾ ਰੁਕ ਸਕਦੀ ਸੀ। ਉਹ ਵਾਲ ਵਾਹੁੰਦੀ-ਵਾਹੁੰਦੀ ਮੁੜ ਖਿਲਾਰ ਲੈਂਦੀ ਤੇ ਫਿਰ ਐਵੇਂ ਵਲ੍ਹੇਟੇ ਜਿਹੇ ਦਿੰਦੀ ਕਾਲਿਜ ਤੁਰ ਜਾਂਦੀ। ਉਸ ਨੂੰ ਆਪਣੇ ਸਰੀਰ ਵਿਚੋਂ ਸੇਕ ਆਉਂਦਾ ਲਗਦਾ। ਜਿਵੇਂ ਪੰਜ ਭੱਠ ਤਾਪ ਚੜ੍ਹਿਆ ਹੋਵੇ। ਉਹ ਰਾਤ ਨੂੰ ਬਹਿ ਕੇ ਪਹਿਲਾਂ ਵਾਂਗ ਆਪਣਾ ਕਾਲਿਜ ਦਾ ਕੰਮ ਨਾ ਕਰ ਸਕਦੀ। ਸਿਆਲ ਦੀਆਂ ਰਾਤਾਂ ਨੂੰ ਕਈ ਵਾਰ ਠੰਡੇ ਪਾਣੀ ਨਾਲ ਨਹਾਤੀ ਸੀ ਅੰਜੂ।

ਨੀਰਜ ਦੂਸਰੀ ਵਾਰ ਪੂਨੇ ਜਾਂ ਹੋਰ ਕਿਧਰੇ ਜਾ ਰਿਹਾ ਸੀ। ਅੰਜੂ ਨਾਲ ਉਸਦੀ ਕੋਈ ਗੱਲ ਨਹੀਂ ਸੀ ਹੋਈ। ਅੰਜੂ ਨੂੰ ਤਾਂ ਉਸ ਵੇਲੇ ਪਤਾ ਲੱਗਿਆ ਸੀ ਜਦੋਂ ਨੀਰਜ ਨੇ ਕਿਹਾ 'ਅੰਜੂ ਮੈਂ ਕੁਝ ਦਿਨਾਂ ਵਾਸਤੇ ਸਾਧਨਾ ਸ਼ਿਵਰ 'ਚ ਜਾ ਰਿਹਾਂ... ਦੁਕਾਨ ਵਾਲੇ ਨੂੰ ਕਹਿ ਦਿੱਤੈ, ਉਹ ਰਾਸ਼ਨ ਘਰ ਪੁਚਾ ਦਊ... ਚੰਗਾ।'

ਫਿਰ ਇਹ ਸਿਲਸਿਲਾ ਚਲਦਾ ਰਿਹਾ। ਨੀਰਜ ਕੈਂਪਾਂ 'ਚ ਜਾਂਦਾ। ਸ਼ਿਵਰ ਲਾਉਂਦਾ। ਪ੍ਰਵਚਨ ਸੁਣਦਾ। ਪ੍ਰਵਚਨ ਕਰਦਾ। ਕਾਰ, ਕੋਠੀ, ਹੋਟਲ, ਪਾਰਟੀ, ਸਾਹਿਬ, ਪ੍ਰੋਮੋਸ਼ਨ, ਸੈਲਰੀ ਦੀ ਬਜਾਏ ਆਨੰਦ... ਰਹੱਸ... ਆਤਮਾ... ਵਾਸਨਾ... ਯੋਗ... ਉਸਦੀ ਭਾਸ਼ਾ ਦੇ ਬੋਲ ਬਣ ਗਏ ਸਨ।

ਅੰਜੂ ਨੂੰ ਜਾਪਦਾ ਜਿਵੇਂ ਉਹ ਕਿਸੇ ਰਿਸ਼ੀ ਦੇ ਸਰਾਪ ਨਾਲ ਪੱਥਰ ਹੋ ਗਈ ਹੋਵੇ। ਸਰਾਪ ਤੋੜਨ ਲਈ ਉਸਦਾ ਪਤੀ ਉਸ 'ਤੇ ਫੂਕ ਮਾਰਨ ਲਈ ਆਉਣ ਵਾਲਾ ਹੋਵੇ। ਪਰ ਉਹ ਪੱਥਰ ਹੀ ਰਹੀ। ਉਸਦਾ ਪਤੀ ਨਹੀਂ ਆਇਆ।

ਹੌਲੀ-ਹੌਲੀ ਅੰਜੂ ਦਾ ਪਾਰੇ ਵਾਂਗ ਥਿਰਕਦਾ ਮਨ ਸਹਿਜ ਹੋਣ ਲੱਗ ਪਿਆ। ਤਬਦੀਲੀ ਸੀ ਜਾਂ ਸਮਝੌਤਾ, ਅੰਜੂ ਨੇ ਕਦੇ ਸੋਚਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਹ ਆਮ ਵਾਂਗ ਕਾਲਿਜ ਜਾਂਦੀ। ਸ਼ੀਸ਼ੇ ਅੱਗੇ ਖੜ੍ਹ ਕੇ ਵਾਰ-ਵਾਰ ਵਾਲ ਵਾਹੁੰਦੀ। ਫੈਸ਼ਨਦਾਰ ਕੱਪੜੇ ਪਾਉਂਦੀ। ਬੇਬੀ ਤੇ ਚਾਰਲੀ ਨੂੰ ਪੜ੍ਹਨ ਵਾਸਤੇ ਹੋਸਟਲ ਪਾ ਦਿੱਤਾ। ਜ਼ਿੰਦਗੀ ਆਪਣੀ ਚਾਲੇ ਚੱਲ ਰਹੀ ਸੀ।

0 0 0

ਨੀਰਜ ਰੇਲ ਦੇ ਦੋ ਦਿਨਾਂ ਦੇ ਲੰਬੇ ਸਫਰ ਤੋਂ ਬਾਅਦ ਆਪਣੇ ਸ਼ਹਿਰ ਦੇ ਪਲੇਟਫਾਰਮ 'ਤੇ ਪਹੁੰਚਿਆ ਤਾਂ ਪੋਹ ਦੀ ਠੰਡੀ ਯੱਖ ਰਾਤ ਨੇ ਉਸਦਾ ਸੁਆਗਤ ਕੀਤਾ। ਉਹ ਆਸ਼ਰਮ ਦੀ ਟੋਲੀ ਨਾਲ ਅੱਗੇ ਕਿਸੇ ਸ਼ਹਿਰ ਵਿਚ ਨਵੇਂ ਜਗਿਆਸੂਆਂ ਨੂੰ ਸਾਧਨਾ ਦੀ ਸਿਖਲਾਈ ਦੇਣ ਵਾਸਤੇ ਜਾ ਰਿਹਾ ਸੀ। ਪੂਨੇ ਦਾ ਨਿੱਘਾ ਮੌਸਮ ਹੱਡੀਆਂ ਕੜਕਾਉਣ ਵਾਲੇ ਕੱਕਰ ਵਿਚ ਬਦਲ ਗਿਆ। ਉਸਨੂੰ ਇਹ ਤਬਦੀਲੀ ਚੰਗੀ ਲੱਗੀ।

'ਬੁੱਧ ਜਦੋਂ ਵਰ੍ਹਿਆਂ ਬਾਅਦ ਜੰਗਲਾਂ ਵਿਚੋਂ ਘਰ ਪਰਤਿਆ ਸੀ ਤਾਂ ਉਸਨੂੰ ਕਿਸ ਤਰ੍ਹਾਂ ਦਾ ਲੱਗਿਆ ਹੋਊ... ਪਤਨੀ... ਬੱਚੇ... ਮਾਪੇ... ਰਿਆਇਆ... ਰਾਜ ਭਵਨ... ਕਿਵੇਂ ਕੱਟੀ ਹੋਊ ਇਹ ਜੁਦਾਈ।' ਉਸਦੇ ਦਿਮਾਗ ਵਿਚ ਚਲਦੀਆਂ ਚੱਕਰੀਆਂ ਕਦੇ ਤੇਜ਼ ਹੋ ਜਾਂਦੀਆਂ ਕਦੇ ਸੁਸਤ।

ਆਪਣੀਆਂ ਸੋਚਾਂ 'ਤੇ ਉਹ ਆਪ ਮੁਹਾਰੇ ਹੱਸ ਪਿਆ। ਸਟੇਸ਼ਨ 'ਤੇ ਖੜ੍ਹੇ ਰਿਕਸ਼ੇ ਸਵਾਰੀਆਂ ਲੈ ਕੇ ਤੁਰ ਗਏ ਸਨ। ਉਸਨੂੰ ਠੰਡੀ ਰਾਤ ਪਿਆਰੀ ਲੱਗੀ... ਚੁੱਪ... ਸ਼ਾਂਤ... ਸ਼ਰੀਫ... ਮਾਸੂਮ। ਉਸ ਕੋਲ ਦੋ ਘੰਟੇ ਸਮਾਂ ਸੀ। ਇਕ ਵਾਰ ਘਰ ਵੇਖ ਆਵਾਂ... ਘਰ ਤੇ ਨਾਲੇ ਅੰਜੂ, ਬੇਬੀ, ਚਾਰਲੀ ...।

ਸਾਥੀਆਂ ਨੂੰ ਜਲਦੀ ਆਉਣ ਦਾ ਕਹਿ ਕੇ ਉਹ ਘਰ ਵੱਲ ਤੁਰ ਪਿਆ। ਮਾਡਲ ਟਾਊਨ ਵਿਚਲੇ ਆਪਣੇ ਘਰ ਸਾਹਮਣੇ ਪਹੁੰਚ ਕੇ ਉਹ ਇਕ ਪਲ ਠਿਠਕਿਆ। ਬੈੱਡ ਰੂਮ ਦੀ ਬੱਤੀ ਜਗ ਰਹੀ ਸੀ। ਅੰਜੂ ਤਾਂ ਹਮੇਸ਼ਾ ਬੱਤੀ ਬੰਦ ਕਰਕੇ ਸੌਂਦੀ ਹੈ। ਰਾਤ ਅੱਧੀ ਤੋਂ ਵੱਧ ਬੀਤ ਗਈ ਸੀ। ਫਿਰ ਬੱਤੀ...। ਨੀਰਜ ਨੇ ਆਪਣੇ ਚੋਲੇ ਨੂੰ ਸਰੀਰ ਨਾਲ ਘੁੱਟ ਲਿਆ। ਗੱਡੀ ਨੇ ਕੂਕ ਮਾਰੀ।

'... ਗੱਡੀਏ ਤੂੰ ਠਹਿਰ ਮੈਂ ਆਉਨੈ ... ਬੱਸ ਇਕ ਵਾਰ ਉਸਦਾ ਮੁੱਖ ਵੇਖ ਲਾਂ।'

ਲੰਬੇ ਤੇ ਖੁੱਲ੍ਹੇ ਚੋਲੇ ਵਿਚ ਠੰਡ ਨਾਲ ਉਸਦਾ ਸਰੀਰ ਬਰਫ ਹੋ ਰਿਹਾ ਸੀ। ਉਹ ਘਰ ਦੀ ਬਾਹਰਲੀ ਛੋਟੀ ਕੰਧ ਟੱਪ ਕੇ ਅੰਦਰ ਦਾਖਲ ਹੋ ਗਿਆ। ਹੱਥ ਨਾਲ ਪੋਲਾ ਜਿਹਾ ਧੱਕਿਆ ਤਾਂ ਬੈੱਡਰੂਮ ਦਾ ਢੋਇਆ ਹੋਇਆ ਬੂਹਾ ਖੁੱਲ੍ਹ ਗਿਆ। ਅੰਜੂ ਬੈੱਡ ਨਾਲ ਢੋਅ ਲਾ ਕੇ ਬੈਠੀ ਸੀ। ਲੱਤਾਂ ਉੱਪਰ ਰਜਾਈ। ਸਿਰ ਉਪਰ ਸਕਾਰਫ। ਦੋ ਸਿਰਾਹਣਿਆਂ ਦਾ ਢੋਅ। ਅਕਸਰ ਨੀਰਜ ਦੀ ਉਡੀਕ ਵਿਚ ਉਹ ਇਸ ਤਰ੍ਹਾਂ ਬੈਠੀ-ਬੈਠੀ ਸੌਂ ਜਾਂਦੀ ਸੀ, ਮਤਾਂ ਕਿਤੇ ਰਜਾਈ ਦੇ ਨਿੱਘ ਵਿਚ ਡੂੰਘੀ ਨੀਂਦ ਆ ਗਈ ਤਾਂ ਬੂਹਾ ਖੋਲ੍ਹਣ ਵਿਚ ਦੇਰ ਹੋ ਜਾਵੇ। ਅੰਜੂ ਮੇਰੀ ਉਡੀਕ...।

ਯਾਤਰੀ ਨੂੰ ਪਹਾੜ ਦੀਆਂ ਜੜ੍ਹਾਂ ਵਿਚ ਸਿਖਰ ਦੁਪਹਿਰੇ ਵੀ ਹਨੇਰਾ ਜਾਪਦੈ। ਪਰ ਪਹਾੜ ਦੀ ਸਿਖਰ ਤੋਂ ਚੜ੍ਹਦਾ ਸੂਰਜ ਹਮੇਸ਼ਾਂ ਸਭ ਤੋਂ ਪਹਿਲਾਂ ਦਿਖਾਈ ਦਿੰਦਾ। ਨੀਰਜ ਨੂੰ ਜਾਪਿਆ ਜਿਵੇਂ ਉਹ ਟੀਸੀ 'ਤੇ ਖੜ੍ਹਾ ਹੋਵੇ...। ਉਸਨੇ ਫਿਰ ਚੋਲੇ ਨੂੰ ਸਰੀਰ ਨਾਲ ਘੁੱਟਿਆ। ਅੰਜੂ ਦਾ ਚਿਹਰਾ ਸ਼ਾਂਤ ਸੀ। ਗੱਡੀ ਨੇ ਕੂਕ ਮਾਰੀ... ਕਿਸੇ ਦਿਓ ਦੀ ਆਦਮ ਬੋ ਵਾਂਗ।

'ਨਹੀਂ... ਇਹ ਨਹੀਂ... ਨਹੀਂ... ਨਹੀਂ... ਮੇਰੀ ਸਾਧਨਾ ਨਿਹਫਲ... ਪਰ ਇਹ ਮੇਰਾ ਘਰ... ਮੇਰੇ ਬੱਚੇ... ਮੇਰੀ ਅੰਜੂ।'

ਨੀਰਜ ਦੇ ਦਿਮਾਗ਼ ਅੰਦਰ ਚੱਕਰੀਆਂ ਦੀ ਚਿਰ-ਚਿਰ ਤੇਜ਼ ਹੋ ਗਈ। ਦੋਹਾਂ ਮੁੱਠੀਆਂ 'ਚ ਘੁੱਟੀਆਂ ਚੋਲੇ ਦੀਆਂ ਕੰਨੀਆਂ ਢੈਲੀਆਂ ਪੈ ਗਈਆਂ... ਹੱਥ ਚੋਲੇ ਦੇ ਗਲਮੇਂ ਤਕ ਪਹੁੰਚ ਗਏ। ਉਸਨੇ ਚੋਲਾ ਲਾਹ ਕੇ ਕਿੱਲੀ 'ਤੇ ਪਏ ਮੈਲੇ ਕੱਪੜਿਆਂ ਵਿਚ ਟੰਗ ਦਿੱਤਾ ਤੇ ਬੈੱਡ ਰੂਮ ਦੇ ਨਾਲ ਲੱਗਵੇਂ ਸਟੋਰ ਵਿਚੋਂ ਆਪਣਾ ਧਾਰੀਦਾਰ ਨੀਲਾ ਨਾਈਟ ਸੂਟ ਲੱਭਣ ਲੱਗਿਆ।

ਟਨ...ਟਨ...ਟਨ... ਡੋਰ ਬੈੱਲ ਵੱਜੀ। ਅੰਜੂ ਇਕ ਦਮ ਤ੍ਰਭਕ ਕੇ ਉੱਠੀ। ਭੱਜ ਕੇ ਕੋਠੀ ਦਾ ਬੂਹਾ ਖੋਲ੍ਹਿਆ।

'ਯੂ... ਮਾਈ ਡਾਰਲਿੰਗ... ਆ...ਹੂੰ...ਆ...ਹਾ...ਹਾ...।'

ਗੂਹੜੇ ਨੀਲੇ ਰੰਗ ਦਾ ਕੋਟ ਪੈਂਟ ਪਹਿਨੀ ਕੋਈ ਸ਼ਖ਼ਸ ਅੰਜੂ ਨੂੰ ਬੁੱਕਲ 'ਚ ਚੁੱਕੀ ਬੈੱਡ ਰੂਮ ਵਿਚ ਦਾਖਲ ਹੋਇਆ।

ਨੀਰਜ ਦੇ ਹੱਥੋਂ ਨਾਈਟ ਸੂਟ ਡਿੱਗ ਪਿਆ। ਉਸਦੇ ਹੱਥ ਕਿੱਲੀ ਉਪਰ ਟੰਗੇ ਆਪਣੇ ਚੋਲੇ ਤਕ ਨਹੀਂ ਸੀ ਪਹੁੰਚ ਰਹੇ। ਉਸਦਾ ਨੰਗਾ ਜਿਸਮ ਕੰਬ ਰਿਹਾ ਸੀ। ਨਾਲ ਹੀ ਕੰਬ ਰਹੀ ਸੀ ਉਸਦੇ ਗੱਲ 'ਚ ਪਾਈ ਕਾਲੇ ਰੰਗੇ ਮੋਟੇ ਮਣਕਿਆਂ ਦੀ ਮਾਲਾ।

ਕੂਅ...ਅ... ਅ... ਗੱਡੀ ਨੇ ਆਖਰੀ ਚੀਕ ਮਾਰੀ। ਨੀਰਜ ਵਾਪਸ ਮੁੜਿਆ ਤਾਂ ਬੂਹੇ ਦੇ ਕੁੰਡੇ 'ਚ ਉਸਦੀ ਲੰਬੀ ਮਾਲਾ ਅੜਕ ਕੇ ਟੁੱਟ ਗਈ।... ਟੱਨ... ਟਣਨ... ਣਨ... ਨ... ਨ... ਕਰਦੇ ਮਣਕੇ ਦੂਰ ਤੱਕ ਖਿੰਡ ਗਏ। ਉਹ ਖਾਲੀ ਖਾਲੀ ਅੱਖਾਂ ਨਾਲ ਦੂਰ ਤਕ ਖਿੰਡੇ ਮਣਕਿਆਂ ਨੂੰ ਤੱਕ ਰਿਹਾ ਸੀ। ☐☐

[7533, ਨਾਮਦੇਵ ਨਗਰ, ਮੁਕਤਸਰ-152 026]

ਧੋਬੀ ਘਾਟ ਵਾਲਾ ਪਾਤਰ ਤੇ ਅਸੀਂ

ਸ਼ਸ਼ੀ ਸਮੁੰਦਰਾ

ਸਮਾਂ : ਜੁਲਾਈ 07। ਸ਼ਹਿਰ : ਡੇਲਸ। ਸਟੇਟ : ਟੈਕਸਾਸ। ਦੇਸ਼ : ਯੂ.ਐੱਸ.ਏ.। ਮੌਕਾ : ਪੰਜਾਬੀ ਕਲਚਰਲ ਐਸੋਸੀਏਸ਼ਨ ਔਫ ਨੌਰਥ ਟੈਕਸਾਸ ਤੇ 'ਪੰਜਾਬੀ ਆਲਮ' ਦਾ ਸਾਲਾਨਾ ਇਕੱਠ। ਮੁਖ ਮਹਿਮਾਨ : ਸੁਰਜੀਤ ਪਾਤਰ।

ਏਥੇ ਏਸ ਮੌਕੇ 'ਤੇ ਮਹਿਮਾਨਾਂ ਨੂੰ ਵੱਖ ਵੱਖ ਥਾਵਾਂ 'ਤੇ ਠਹਿਰਾਇਆ ਗਿਆ ਹੈ। ਚਾਰ ਜਣੇ ਜਸਵੀਰ ਕੌਰ ਦੇ ਘਰ ਠਹਿਰੇ ਹਨ: ਸੁਰਜੀਤ ਪਾਤਰ, ਸਾਧੂ ਸਿੰਘ, ਅਵਤਾਰ ਕੌਰ ਖਾਲਸਾ ਤੇ ਮੈਂ। ਇਹ ਇਕ ਡਬਲ ਸਟੋਰੀ ਕਮਿਊਨਿਟੀ ਸੈਂਟਰ ਨੁਮਾ ਖੁਲ੍ਹਾ-ਡੁਲ੍ਹਾ ਘਰ ਹੈ। ਕੁਝ ਕਮਰੇ ਉਪਰ ਹਨ ਤੇ ਕੁਝ ਹੇਠਾਂ। ਉਪਰ ਪਉੜੀਆਂ ਤੋਂ ਖੱਬੇ ਪੱਛਮ ਵੱਲ ਦਾ ਕਮਰਾ ਪਾਤਰ ਦਾ ਹੈ। ਪਉੜੀਆਂ ਤੋਂ ਸੱਜੇ ਪੂਰਬ ਵੱਲ ਦਾ ਕਮਰਾ ਮੇਰਾ ਹੈ। ਮੇਰੇ ਕਮਰੇ ਨਾਲ ਲਗਦਾ ਬਾਥਰੂਮ ਹੈ। ਤੇ ਏਸ ਨਾਲ ਲਗਦਾ ਦੱਖਣ ਵੱਲ ਅਵਤਾਰ ਜੀ ਦਾ ਕਮਰਾ ਹੈ। ਇਹਨਾਂ ਕਮਰਿਆਂ ਦੇ ਵਿਚਕਾਰ ਵੱਡੀ ਸਾਰੀ ਲੌਬੀ ਹੈ ਜੀਹਦੇ ਪਿਛਲੇ ਪਾਸੇ ਉੱਤਰ ਵੱਲ ਵੱਡੀਆਂ ਸ਼ੀਸ਼ਿਆਂ ਵਾਲੀਆਂ ਕੰਧ-ਨੁਮਾ ਬਾਰੀਆਂ ਵਿਚੋਂ ਬਾਹਰ ਫੈਲਿਆ ਗੌਫ ਕੋਰਸ ਦਿਸਦਾ ਹੈ। ਤੇ ਦੂਰ ਤਕ ਫੈਲੇ ਦਰਖਤਾਂ ਦੇ ਝੁੰਡ ਤੇ ਪਗਡੰਡੀਆਂ ਹਨ।

ਏਥੇ ਪਹਿਲੀ ਸਵੇਰ ਅੱਧਸੁੱਤੀ ਨੂੰ ਮੈਨੂੰ ਓਮ ਓਮ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਜਾਗੀ ਮੈਂ ਇਹਨਾਂ ਆਵਾਜ਼ਾਂ ਨੂੰ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕਰਦੀ ਹਾਂ। ਸ਼ਾਇਦ ਕਿਸੇ ਕਮਰੇ 'ਚ ਭਜਨਾਂ ਦੀ ਕੋਈ ਟੇਪ/ਸੀਡੀ ਚੱਲ ਰਹੀ ਹੈ? ਪਰ ਨਹੀਂ। ਇਹ ਤਾਂ ਪਿੱਛਿਉਂ ਗੌਫ ਖੇਡਣ ਵਾਲਿਆਂ ਦੀਆਂ ਆਵਾਜ਼ਾਂ ਹਨ। ਮੈਨੂੰ ਆਪਣੇ ਗ਼ਲਤ ਸੁਣਨ 'ਤੇ ਹਾਸਾ ਆ ਗਿਆ ਹੈ,ਤੇ ਮੈਂ ਮੁੜ ਘੇਸਲ ਮਾਰ ਕੇ ਸੌਂ ਗਈ ਹਾਂ। ਸ਼ਾਇਦ ਘੰਟਾ-ਦੋ ਘੰਟੇ ਲੰਘ ਗਏ ਹਨ। ਹੁਣ ਕਿਸੇ ਦੇ ਗੁਨਗੁਨਾਉਣ ਦੀ ਆਵਾਜ਼ ਆ ਰਹੀ ਹੈ। ਵਾਰ ਵਾਰ ਮੇਰਾ ਨਾਂ ਲਿਆ ਜਾ ਰਿਹੈ। ਉੱਠ ਕੇ ਮੈਂ ਦਰਵਾਜ਼ਾ ਖੋਲ੍ਹਦੀ ਹਾਂ। ਲੌਬੀ 'ਚ ਪਾਤਰ ਘੁੰਮ ਰਿਹੈ।

"ਗੁੱਡ ਮੌਰਨਿੰਗ ਪਾਤਰ ਜੀ"।

"ਗੁੱਡ ਮੌਰਨਿੰਗ" ਆਖ ਉਹ ਫੇਰ ਗੁਨਗੁਨਾਉਣ ਲੱਗ ਪੈਂਦਾ ਹੈ।

"ਹੇ ਰਵੀ,ਹੇ ਸ਼ਸ਼ੀ,ਹੇ ਕਰੁਨਾਨਿਧ..." ਫੇਰ ਮੈਨੂੰ ਦੱਸਦਾ ਹੈ:

"ਦਸਮ ਗ੍ਰੰਥ ਵਿਚ ਹੈ: ਹੇ ਰਵਿ,ਹੇ ਸਸਿ,ਹੇ ਕਰੁਨਾਨਿਧ। ਮੈਂ ਹੇ ਸਸਿ ਨੂੰ ਹੇ ਸ਼ਸ਼ੀ ਬਣਾ ਲਿਆ"।

"ਅੱਛਾ ਅੱਛਾ ਇਹ ਗੱਲ ਆ ?"

"ਹਾਂ"

"ਮੈਨੂੰ ਲੱਗਾ ਸੀ ਜਿਵੇਂ ਕੋਈ ਮੇਰਾ ਨਾਂ ਲੈਂਦਾ ਆ ਰਿਹਾ ਹੋਵੇ" ਆਖ ਮੈਂ ਹੱਸਦੀ ਹਾਂ। ਮੁਸਕਰਾਉਂਦਾ ਉਹ ਮੁੜ ਗਾਉਣ ਲੱਗ ਪੈਂਦਾ ਹੈ:

"ਹੇ ਰਵੀ,ਹੇ ਸ਼ਸ਼ੀ,ਹੇ ਕਰੁਨਾਨਿਧ...

ਪਉੜੀਆਂ ਚੜ੍ਹੋ ਤਾਂ ਲੌਬੀ ਵਿਚ ਸੱਜੇ ਕੱਪੜੇ ਪ੍ਰੈੱਸ ਕਰਨ ਲਈ ਸਟੈਂਡ ਵਾਲਾ ਬੋਰਡ ਪਿਆ ਰਹਿੰਦਾ ਹੈ,ਤੇ ਇਹਦੇ 'ਤੇ ਪਈ ਰਹਿੰਦੀ ਹੈ ਪ੍ਰੈੱਸ। ਅਕਸਰ ਪਾਤਰ ਏਥੇ ਖੜ੍ਹਾ ਆਪਣੇ ਕੱਪੜੇ ਪ੍ਰੈੱਸ ਕਰਦਾ ਦਿਸੂਗਾ। ਮੈਂ ਆਪਣੇ ਕਮਰੇ 'ਚੋਂ ਹੇਠਾਂ ਜਾਂਦੀ ਹਾਂ ਤਾਂ ਉਹ ਕੁਝ ਪ੍ਰੈੱਸ ਕਰ ਰਿਹਾ ਹੈ। ਕੁਝ ਚਿਰ ਪਿੱਛੋਂ ਮੈਂ ਮੁੜ ਉਪਰ ਜਾਂਦੀ ਹਾਂ ਤਾਂ ਉਹ ਕੁਝ ਹੋਰ ਪ੍ਰੈੱਸ ਕਰ ਰਿਹਾ ਹੈ। ਤੀਜੇ ਕੁ ਦਿਨ ਮੈਂ ਕਿਹਾ, "ਪਾਤਰ, ਮੈਨੂੰ ਤਿੰਨ ਕੰਮ ਕਰਨੇ ਬਿਲਕੁਲ ਚੰਗੇ ਨਈਂ ਲਗਦੇ;ਕੱਪੜੇ ਪ੍ਰੈੱਸ

ਕਰਨੇ,ਰੋਟੀ ਪਕਾਉਣੀ ਤੇ ਵੈਕੂਮ ਕਰਨਾ"।

"ਮੈਨੂੰ ਹਨਾ ਕੱਪੜੇ ਪ੍ਰੈੱਸ ਕਰਨੇ ਬ੍ਹੌਤ ਚੰਗੇ ਲੱਗਦੇ ਆ। ਐਦਾਂ ਹਨਾ ਬਈ ਪ੍ਰੈੱਸ ਕਰਨ ਪਿੱਛੋਂ ਕੱਪੜਾ ਕਿੰਨਾ ਵਧੀਆ ਲੱਗਣ ਲੱਗ ਪੈਂਦਾ", ਇਹ ਆਖਦਾ ਉਹ ਬੜੇ ਧਿਆਨ ਨਾਲ ਆਪਣੀ ਕਮੀਜ਼ ਦੀ ਬਾਂਹ 'ਤੇ ਪ੍ਰੈੱਸ ਫੇਰਦਾ ਹੈ,ਅੱਗਿਉਂ ਪਿੱਛੇ ਤੇ ਪਿੱਛਿਉਂ ਅੱਗੇ।

ਦੂਜੇ ਕੁ ਦਿਨ ਸਵੇਰੇ ਪਉੜੀਆਂ ਉੱਤਰਦੀ ਮੈਂ ਦੇਖਦੀ ਹਾਂ ਕਿ ਖੁੰਬ-ਚਿੱਟੇ ਕੁੜਤੇ ਪਜਾਮੇ ਵਿਚ ਲੰਮੇ ਤੇ ਖੁਲ੍ਹੇ ਵਾਲਾਂ ਵਾਲਾ ਇਕ ਸਾਧ ਲਿਵਿੰਗ ਰੂਮ ਦੀਆਂ ਵੱਡੀਆਂ ਸ਼ੀਸ਼ਿਆਂ ਦੀਆਂ ਬਾਰੀਆਂ ਵਿਚੋਂ ਬਾਹਰ ਝਾਕਦਾ ਸੱਜੇ ਤੇ ਖੱਬੇ ਫਿਰ ਰਿਹੈ। ਜਸਵੀਰ ਰਸੋਈ ਵਿਚ ਬ੍ਰੇਕਫਾਸਟ ਬਣਾ ਰਹੀ ਹੈ। ਮੈਂ ਉਹਦੇ ਕੰਨ ਕੋਲ ਜਾ ਕੇ ਆਖਦੀ ਹਾਂ:

"ਜਸਵੀਰ, ਮੈਂ ਪਾਤਰ ਦਾ ਇਹ ਰੂਪ ਪਹਿਲਾਂ ਨਈਂ ਦੇਖਿਆ। ਤੇਰਾ ਕੈਮਰਾ ਕਿੱਥੇ ਐ? ਛੇਤੀ ਕਰ, ਫੋਟੋ ਖਿੱਚੀਏ"।

ਜਸਵੀਰ ਕੁਤਰੀ ਬੰਦ ਗੋਭੀ,ਗਾਜਰਾਂ ਤੇ ਪਿਆਜ਼ ਦੇ ਆਲ੍ਹਣਿਆਂ ਵਿਚ ਅੰਡੇ ਟਿਕਾਉਣ ਦਾ ਕੰਮ ਵਿੱਚੇ ਛੱਡਕੇ,ਭੱਜਕੇ ਨੇੜਿਉਂ ਕੈਮਰਾ ਚੁੱਕਦੀ ਹੈ। ਪਰ ਮੈਂ ਰੁਕ ਗਈ ਹਾਂ। ਮਨ 'ਚ ਦੋਸ਼ ਦਾ ਅਹਿਸਾਸ ਜਾਗਿਆ ਹੈ। ਇਉਂ ਚੋਰੀ ਕਿਸੇ ਦੀ ਫੋਟੋ ਖਿੱਚਣੀ ਜਾਇਜ਼ ਨਹੀਂ। ਸ਼ਾਇਦ ਪਾਤਰ ਨੂੰ ਇਹ ਚੰਗਾ ਨਾ ਲੱਗੇ।

"ਪਾਤਰ, ਮੈਂ ਤੁਹਾਨੂੰ ਏਸ ਸਾਧੂ ਭੇਸ 'ਚ ਪਹਿਲਾਂ ਨਈਂ ਦੇਖਿਆ। ਅਸੀਂ ਤੁਹਾਡੀ ਫੋਟੋ ਖਿੱਚ ਸਕਦੇ ਆਂ?" ਮੈਂ ਪੁੱਛਦੀ ਹਾਂ। ਉਹ ਆਪਣੀ ਕਿਸੇ ਕਿਤਾਬ ਦਾ ਜ਼ਿਕਰ ਕਰਦੈ ਜੀਹਦੇ 'ਤੇ ਉਹਦੀ ਤਸਵੀਰ ਹੈ। ਸਾਡੇ ਆਖੇ ਉਹ ਪੋਜ਼ ਬਣਾਉਂਦਾ ਹੈ- ਕਲਿੱਕ,ਕਲਿੱਕ,ਕਲਿੱਕ,ਕਲਿੱਕ....

ਫੇਰ ਇਕ ਸਵੇਰ ਆਪਣੇ ਕਮਰੇ 'ਚੋਂ ਬਾਹਰ ਨਿੱਕਲ ਮੈਂ ਹੇਠਾਂ ਜਾਣ ਲੱਗੀ ਹਾਂ। ਸਾਹਮਣੇ ਲੌਬੀ 'ਚ ਪਾਤਰ ਅੱਜ ਫੇਰ ਉਸੇ ਸਾਧੂ ਭੇਸ 'ਚ ਘੁੰਮ ਰਿਹੈ। ਪ੍ਰੈੱਸ ਵਾਲੇ ਬੋਰਡ 'ਤੇ ਉਹਦੇ ਪ੍ਰੈੱਸ ਕੀਤੇ ਕੱਪੜੇ ਪਏ ਹਨ। ਜ਼ਾਹਿਰ ਹੈ ਕਿ ਉਹ ਹੁਣੇ ਜਿਹੇ ਪ੍ਰੈੱਸ ਕਰਕੇ ਹਟਿਆ ਹੈ। ਉਹਨੂੰ ਨਮਸਕਾਰ ਆਖ ਮੈਂ ਹੇਠਾਂ ਚਲੀ ਗਈ ਹਾਂ। ਰਸੋਈ 'ਚ ਜਸਵੀਰ ਬ੍ਰੇਕਫਾਸਟ ਬਣਾ ਰਹੀ ਹੈ। ਪਹਿਲਾਂ ਦੀ ਤਰ੍ਹਾਂ ਅੱਜ ਵੀ ਉਹ ਕੁਤਰੀ ਬੰਦ ਗੋਭੀ,ਗਾਜਰਾਂ ਤੇ ਪਿਆਜ਼ ਦੇ ਆਲ੍ਹਣਿਆਂ ਵਿਚ ਬੜੇ ਧਿਆਨ ਨਾਲ ਅੰਡੇ ਭੰਨ ਕੇ,ਟਿਕਾ ਉਹਨਾਂ ਨੂੰ ਭਾਫ ਨਾਲ ਪਕਾ ਰਹੀ ਹੈ।

"ਪਾਤਰ ਨੂੰ ਇਹ ਬ੍ਹੌਤ ਪਸੰਦ ਆ", ਉਹ ਦੱਸਦੀ ਹੈ, "ਮੈਂ ਉਨ੍ਹਾਂ ਦੇ ਕ੍ਹੈਣ 'ਤੇ ਇਹੀ ਫੇਰ ਬਣਾ ਦਿੱਤਾ"।

ਜਸਵੀਰ ਖਾਣਾ ਬਣਾਉਂਦੀ ਹੈ ਤਾਂ ਅਕਸਰ ਅਵਤਾਰ ਜੀ ਉਹਦੀ ਮੱਦਦ ਕਰ ਦਿੰਦੇ ਹਨ। ਪਤਾ ਨਹੀਂ ਕਿਉਂ,ਖਾਣਾ ਬਣਾਉਂਦੀ ਉਹ ਮੈਨੂੰ ਕੁਝ ਨਹੀਂ ਕਰਨ ਦਿੰਦੀ।

"ਤੂੰ ਬਸ ਪਲੇਟਾਂ ਲਾ ਦੇ", ਮੈਨੂੰ ਹੁਕਮ ਸੁਣਾਉਂਦੀ ਹੈ। ਪਰ ਫੇਰ, ਪਲੇਟਾਂ ਪਿੱਛੇ ਸਾਡੀ ਹਮੇਸ਼ਾ ਬਹਿਸ ਹੋ ਜਾਂਦੀ ਹੈ। ਮੈਂ ਹਮੇਸ਼ਾ ਕਿਸੇ ਚੀਨੀ ਪ੍ਰਿੰਟ ਵਾਲੀਆਂ ਨੀਲੀਆਂ ਵਰਤਣੀਆਂ ਚਾਹੁੰਦੀ ਹਾਂ,ਤੇ ਉਹ ਹਮੇਸ਼ਾ ਪਲੇਨ ਚਿੱਟੀਆਂ।

"ਸ਼ਸ਼ੀ ਔਹ ਚਿੱਟੀਆਂ ਪਲੇਟਾਂ ਲਾ ਦੇ", ਮੈਨੂੰ ਨੀਲੀਆਂ ਚੁੱਕਦੀ ਨੂੰ ਦੇਖ ਆਖੇਗੀ।

"ਮੈਨੂੰ ਨੀਲੀਆਂ ਪਸੰਦ ਆ"।

"ਚਿੱਟੀਆਂ ਹਲਕੀਆਂ,ਧੋਣੀਆਂ ਸੌਖੀਆਂ"।

ਇਕ ਦਿਨ ਮੈਂ ਚਿੱਟੀਆਂ ਪਲੇਟਾਂ ਵਰਤਣੋਂ ਨਾਂਹ ਕਰ ਦਿੱਤੀ। ਉਸ ਦਿਨ ਤੋਂ ਇਹ ਬਹਿਸ ਵੀ ਬੰਦ ਹੋ ਗਈ। ਇਕ ਦਿਨ ਇਕ ਨੀਲੀ ਪਲੇਟ ਚੁੱਕ ਕੇ ਮੈਂ ਜਸਵੀਰ ਨੂੰ ਇਹਦੇ ਪ੍ਰਿੰਟ ਜਾਂ ਸੀਨ ਦੀ ਕਹਾਣੀ ਬਾਰੇ ਪੁੱਛਦੀ ਹਾਂ। ਉਹ ਦੱਸਦੀ ਹੈ:"ਮਹੱਲਾਂ 'ਚ ਰਹਿੰਦੀ ਇਕ ਰਾਜਕੁਮਾਰੀ ਨੂੰ ਕਿਸੇ ਗ਼ਰੀਬ ਬੰਦੇ ਨਾਲ ਪਿਆਰ ਹੋ ਜਾਂਦੈ। ਉਹ ਉਹਦੇ ਨਾਲ ਵਿਆਹ ਕਰਨਾ ਚਾਹੁੰਦੀ ਹੈ ਪਰ ਬਾਪ

ਮੰਨਦਾ ਨਹੀਂ। ਅਖੀਰ ਉਹ ਆਪਣੇ ਪ੍ਰੇਮੀ ਨਾਲ ਦੌੜ ਜਾਂਦੀ ਹੈ। ਸੈਨਾਪਤੀ ਪਿੱਛਾ ਕਰ ਕੇ ਉਹਨਾਂ ਨੂੰ ਮਾਰ ਦਿੰਦੇ ਹਨ ਜਾਂ ਮਾਰਨ ਲੱਗਦੇ ਹਨ ਤਾਂ ਉਹ ਪੰਛੀ ਬਣ ਕੇ ਉਡ ਜਾਂਦੇ ਹਨ"। ਚਿੱਟੀ ਪਲੇਟ 'ਤੇ ਨੀਲੇ ਰੰਗ ਵਿਚ ਬਣੇ ਉਸ ਸਾਰੇ ਸੀਨ ਨੂੰ ਮੈਂ ਦੇਖ ਰਹੀ ਹਾਂ:ਉੱਪਰ ਆਸਮਾਨ ਵਿਚ ਪੰਛੀਆਂ ਦਾ ਇਕ ਜੋੜਾ ਉੱਡਿਆ ਜਾਂਦਾ ਹੈ। ਹੇਠਾਂ ਇਕ ਮਰਦ ਤੇ ਇਕ ਔਰਤ ਨੱਸ ਰਹੇ ਹਨ। ਪਿੱਛੇ ਵਰਦੀਆਂ ਵਿਚ ਹਥਿਆਰਬੰਦ ਘੋੜ ਸਵਾਰ। ਦੂਰ ਪਿਛਾਂਹ ਮਹੱਲ ਹੈ ਅਤੇ ਆਲੇ-ਦੁਆਲੇ ਰੁੱਖ ਤੇ ਝਾੜੀਆਂ। ਸ਼ਕਲਾਂ,ਪਹਿਰਾਵੇ,ਵਾਲਾਂ ਦੇ ਸਟਾਈਲ,ਮਹੱਲ ਦਾ ਆਰਕੀਟੈਕਟ ਤੇ ਬਨਸਪਤੀ ਦੇ ਸਕੈੱਚ ਓਰੀਐਂਟਲ,ਖਾਸ ਕਰਕੇ,ਚੀਨੀ ਜਾਪਦੇ ਹਨ।

ਮੇਜ਼ 'ਤੇ ਸਭ ਚੀਜ਼ਾਂ ਰੱਖਣ ਪਿੱਛੋਂ ਪਉੜੀਆਂ ਕੋਲ ਜਾ ਕੇ ਮੈਂ ਆਵਾਜ਼ ਮਾਰਦੀ ਹਾਂ:

"ਬ੍ਰੇਕਫਾਸਟ ਤਿਆਰ ਐ। ਆ ਜਾਓ ਸਾਰੇ"।

ਪਹਿਲਾਂ ਹੇਠਲੇ ਕਮਰੇ 'ਚੋਂ ਸਾਧੂ ਸਿੰਘ ਬਾਹਰ ਆਉਂਦੈ। ਫੇਰ ਪਾਤਰ ਉੱਪਰ ਪਉੜੀਆਂ ਕੋਲ ਆ ਖਲੋਂਦਾ ਹੈ। ਹੁਣ ਉਹ ਪ੍ਰੈੱਸ ਕੀਤੇ ਪੈਂਟ ਤੇ ਕਮੀਜ਼ ਵਿਚ ਹੈ,ਤੇ ਲਾਖੀ ਪੱਗ ਬੰਨ੍ਹ ਰਿਹਾ ਹੈ। ਮੈਂ ਹੱਥ ਜੋੜ ਉੱਪਰ ਵੱਲ ਮੂੰਹ ਕਰਕੇ ਆਵਾਜ਼ ਮਾਰਦੀ ਹਾਂ। "ਓਸ਼ੋ ਜੀ,ਹੇਠਾਂ ਆ ਜਾਓ। ਬ੍ਰੇਕਫਾਸਟ ਤਿਆਰ ਐ"। ਪੱਗ ਦਾ ਆਖਰੀ ਲੜ ਬੰਨ੍ਹਦੇ ਹੇਠਾਂ ਆਉਂਦੇ ਪਾਤਰ ਦੇ ਬੋਲ ਹਨ: "ਹੁਣ ਮੈਂ ਦੂਜਾ ਜਨਮ ਲੈ ਲਿਐ। ਹੁਣ ਮੈਂ ਖਾਲਸੇ ਦਾ ਰੂਪ ਧਾਰ ਲਿਐ"।

ਪਾਤਰ ਜਿੰਨਾ ਸਟੇਜ 'ਤੇ ਪਾਪੂਲਰ ਹੈ,ਆਮ ਬੋਲਚਾਲ ਵਿਚ ਓਨਾ ਹੀ ਨਿਮਰ ਹੈ। ਇਕ ਦਿਨ ਕਾਰ 'ਚ ਕਿਧਰੇ ਜਾਂਦਿਆਂ ਕੁਝ ਗੱਲਾਂ ਚੱਲ ਪਈਆਂ ਤਾਂ ਕਾਰ ਚਲਾਉਂਦੀ ਜਸਵੀਰ ਨੂੰ ਮੈਂ ਕਿਹਾ:

"ਰੋਟੀ ਬਣਾਉਣ ਦੇ ਮਾਮਲੇ 'ਚ ਸਾਡੇ ਇੰਡੀਅਨ ਆਦਮੀ ਕਿੰਨੇ ਪਾਖੰਡੀ ਆ। ਅਖੇ:ਇਹ ਕੰਮ ਔਰਤਾਂ ਦਾ ਆ। ਪਰ ਦੁਨੀਆ ਭਰ ਦੇ ਸਭ ਵੱਡੇ ਤੇ ਛੋਟੇ ਹੋਟਲਾਂ ਤੇ ਰੈਸਟੋਰੈਂਟਾਂ 'ਚ ਆਦਮੀ ਖਾਣਾ ਬਣਾਉਂਦੇ ਆ। ਉਦੋਂ ਇਹਨਾਂ ਨੂੰ ਰਸੋਈ ਦਾ ਕੰਮ ਆ ਜਾਂਦੈ। ਪਤਾ ਕਿਉਂ? ਕਿਉਂਕਿ ਉੱਥੇ ਤਨਖਾਹਾਂ ਮਿਲਦੀਆਂ। ਜਿੰਨੇ ਵੀ ਤਨਖਾਹਾਂ ਵਾਲੇ ਕੰਮ ਆ,ਉਹ ਬਹੁਤੇ ਆਦਮੀ ਕਰਦੇ ਆ। ਤੇ ਜਿੰਨ੍ਹਾਂ ਕੰਮਾਂ ਦੀ ਕੋਈ ਤਨਖਾਹ ਨਈਂ,ਉਹ ਔਰਤਾਂ ਸਿਰ ਮੜ੍ਹ ਦਿੰਦੇ ਆ। ਮੇਰਾ ਜੀਅ ਕਰਦੈ ਮੈਂ ਇਕ ਆਰਟੀਕਲ ਇਹਦੇ ਬਾਰੇ ਲਿਖਕੇ ਕਿਸੇ ਪਰਚੇ 'ਚ ਛਪਾਵਾਂ"। ਅੱਗੇ ਜਸਵੀਰ ਦੇ ਨਾਲ ਵਾਲੀ ਸੀਟ 'ਤੇ ਪਾਤਰ ਬੈਠਾ ਸੀ। ਮੇਰੀ ਗੱਲ ਸੁਣਕੇ ਪਿੱਛੇ ਮੇਰੇ ਨੇੜੇ ਬੈਠੇ ਸਾਧੂ ਸਿੰਘ ਨੂੰ ਕਹਿਣ ਲੱਗਾ,"ਭਾਅ ਜੀ, ਸ਼ਸ਼ੀ ਦੇ ਇਹ ਆਰਟੀਕਲ ਛਪਵਾਉਣ ਤੋਂ ਪਹਿਲਾਂ ਪਹਿਲਾਂ ਆਪਾਂ ਰੋਟੀ ਬਣਾਉਣੀ ਸਿੱਖ ਲਈਏ"। ਬੇਸ਼ੱਕ ਉਹਨੇ ਇਹ ਹਾਸੇ ਵਿਚ ਆਖਿਆ ਸੀ, ਫੇਰ ਵੀ ਅਜਿਹਾ ਜਵਾਬ ਇਕ ਨਿਮਰ ਸੁਭਾਅ ਵਾਲਾ ਹੀ ਦਏਗਾ, ਦੂਜਾ ਨਹੀਂ।

ਪਾਤਰ ਤੇ ਸਾਧੂ ਸਿੰਘ ਦੇ ਕੈਨੇਡਾ ਮੁੜਨ ਤੋਂ ਪਹਿਲਾਂ ਜਸਵੀਰ ਤੇ ਮੈਂ ਪਾਤਰ ਨੂੰ ਘੇਰ ਲਿਆ। ਜਸਵੀਰ ਜੋ ਕਿੱਤੇ ਵਜੋਂ ਨਰਸ ਹੈ,ਉਹਨੂੰ ਆਪਣਾ ਬਲੱਡ ਪ੍ਰੈਸ਼ਰ ਚੈੱਕ ਕਰਨਾ ਸਿਖਾਉਣ ਲੱਗ ਪਈ। ਮੈਂ ਉਹਨੂੰ ਬੀ.ਪੀ. ਕੰਟਰੋਲ ਕਰਨ ਦੇ ਦੇਸੀ ਇਲਾਜਾਂ ਬਾਰੇ ਦੱਸਣ ਲੱਗ ਪਈ। ਉਹ ਬੜੇ ਧਿਆਨ ਨਾਲ ਇਹ ਸਭ ਸੁਣਕੇ ਸਿੱਖ ਰਿਹਾ ਸੀ। ਜਸਵੀਰ ਮੈਨੂੰ ਆਖਣ ਲੱਗੀ: "ਪਾਤਰ ਇਕ ਚੰਗਾ ਕਵੀ ਹੀ ਨਹੀਂ,ਚੰਗਾ ਸਟੂਡੈਂਟ ਵੀ ਹੈ"।

ਪਾਤਰ ਘਟਨਾਵਾਂ ਨੂੰ ਜਾਂ ਲੋਕਾਂ ਦੇ ਕ੍ਰੈਕਟਰਾਂ ਨੂੰ ਕਿਵੇਂ ਕਾਵਿਕ ਰੂਪ 'ਚ ਢਾਲ ਲੈਂਦਾ ਹੈ,ਇਹਦੀਆਂ ਮੈਂ ਦੋ ਕੁ ਉਦਾਹਰਣਾਂ ਦਿੰਦੀ ਹਾਂ। ਇਕ ਦਿਨ ਅਵਤਾਰ ਜੀ ਮੇਰੇ ਨਾਲ ਜਸਵੀਰ ਬਾਰੇ ਗੱਲਾਂ ਕਰਦੇ ਕਹਿ ਰਹੇ ਸਨ: "ਇਹ ਕੁੜੀ ਤੇ ਬੜੀ ਹੱਦ ਏ। ਦੇਖ ਕਿਸ ਤਰ੍ਹਾਂ ਏਨੇ ਸਾਰੇ ਕੰਮ ਇੱਕੋ ਵੇਲੇ ਕਰ ਲੈਂਦੀ ਜੇ"। ਸਹਿਮਤੀ ਵਿਚ ਮੈਂ ਵੀ ਦੱਸ ਰਹੀ ਸਾਂ ਕਿ ਹਾਂ, ਮੈਨੂੰ ਫੋਨ ਕਰੂਗੀ ਤਾਂ ਵਿੱਚੇ ਖਾਣਾ ਬਣਾ ਰਹੀ ਹੁੰਦੀ ਹੈ। ਤੇ ਵਿੱਚੇ ਆਪਣੀਆਂ ਨਵੀਆਂ ਲਿਖੀਆਂ ਜਾਂ ਲਿਖੀਆਂ ਜਾ

ਰਹੀਆਂ ਨਜ਼ਮਾਂ ਸੁਣਾ ਰਹੀ ਹੁੰਦੀ ਹੈ। ਕਾਰ ਚਲਾਉਂਦੀ ਨੂੰ ਕੋਈ ਬਹੁਤ ਵਧੀਆ ਖਿਆਲ ਸੁੱਝ ਜਾਵੇ ਜਾਂ ਦੂਜੇ ਦਾ ਦੱਸਿਆ ਯਾਦ ਆ ਜਾਵੇ ਤਾਂ ਝੱਟ ਨੋਟਪੈਡ ਚੁੱਕ ਲਿਖਣ ਲੱਗ ਪੈਂਦੀ ਹੈ। ਉਦੋਂ 65 ਦੀ ਸਪੀਡ ਵਾਲੇ ਫਰੀਵੇਅ 'ਤੇ ਇਹਨੂੰ 40 ਦੀ ਸਪੀਡ 'ਤੇ ਜਾਂਦੀ ਤੋਂ 75 'ਤੇ ਜਾਣ ਵਾਲੇ ਅੱਕੇ ਲੋਕ ਕੋਲੋਂ ਹਾਰਨ ਵਜਾਉਂਦੇ ਲੰਘਦੇ ਹਨ ਤਾਂ ਲੰਘੀ ਜਾਣ। ਪਾਤਰ ਵੀ ਜਸਵੀਰ ਦੇ ਮਲਟੀ ਟਾਸਕਰ ਹੋਣ ਦੀ ਖੂਬੀ ਨੂੰ ਨੋਟ ਕਰ ਰਿਹਾ ਹੋਏਗਾ। ਕਹਿੰਦਾ, "ਜਸਵੀਰ, ਤੈਨੂੰ ਕਿੰਨੇ ਸਾਰੇ ਕੰਮ ਇੱਕੋ ਵੇਲੇ ਕਰਦੀ ਨੂੰ ਦੇਖ ਮੈਨੂੰ ਵਾਰਿਸ ਸ਼ਾਹ ਦੀ ਹੀਰ ਯਾਦ ਆ ਰਹੀ ਆ। ਉਹ ਲਿਖਦਾ ਹਨਾ: ਚਿੜੀਆਂ ਹਾਕਰੇ ਮਨ੍ਹੇ ਤੇ ਬਾਲ ਲੇਵੇ, ਉਨ ਤੁੰਬਦੀ ਤੇ ਲੇਲੇ ਚਾਰਦੀ ਏ...ਜੱਟੀ ਚਾਰੇ ਹੀ ਕਾਜ ਸਵਾਰਦੀ ਏ"।

ਤੇ ਫੇਰ, ਜਸਵੀਰ ਆਪਣੀ ਇਕ ਸਹੇਲੀ ਦੀ ਕਹਾਣੀ ਸਾਨੂੰ ਸੁਣਾ ਰਹੀ ਸੀ ਕਿ ਕਿਵੇਂ ਚੌਥੇ ਕੁ ਦਿਨ ਆਪਣੇ ਘਰ ਵਾਲੇ ਨਾਲ ਲੜ ਕੇ ਉਹ ਇਹਦੇ ਘਰ ਆ ਬਹਿੰਦੀ ਸੀ। ਤੇ ਹਰ ਵਾਰ ਕਹਿਣਾ: ਜਸਵੀਰ, ਬਸ ਹੁਣ ਨਈਂ ਮੈਂ ਉਹਦੇ ਨਾਲ ਰੈਣਾਂ। ਹੁਣ ਮੈਂ ਉਹਨੂੰ ਡਿਵੋਰਸ ਦੇ ਦੇਣਾਂ। ਇਹ ਜ਼ੁਬਾਨੀ ਧਮਕੀ ਤੇ ਡਰਾਮਾ ਕਿੰਨਾ ਚਿਰ ਚਲਦਾ ਰਿਹਾ। ਇਕ ਦਿਨ ਬੈਗ ਚੁੱਕੀ ਜਦ ਉਹ ਜਸਵੀਰ ਦੇ ਘਰ ਬੈਠੀ ਇਹੋ ਕੁਝ ਕਹਿ ਰਹੀ ਸੀ ਤਾਂ ਜਸਵੀਰ ਕੋਲੋਂ ਰਿਹਾ ਨਾ ਗਿਆ। ਬੋਲੀ, "ਤੂੰ ਕੀਹਨੂੰ ਬੇਵਕੂਫ ਬਣਾਉਨੀ ਆਂ? ਮੈਨੂੰ? ਤੈਨੂੰ ਪਤਾ ਤੇ ਮੈਨੂੰ ਵੀ ਕਿ ਤੂੰ ਏਦਾਂ ਦਾ ਕੁਛ ਵੀ ਨਈਂ ਕਰਨਾਂ। ਅੱਗੋਂ ਸਹੇਲੀ ਬੋਲੀ: "ਨਈਂ ਜਸਵੀਰ, ਏਸ ਵਾਰੀ ਮੈਂ ਛੱਡ ਦੇਣਾਂ ਓਸ ਹਰਾਮਜ਼ਾਦੇ ਨੂੰ। ਤੈਨੂੰ ਪਤਾ ਉਹ ਕਹਾਣੀ ਦਾ ਜੀਹਦੇ 'ਚ ਇਕ ਮੱਕੜੀ ਵਾਰ ਵਾਰ ਕੰਧ 'ਤੇ ਚੜ੍ਹਨ ਦੀ ਕੋਸ਼ਿਸ਼ ਕਰਦੀ ਵਾਰ ਵਾਰ ਡਿੱਗਦੀ ਆ। ਪਰ ਇਕ ਦਿਨ ਉਹ ਚੜ੍ਹ ਜਾਂਦੀ ਆ। ਕਹਾਣੀ ਸੁਣਦਾ, ਕਾਰ 'ਚ ਪਿੱਛੇ ਮੇਰੇ ਨੇੜੇ ਬੈਠਾ ਪਾਤਰ ਬੋਲਿਆ, "ਮੱਕੜੀ ਤਾਂ ਚੜ੍ਹ ਜਾਊ, ਲੱਕੜੀ ਕੀ ਚੜ੍ਹੂ?" ਏਸ 'ਤੇ ਕਾਰ ਚਲਾਉਂਦੀ ਜਸਵੀਰ ਏਨਾ ਜ਼ੋਰ ਦੀ ਹੱਸੀ ਕਿ ਜੇ ਨੇੜੇ-ਤੇੜੇ ਪੁਲਸੀਆ ਪੈਟਰੋਲ ਕਰਦਾ ਹੁੰਦਾ ਤਾਂ ਇਹਨੂੰ ਸ਼ਰਾਬਣ ਸਮਝ ਸ਼ਾਇਦ ਗੱਡੀ ਸਾਡੇ ਪਿੱਛਾ ਲਾ ਲੈਂਦਾ। ਪਿੱਛੋਂ ਬਹੁਤ ਵਾਰ ਜਸਵੀਰ ਨੇ ਪਾਤਰ ਦੀਆਂ ਅਜਿਹੀਆਂ ਗੱਲਾਂ ਦੀ ਮੇਰੇ ਕੋਲ ਤਾਰੀਫ ਕਰਨੀ ਹੈ, "ਬਈ ਮੰਨ ਗਏ ਪਾਤਰ ਨੂੰ। ਦੇਖ ਕਿੱਦਾਂ ਉਹਨੂੰ ਗੱਲਾਂ ਸੁਝਦੀਆਂ। ਮੇਰੇ ਮਲਟੀ ਟਾਸਕਰ ਹੋਣ ਨੂੰ ਕਿੱਦਾਂ ਉਹਨੇ ਵਾਰਿਸ ਸ਼ਾਹ ਦੀ ਹੀਰ ਨਾਲ ਮਿਲਾ ਕੇ ਕੋਟ ਕੀਤਾ: ਚਿੜੀਆਂ ਹਾਕਰੇ... ਤੇ ਕਿੱਦਾਂ ਮੇਰੀ ਸਹੇਲੀ ਦੀ ਕਹਾਣੀ ਸੁਣ ਉਹਦਾ ਕਹਿਣਾ ਕਿ ਮੱਕੜੀ ਤਾਂ ਚੜ੍ਹ ਜਾਊ... ਪਾਤਰ ਕਵਿਤਾ ਲਿਖਦਾ ਈ ਨਈਂ ਜੀਂਦਾ ਵੀ ਆ। ਹੈ ਕੋਈ ਹੋਰ ਪਾਤਰ ਵਰਗਾ? ਜੋ ਪਾਤਰ ਹੈ ਹੋਰ ਕੋਈ ਨਈਂ..."

ਮੈਂ ਪਾਤਰ ਨੂੰ ਪਹਿਲੀ ਵਾਰੀ ਸਟੇਜ 'ਤੇ ਗਾਉਂਦੇ ਤੇ ਕਵਿਤਾ ਪੜ੍ਹਦੇ ਸੁਣਿਆ ਸੀ। ਬਹੁਤ ਸਾਰੇ ਹੋਰ ਦਰਸ਼ਕਾਂ ਦੀ ਤਰ੍ਹਾਂ ਉਤਸ਼ਾਹ 'ਚ ਆ ਮੈਂ ਵੀ ਵਾਰ ਵਾਰ ਖੜ੍ਹੀ ਹੋ ਕੇ ਤਾੜੀਆਂ ਮਾਰ ਰਹੀ ਸਾਂ। ਕੋਲ ਬੈਠੀ ਜਸਵੀਰ ਮੈਨੂੰ ਦੇਖਦੀ ਹੱਸ ਰਹੀ ਸੀ। ਪਰ ਮੇਰੇ ਉਤਸ਼ਾਹ 'ਤੇ ਸੌ ਘੜੇ ਠੰਢੇ ਪਾਣੀ ਦੇ ਪੈ ਗਏ ਜਦ ਛੇਤੀ ਹੀ ਮੈਨੂੰ ਸਟੇਜ 'ਤੇ ਜਾ ਕੇ ਬੈਠਣ ਦਾ ਹੁਕਮ ਹੋ ਗਿਆ। ਮੈਨੂੰ ਇਹ ਪਹਿਲਾਂ ਕਹਿ ਦੇਣਾ ਚਾਹੀਦਾ ਸੀ ਕਿ ਮੈਂ ਇਹ ਨਹੀਂ ਕਰਨਾ। ਹੁਣ ਮੈਨੂੰ ਇਹ ਕਰਨਾ ਪੈਣਾ ਸੀ। ਮੈਂ ਸਟੇਜ 'ਤੇ ਇਫਤੀ ਕੋਲ ਜਾ ਕੇ ਬੈਠ ਗਈ। ਤੇ ਕੰਨ ਪਾੜਵੀਂ ਮਾਈਕ ਦੀ ਆਵਾਜ਼ ਦੋ ਤਿੰਨ ਪਰਚੀਆਂ ਉਹਦੇ ਹੱਥ ਭੇਜਕੇ ਮਸਾਂ ਘੱਟ ਕਰਵਾਈ। ਫੇਰ ਆ ਗਈ ਵਾਰੀ ਮੇਰੀ ਨਜ਼ਮਾਂ ਪੜ੍ਹਨ ਦੀ। ਉੱਠੀ, ਮਾਈਕ ਅੱਗੇ ਹਾਲੇ ਚਾਰ ਕੁ ਲਾਈਨਾਂ ਬੋਲੀਆਂ ਹੋਣਗੀਆਂ ਕਿ ਮੇਰਾ ਗਲਾ ਸੁੱਕਣ ਲੱਗ ਪਿਆ। ਕੋਈ ਭੱਜ ਕੇ ਪਾਣੀ ਲੈ ਆਇਆ। ਪਤਾ ਨਹੀਂ ਇਹਦਾ ਕਾਰਣ ਬਹੁਤ ਸਾਲਾਂ ਪਿੱਛੋਂ ਮੇਰਾ ਸਟੇਜ 'ਤੇ ਜਾਣਾ ਸੀ ਜਾਂ, ਦਿਨ ਭਰ ਕੁਝ ਵੀ ਨਾ ਖਾਣ ਕਰਕੇ ਬਲੱਡ ਸ਼ੂਗਰ ਦਾ ਬਹੁਤ ਘੱਟ ਹੋ ਜਾਣਾ। ਮੁੱਕਦੀ ਗੱਲ ਇਹ ਕਿ ਮੈਥੋਂ ਨਜ਼ਮਾਂ ਨਹੀਂ ਸਨ ਪੜ੍ਹੀਆਂ ਜਾ ਰਹੀਆਂ। ਘਰ ਜਾ ਕੇ ਜਸਵੀਰ ਮੈਨੂੰ ਪੈ ਗਈ: "ਤੂੰ ਮੂੰਹ ਜ਼ੁਬਾਨੀ ਕਿਉਂ ਨਈਂ ਸੀ ਜਾਦ ਕੀਤੀਆਂ ਆਪਣੀਆਂ ਨਜ਼ਮਾਂ? ਤੂੰ ਤਾਂ ਲੋਕਾਂ ਵੱਲ

ਦੇਖਦੀ ਈ ਨਈਂ ਸੀ। ਉਹ ਦੇਖੀ ਸੀ ਜੀਹਨੇ ਨਜਮ ਪੜ੍ਹੀ ਸੀ, ਅਫਗਾਨ ਕੁੜੀ? ਹੁਣ ਉਹ ਕੀ ਸੀ ਨਜਮ! ਪਰ ਦੇਖਿਆ ਕਿੱਦਾਂ ਉਹਨੇ ਪੜ੍ਹੀ, ਮਾਰ ਕਿਤੇ ਜਿੰਦਾਂ..." ਘਰੋਂ ਤੁਰਨ ਤੋਂ ਪਹਿਲਾਂ ਸਵੇਰੇ ਜਸਵੀਰ ਬਾਹਰ ਦਰਖਤਾਂ ਨੂੰ ਆਪਣੀਆਂ ਨਜ਼ਮਾਂ ਸੁਣਾ ਆਈ ਸੀ। ਮੈਂ ਸੋਫੇ 'ਤੇ ਬੈਠੀ ਨੇ ਦੋ ਚਾਰ ਵਾਰ ਸਰਸਰੀ ਨਜ਼ਰ ਮਾਰ ਲਈ ਸੀ। ਠੀਕ! ਠੀਕ ਕਹਿੰਦੀ ਹੈ ਜਸਵੀਰ, ਮੈਂ ਸੋਚਿਆ। ਮੈਨੂੰ ਪ੍ਰੈਕਟਿਸ ਕਰਨੀ ਚਾਹੀਦੀ ਸੀ। ਨਜ਼ਮ ਦਾ ਵਿਸ਼ਾ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਜੇ ਤੁਹਾਡੀ ਪ੍ਰਫੋਰਮੈਂਸ ਚੰਗੀ ਨਹੀਂ ਤਾਂ ਸੁਣਾ ਕੇ ਗੱਲ ਨਹੀਂ ਬਣਦੀ। ਚੰਗਾ ਸਬਕ ਸੀ ਇਹ ਮੇਰੇ ਲਈ।

ਏਸ ਸਾਹਿਤਕ ਪ੍ਰੋਗਰਾਮ ਦੇ ਬਹਾਨੇ ਕਈ ਹੋਰ ਭਾਰਤੀ ਤੇ ਪਾਕਿਸਤਾਨੀ ਲੇਖਕਾਂ ਨੂੰ ਮਿਲਣ ਦਾ ਮੌਕਾ ਵੀ ਮਿਲਿਆ। ਏਧਰੋਂ ਪਾਤਰ ਤੇ ਸਾਧੂ ਸਿੰਘ, ਜੋ ਕੈਨੇਡਾ ਤੋਂ ਇਕੱਠੇ ਆਏ ਸਨ। ਫੇਰ ਸੀ ਜਸਵੀਰ, ਅਮਰਜੀਤ ਢਿੱਲੋਂ, ਜੋ ਸਟੇਜ ਕਨਵੀਨਰ ਵੀ ਸੀ, ਤੇ ਕੁਝ ਹੋਰ। ਪਾਕਿਸਤਾਨ ਤੋਂ ਸ਼ਾਇਰ ਤੇ ਟੀ.ਵੀ. ਹੋਸਟ ਸੁਗਰਾ ਸਦਫ ਆਈ ਸੀ। ਕੁਝ ਲੋਕਲ ਪਾਕਿਸਤਾਨੀ ਸ਼ਾਇਰ ਸਨ ਯੁਨਸ ਇਜਾਜ਼, ਅਮਾਉੱਲਾ ਖਾਂ, ਸ਼ਿਕਾਗੋ ਤੋਂ ਐਕਟਿਵਿਸਟ ਤੇ ਸ਼ਾਇਰ ਇਫਤਿਖਾਰ ਇਫਤੀ ਤੇ ਕੁਝ ਹੋਰ...

ਪਹਿਲੇ ਦੋ ਕੁ ਦਿਨ ਅਸੀਂ ਜਿੱਥੇ ਵੀ ਜਾਂਦੇ ਤਾਂ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਹਮੇਸ਼ਾ ਅਵਤਾਰ ਜੀ ਬੈਠਦੇ। ਪਿਛਲੀਆਂ ਸੀਟਾਂ 'ਤੇ ਇਕ ਪਾਸੇ ਸਾਧੂ ਸਿੰਘ, ਦੂਜੇ ਪਾਸੇ ਪਾਤਰ ਤੇ ਵਿਚਕਾਰ ਮੈਨੂੰ ਬੈਠਣਾ ਪੈ ਜਾਂਦਾ। ਕੁਝ ਕੁ ਵਾਰੀ ਵਿਚਕਾਰ ਬੈਠਣ ਪਿੱਛੋਂ ਮੈਂ ਆਖ ਦਿੱਤਾ ਕਿ ਮੈਂ ਸਾਈਡ 'ਤੇ ਬੈਠਣਾ ਹੈ, ਵਿਚਕਾਰ ਨਹੀਂ। ਏਸ 'ਤੇ ਸਾਧੂ ਸਿੰਘ ਤੇ ਪਾਤਰ ਦੋਵੇਂ ਮੇਰੇ ਨਾਲ ਲੜ ਪਏ। ਸਾਧੂ ਸਿੰਘ ਨੂੰ ਇਹਦਾ ਜ਼ਿਆਦਾ ਗੁੱਸਾ ਸੀ। ਦੋਵੇਂ ਤਕਰਾਰ ਕਰਨ ਲੱਗੇ:

"ਸ਼ਸ਼ੀ ਤੂੰ ਇਹ ਕਿਉਂ ਸੋਚਦੀ ਆਂ? ਐਸੀ ਕੋਈ ਗੱਲ ਨਈਂ, ਤੂੰ ਬੇਸ਼ੱਕ ਸਾਈਡ 'ਤੇ ਬੈਠ। ਪਰ ਤੂੰ ਸਾਡੇ ਵਿਚਕਾਰ ਕਿਉਂ ਨਈਂ ਬੈਠਣਾ? ਕੀ ਇਤਰਾਜ਼ ਐ ਤੈਨੂੰ?"

"ਬਈ, ਇਹ ਕੀ ਗੱਲ ਹੋਈ?"

"ਮੈਨੂੰ ਤੇਰੀ ਏਸ ਸੋਚ ਦੀ ਸਮਝ ਨਈਂ ਆਉਂਦੀ...

"ਅਸੀਂ ਕੋਈ ਏਦਾਂ ਦੇ ਬੰਦੇ ਆਂ?...

"ਹੱਦ ਹੋ ਗਈ। ਤੂੰ ਪੜ੍ਹੀ-ਲਿਖੀ ਔਰਤ ਹੋ ਕੇ...

"ਸਾਧੂ ਸਿੰਘ ਜੀ, ਪਾਤਰ, ਤੁਸੀਂ ਮੈਨੂੰ ਕਾਰਣ ਦੱਸਣ ਦਾ ਚਾਂਸ ਤਾਂ ਦੇਵੋ", ਮੈਂ ਉਹਨਾਂ ਦੇ ਜ਼ੁਬਾਨੀ ਹਥੌੜਿਆਂ ਤੋਂ ਪਰੇਸ਼ਾਨ ਹੁੰਦੀ ਨੇ ਪ੍ਰਾਰਥਨਾ ਕੀਤੀ। "ਮੈਨੂੰ ਬੰਦ ਜਾਂ ਤੰਗ ਥਾਵਾਂ ਤੋਂ ਕਲਾਸਟਰਫੋਬੀਆ ਹੋ ਜਾਂਦੈ"।

ਇਹ ਸੁਣ ਦੋਹਾਂ ਨੇ ਕੌੜ ਅੱਖੀਂ ਬੇਇਤਬਾਰੀ ਨਾਲ ਮੈਨੂੰ ਇਉਂ ਦੇਖਿਆ ਜਿਵੇਂ ਕਹਿੰਦੇ ਹੋਣ: ਆਹ ਵਧੀਆ ਬਹਾਨਾ ਘੜਿਆ ਤੂੰ ਕਲਾਸਟਰ ਕਲੂਸਟਰ ਫੋਬੀਏ ਵਾਲਾ! ਉਹਨਾਂ ਦੀ ਸ਼ੱਕੀ ਤੇ ਕੌੜੀ ਨਜ਼ਰ ਤਾੜ ਮੈਂ ਅਰਜ਼ ਕੀਤੀ, "ਸਾਧੂ ਸਿੰਘ ਜੀ, ਮੈਂ ਇਹ ਬਹਾਨਾ ਨਈਂ ਬਣਾ ਰਹੀ। ਕਲਾਸਟਰਫੋਬੀਆ ਵਾਲਿਆ ਦਾ ਬੰਦ ਥਾਵਾਂ ਤੇ ਭੀੜ 'ਚ ਸਾਹ ਘੁੱਟਣ ਲੱਗ ਜਾਂਦੈ। ਉਹ ਕਈ ਵਾਰ ਅਜਿਹੇ ਹਾਲਾਤ 'ਚ ਬੇਹੋਸ਼ ਹੋ ਜਾਂਦੇ ਹਨ। ਮੌਤ ਵੀ ਹੋ ਸਕਦੀ ਹੈ"। ਫੇਰ ਮੈਂ ਉਹਨਾਂ ਨੂੰ ਕਈ ਕਿਸਮ ਦੇ ਫੋਬੀਆ ਬਾਰੇ ਦੱਸਿਆ ਕਿ ਕਿਵੇਂ ਕੁਝ ਲੋਕਾਂ ਨੂੰ ਉੱਚਾਈ ਤੋਂ ਫੋਬੀਆ ਹੁੰਦਾ ਹੈ, ਕੁਝ ਨੂੰ ਨਿਵਾਣ ਤੋਂ, ਕੁਝ ਨੂੰ ਹਨੇਰੇ ਤੋਂ, ਕੁਝ ਨੂੰ ਖੁੱਲ੍ਹੇ ਪਾਣੀਆਂ ਤੋਂ, ਵਗੈਰਾ.ਵਗੈਰਾ। ਫੋਬੀਆ ਬਾਰੇ ਕਿੰਨਾ ਸਾਰਾ ਖੁਲਾਸਾ ਦੇ ਕੇ ਮਸਾਂ ਦੋਹਾਂ ਨੂੰ ਸ਼ਾਂਤ ਕੀਤਾ। ਏਸ ਤੋਂ ਪਿੱਛੋਂ ਪਾਤਰ ਚੁੱਪ-ਚਾਪ ਵਿਚਕਾਰ ਬੈਠਣ ਲੱਗ ਪਿਆ। ਪਰ ਫੇਰ ਦੂਜੇ-ਤੀਜੇ ਕੁ ਦਿਨ ਮਾਤਾਸ਼੍ਰੀ (ਅਵਤਾਰ ਜੀ) ਨੇ ਫੈਸਲਾ ਸੁਣਾ ਦਿੱਤਾ:

"ਮੈਨੂੰ ਪਿਛਲੀ ਸੀਟ 'ਤੇ ਵਿਚਕਾਰ ਬੈਠਣਾ ਚੰਗਾ ਲਗਦਾ ਜੇ। ਅੱਗੇ ਧੁੱਪ ਪੈਂਦੀ

ਏ। ਪਿੱਛੇ,ਵਿਚਕਾਰ,ਏਅਰ ਕੰਡੀਸ਼ਨ ਦੀ ਸਿੱਧੀ ਹਵਾ ਆਉਂਦੀ ਜੇ"।

ਅੰਨ੍ਹੇ ਨੂੰ ਕੀ ਚਾਹੀਦਾ ਦੋ ਅੱਖਾਂ। ਸਾਧੂ ਸਿੰਘ ਛਾਲ ਮਾਰ ਅਗਲੀ ਸੀਟ 'ਤੇ। ਉਹਨਾਂ ਉਹ ਸੀਟ ਜਹਾਜ਼ੇ ਚੜ੍ਹਨ ਤਕ ਸੰਭਾਲੀ ਰੱਖੀ।

ਸਾਧੂ ਸਿੰਘ ਬਾਰੇ ਮੈਂ ਜਸਵੀਰ ਦੇ ਮੂੰਹੋਂ ਬਹੁਤ ਤਾਰੀਫਾਂ ਸੁਣੀਆਂ ਹੋਈਆਂ ਸਨ,ਤੇ ਇਹ ਵੀ ਕਿ ਉਹ ਤੇ ਪਾਤਰ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਚ ਇਕੋ ਸਮੇਂ ਪੰਜਾਬੀ ਦੇ ਪ੍ਰੋਫੈਸਰ ਸਨ। ਪਰ 90ਵਿਆਂ ਵਿਚ ਪੰਜਾਬ ਵਿਚ ਝੁੱਲੀ ਹਿੰਸਕ ਹਨੇਰੀ ਦਾ ਧੱਕਿਆ ਸਾਧੂ ਸਿੰਘ ਕੈਨੇਡਾ ਚਲਾ ਗਿਆ ਸੀ। ਪੰਜਾਬੀ ਸੁਭਾਅ ਦਾ ਇਕ ਪੱਖ ਇਹ ਵੀ ਹੈ ਕਿ ਆਪਣੇ ਦੋਸਤਾਂ ਜਾਣੂੰਆਂ ਦੇ ਪੁਲ ਬੰਨ੍ਹੀ ਜਾਣੇ ਤੇ ਦੂਜਿਆਂ ਦੇ ਖਿਲਾਫ ਵਧ-ਚੜ੍ਹ ਕੇ ਬੋਲੀ ਜਾਣਾ। ਜਸਵੀਰ ਇਹ ਤਾਂ ਨਹੀਂ ਕਰਦੀ...ਪਰ ਮੈਂ ਸਾਧੂ ਸਿੰਘ ਨੂੰ ਆਪ ਜਾਨਣਾ ਤੇ ਸਮਝਣਾ ਸੀ। ਮੈਂ ਬਹੁਤੇ ਪੰਜਾਬੀ ਬੰਦਿਆਂ ਦੀਆਂ ਗੱਲਾਂ ਤੇ ਕਦਰਾਂ-ਕੀਮਤਾਂ ਤੋਂ ਅਕਸਰ ਏਨੀ ਸ਼ਰਮਸਾਰ ਹੁੰਦੀ ਹਾਂ ਕਿ ਮੇਰਾ ਦੂਜਿਆਂ ਨੂੰ ਇਹ ਦੱਸਣ ਨੂੰ ਮਨ ਨਈਂ ਕਰਦਾ ਹੁੰਦਾ ਕਿ ਮੇਰੀ ਇਹਨਾਂ ਨਾਲ ਕੋਈ ਸਾਂਝ ਹੈ। ਸਾਧੂ ਸਿੰਘ ਨੂੰ ਜਾਣ ਸਮਝ ਕੇ ਮੈਨੂੰ ਲੱਗਾ ਕਿ ਇਕ ਇਹ ਪੰਜਾਬੀ ਬੰਦਾ ਹੈ ਜੀਹਦਾ ਜ਼ਿਕਰ ਮੈਂ ਦੂਜਿਆਂ ਅੱਗੇ ਮਾਣ ਨਾਲ ਕਰ ਸਕਦੀ ਹਾਂ। ਉਹ ਬੜੀ ਸਿੱਧੀ ਤੇ ਸਪਸ਼ਟ ਗੱਲ ਕਰਦਾ ਹੈ। ਨਾ ਉਹਦੇ ਮਨ ਵਿਚ ਕੋਈ ਵਿੰਗ-ਵਲ ਹੈ ਤੇ ਨਾ ਸੁਭਾਅ ਵਿਚ। ਉਹਦੇ ਰਹਿਣ-ਸਹਿਣ ਦੀ ਸਾਦਗੀ ਤੋਂ ਮੈਂ ਉਹਦੀ ਅੱਲ ਥੁਰੋ ਪਾ ਲਈ। ਪਿੱਛੋਂ ਜਸਵੀਰ ਵਾਰ ਵਾਰ ਪੁੱਛੀ ਜਾਵੇ,"ਕੀ ਨਾਂ ਭਲਾ?ਥੁਰੂ? ਥਰਾ?" ਅਖੀਰ ਉਹਨੇ ਇਹ ਸਮੱਸਿਆ ਨੋਟ ਲਿਖਕੇ ਹੱਲ ਕਰ ਲਈ। ਫੇਰ ਸਾਧੂ ਸਿੰਘ ਨੂੰ ਪੁੱਛਣ ਲੱਗੀ: "ਤੁਹਾਨੂੰ ਸ਼ਸ਼ੀ ਥੁਰੋ ਕਿਉਂ ਕਹਿੰਦੀ ਆ?"

"ਕਿਉਂਕਿ ਮੈਂ ਉਹਦੇ ਵਰਗਾਂ" ਆਖ ਸਾਧੂ ਸਿੰਘ ਨੇ ਹੈਨਰੀ ਡੇਵਿਡ ਥੁਰੋ ਬਾਰੇ ਉਹਨੂੰ ਕੁਝ ਕੁ ਜਾਣਕਾਰੀ ਦੇ ਦਿੱਤੀ।

ਸਾਧੂ ਸਿੰਘ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਏਥੇ ਉਨ੍ਹਾਂ ਦੀ ਪਰਸਨੈਲਿਟੀ ਨੂੰ ਪੇਸ਼ ਕਰਦੀ ਇਕ ਉਦਾਹਰਣ ਦਿੰਦੀ ਹਾਂ: ਉਨ੍ਹਾਂ ਦੀ ਇਕ ਧੀ ਨੇ ਵਿਆਹ ਕਰਨਾ ਸੀ। ਮੁੰਡਾ ਸਾਧੂ ਸਿੰਘ ਨੂੰ ਮਿਲਣ ਗਿਆ। ਗੱਲ-ਬਾਤ ਖਤਮ ਹੋਈ ਤੇ ਜਾਣ ਲੱਗਾ ਕਹਿੰਦਾ, "ਤੁਸੀਂ ਮੇਰੀ ਜਾਤ ਤਾਂ ਮੈਨੂੰ ਪੁੱਛੀ ਨਹੀਂ"। "ਤੇਰੀ ਜਾਤ ਤੋਂ ਮੈਂ ਕੀ ਲੈਣੈ", ਸਾਧੂ ਸਿੰਘ ਦਾ ਜਵਾਬ ਸੀ, "ਮੇਰੀ ਕੁੜੀ ਨੂੰ ਪਸੰਦ ਐਂ, ਗੱਲ ਮੁੱਕੀ", ਫੇਰ "ਆਹ ਤਿੱਖੀ ਜਿਹੀ ਪੱਗ ਬੰਨ੍ਹਦੈਂ, ਬੜੀ ਹੱਦ ਤਖਾਣ ਹੋਏਂਗਾ"।

ਇਕ ਦਿਨ ਸਾਧੂ ਸਿੰਘ ਤੇ ਜਸਵੀਰ,ਪਾਤਰ ਤੇ ਮੈਨੂੰ ਉਹਦੇ ਕਿਸੇ ਪਿੱਛੋਂ ਪਿੰਡ ਦੇ ਜਾਣੂੰ ਦੇ ਘਰ ਛੱਡ ਕੇ ਆਪ ਅਮਰਜੀਤ ਢਿੱਲੋਂ ਦੇ ਸੱਦੇ 'ਤੇ ਉਹਦੇ ਰੇਡੀਉ ਸਟੇਸ਼ਨ 'ਤੇ ਚਲੇ ਗਏ। ਏਸੇ ਰੇਡੀਉ ਸਟੇਸ਼ਨ ਤੋਂ ਪਾਤਰ,ਇੰਗਲੈਂਡ ਤੋਂ ਦਵਿੰਦਰ ਕੌਰ ਤੇ ਏਥੋਂ ਜਸਵੀਰ ਦੀ ਗੱਲਬਾਤ ਪਾਤਰ ਦੇ ਕਾਵਿ ਬਾਰੇ ਹੋ ਚੁੱਕੀ ਸੀ। ਅੱਜ ਇਹੋ ਕੁਝ ਬਾਰੇ ਸਾਧੂ ਸਿੰਘ ਤੇ ਜਸਵੀਰ ਨੇ ਬੋਲਣਾ ਸੀ। ਖੈਰ ਉਹਨਾਂ ਦੇ ਜਾਣ ਤੋਂ ਪਿੱਛੋਂ ਏਸ ਜਾਣੂੰ ਨੇ ਪਹਿਲਾਂ ਤਾਂ ਸਾਨੂੰ ਕਿਸੇ ਇੰਡੀਆਨ ਰੈਸਟੋਰੈਂਟ 'ਚ ਖਾਣਾ ਖੁਆਇਆ,ਤੇ ਫੇਰ ਘਰ ਲਿਜਾ ਹਰ ਖੂੰਜਾ,ਹਰ ਕਮਰਾ ਤੇ ਕਮਰਿਆਂ 'ਚ ਪਈਆਂ ਚੀਜ਼ਾਂ ਬਾਰੇ ਵਿਸਥਾਰ ਨਾਲ ਦੱਸਿਆ। ਪਹਿਲਾਂ ਸਾਨੂੰ ਉੱਪਰ ਲਿਜਾ ਦੱਸਦਾ ਰਿਹਾ:"ਆਹ ਸਾਡਾ ਬਾਥ ਰੂਮ ਆ। ਆਹ ਸਾਡਾ ਗੈਸੱਟ ਰੂਮ ਆ। ਆਹ ਬਾਥ ਰੂਮ ਦੇਖੋ"। ਤੇ ਫੇਰ ਸਾਨੂੰ ਹੇਠਾਂ ਲਿਜਾ ਡਾਈਨਿੰਗ ਟੇਬਲ ਤੇ ਕੁਰਸੀਆਂ ਵੱਲ ਇਸ਼ਾਰੇ ਕਰਦਾ ਆਖੀ ਗਿਆ: "ਆਹ ਡਾਈਨਿੰਗ ਸੈੱਟ ਮੈਂ ਇਟਲੀ ਤੋਂ ਮੰਗਵਾਇਆ ਸੀ। ਤਿੰਨ ਮਹੀਨੇ ਲੱਗੇ ਇਹਦੇ ਏਥੇ ਪਹੁੰਚਣ ਨੂੰ"। ਵਗੈਰਾ,ਵਗੈਰਾ। ਪਾਤਰ ਉਹਦਾ ਮਨ ਰੱਖਣ ਨੂੰ ਹਰ ਚੀਜ਼ ਦੇਖਦਾ ਤਾਰੀਫਾਂ ਕਰੀ ਜਾਂਦਾ ਸੀ।

"ਪਾਤਰ ਸਿਆਣਾ", ਪਿੱਛੋਂ ਜਸਵੀਰ ਕਹਿੰਦੀ ਹੈ, "ਸਭ ਦਾ ਮਨ ਰੱਖ ਲੈਂਦੈ"। ਹਾਂ ਪਾਤਰ ਦੇ ਸੁਭਾਅ ਵਿਚ ਸਹਿਜਤਾ ਤੇ ਸਿਆਣਪ ਹੈ। ਏਸੇ ਲਈ ਤਾਂ ਸਮਾਗਮ ਦੇ ਪ੍ਰਬੰਧਕਾਂ ਵੱਲੋਂ

ਮਿਲੀ ਹਨੂਮਾਨ ਦੇ ਗੁਰਜ ਵਰਗੀ ਟਰੌਫੀ ਉਹ ਨਾਲ ਲਿਜਾਣ ਦੀ ਕੋਸ਼ਿਸ਼ ਕਰਦਾ ਹੈ। ਪਰ ਸੂਟ ਕੇਸਾਂ ਦਾ ਭਾਰ ਵਧ ਗਿਆ ਹੈ। ਉਹਨੂੰ ਫਿਕਰ ਹੈ।

"ਕੋਈ ਨਈਂ। ਤੂੰ ਫਿਕਰ ਨਾ ਕਰ ਪਾਤਰ, ਤੇਰੀ ਟਰੌਫੀ ਲੁਧਿਆਣੇ ਭੇਜਣ ਦੀ ਜ਼ਿੰਮੇਵਾਰੀ ਮੇਰੀ ਆ",ਆਖਦੀ ਜਸਵੀਰ ਉਹਨੂੰ ਹੌਸਲਾ ਦਿੰਦੀ ਹੈ।

"ਛੱਡ ਪਰੇ!" ਮੈਂ ਪਿੱਛੋਂ ਜਸਵੀਰ ਨੂੰ ਕਿਹਾ, "ਪਾਤਰ ਨੇ ਇਹ ਗੁਰਜ ਕੀ ਸਿਰ 'ਚ ਮਾਰਨਾ। ਉਹਨੂੰ ਨਿੱਤ ਟਰੌਫੀਆਂ ਮਿਲਦੀਆਂ। ਉਹਦੇ ਘਰ ਇਹ ਰੱਖਣ ਨੂੰ ਵੀ ਥਾਂ ਨਈਂ ਹੋਣੀ"।

"ਨਈਂ ਸ਼ਸ਼ੀ". ਜਸਵੀਰ ਸੀਰੀਅਸ ਸੁਰ 'ਚ ਕਹਿੰਦੀ ਹੈ,"ਮੈਂ ਉਹਦੇ ਨਾਲ ਪ੍ਰੌਮਿਜ ਕੀਤੀ ਆ। ਮੈਂ ਇਹ ਟਰੌਫੀ ਲੁਧਿਆਣੇ ਪਚੋਣੀ ਆਂ"।

ਪਾਤਰ ਦੀ ਸਿਆਣਪ,ਸਹਿਜਤਾ,ਨਿਮਰਤਾ ਤੇ ਕ੍ਰਿਏਟਿਵਿਟੀ ਤੋਂ ਇਲਾਵਾ ਉਹਦੀ ਸ਼ਰਾਰਤੀ ਸਾਈਡ ਵੀ ਦੇਖਣ ਦਾ ਮੈਨੂੰ ਮੌਕਾ ਮਿਲਿਆ। ਜਿਸ ਦਿਨ ਪ੍ਰੋਗਰਾਮ ਸੀ ਉਸ ਦਿਨ ਸਵੇਰੇ ਜਸਵੀਰ ਤੇ ਅਵਤਾਰ ਜੀ ਕਿਧਰੇ ਚਲੀਆਂ ਗਈਆਂ। ਮੈਂ ਤਿਆਰ ਹੋ ਕੇ ਬਾਥ ਰੂਮ 'ਚੋਂ ਕੁਝ ਚੁੱਕਣ ਗਈ ਸਾਂ ਕਿ ਕੱਪੜੇ ਪ੍ਰੈੱਸ ਕਰਦੇ ਪਾਤਰ ਨੂੰ ਸਾਧੂ ਸਿੰਘ ਆ ਪੁੱਛਣ ਲੱਗਾ:

"ਕਿੱਧਰ ਗਏ ਸਾਰੇ?"

"ਪਤਾ ਨਈਂ", ਪ੍ਰੈੱਸ ਮਾਰਦੇ ਪਾਤਰ ਦਾ ਜਵਾਬ। "ਇਕ ਸੁਲਫੇ ਦੀ ਲਾਟ ਤਾਂ ਐਧਰ ਛੱਪੜ ਨੂੰ ਗਈ ਆ"।

"ਦੱਸਾਂ?" ਮੈਂ ਲੱਗੀ ਸਾਂ ਕਹਿਣ ਪਰ ਏਸ ਤੋਂ ਪਹਿਲਾਂ ਮੈਨੂੰ ਆਪ ਹਾਸਾ ਆ ਗਿਆ।

ਪਾਤਰ ਹਾਲੇ ਕੈਨੇਡਾ ਹੀ ਸੀ ਕਿ ਇਕ ਦਿਨ ਲੁਧਿਆਣਿਉਂ ਪਾਤਰ ਦੀ ਪਤਨੀ ਭੁਪਿੰਦਰ ਦਾ ਫੋਨ ਜਸਵੀਰ ਨੂੰ ਆਇਆ। ਉਹਨੇ ਪਾਤਰ ਲਈ ਔਲਵ ਤੇਲ ਵਿਚ ਘੀਆ ਕੱਦੂ ਦੀ ਸਬਜ਼ੀ ਬਣਾਉਣ ਦੀ ਤਾਕੀਦ ਕੀਤੀ ਸੀ। ਜਸਵੀਰ ਇਹਦੇ ਬਾਰੇ ਅਵਤਾਰ ਜੀ ਨੂੰ ਦੱਸ ਬੈਠੀ ਸੀ। ਫੇਰ ਹੋਇਆ ਇਹ ਕਿ ਜਦੋਂ ਵੀ ਜਸਵੀਰ ਨੇ ਕਿਤੇ ਜਾਣਾ ਤਾਂ ਅਵਤਾਰ ਜੀ ਨੇ ਆਖ ਦੇਣਾ, "ਜਸਵੀਰ, ਘੀਆ ਕੱਦੂ ਲੈ ਆਵੀਂ। ਪਾਤਰ ਨੇ ਘੀਆ ਕੱਦੂ ਖਾਣਾ ਜੇ"। ਜਸਵੀਰ ਕਈ ਦਿਨ ਇਸ ਹੁਕਮ ਦੀ ਪਾਲਣਾ ਕਰਦੀ ਰਹੀ ਪਰ ਇਕ ਦਿਨ ਜਦ ਫੇਰ ਇਹ ਹੁਕਮ ਹੋਇਆ ਤਾਂ ਉਹ ਬੋਲੀ, "ਅਵਤਾਰ ਜੀ, ਪਾਤਰ ਨੇ ਘੀਆ ਕੱਦੂ ਤੋਂ ਛੁੱਟ ਕੁਛ ਹੋਰ ਨਈਂ ਖਾਣਾ?"

ਪਿੱਛੋਂ ਕੱਦੂਆਂ ਦਾ ਇਹ ਢੇਰ ਵਰਤਣ ਨੂੰ ਜਸਵੀਰ ਨੂੰ ਕਈ ਦਿਨ ਲੱਗ ਜਾਣੇ ਹਨ।

ਪਾਤਰ ਦੇ ਖਾਣ-ਪੀਣ ਵਿਚ ਸੱਚੀਂ ਬਹੁਤ ਪ੍ਰਹੇਜ਼ ਹੈ। ਸਾਹਿਤਕ ਪ੍ਰੋਗਰਾਮ ਖਤਮ ਹੋਣ 'ਤੇ ਉਸ ਰਾਤ ਅਸੀਂ ਇਕ ਅਮਰੀਕਨ ਰੈਸਟੋਰੈਂਟ ਵਿਚ ਖਾਣੇ ਲਈ ਚਲੇ ਗਏ। ਮੈਂ ਆਪਣੇ ਲਈ ਭੁੰਨੀ ਮੱਛੀ,ਚੌਲ ਤੇ ਉੱਬਲੀਆਂ ਸਬਜ਼ੀਆਂ ਦਾ ਆਰਡਰ ਦੇ ਦਿੱਤਾ। ਪਾਤਰ ਨੇ ਤੇ ਕੁਝ ਹੋਰਾਂ ਨੇ ਵੀ ਇਹੋ ਲੈ ਲਿਆ। ਪਾਤਰ ਨੂੰ ਇਹ ਬਹੁਤ ਚੰਗਾ ਲੱਗਾ। ਮੈਨੂੰ ਕਹਿੰਦਾ, "ਸ਼ਸ਼ੀ, ਆਪਾਂ ਅੱਗੋਂ ਵੀ ਐਹੋ ਜਿਹਾ ਖਾਣਾ ਆਰਡਰ ਕਰਨਾ ਆ"। ਪਰ ਅਫਸੋਸ! ਇੰਡੀਅਨ ਰੈਸਟੋਰੈਂਟ ਤੇ ਇੰਡੀਅਨ ਫੰਕਸ਼ਨਾਂ 'ਤੇ ਇਹ ਤਕਰੀਬਨ ਅਸੰਭਵ ਹੈ। ਉੱਥੇ ਉਹੀ ਤਿੱਖੇ ਮਿਰਚ-ਮਸਾਲੇ ਤੇ ਘਟੀਆ ਤੇਲਾਂ 'ਚ ਪਕਾਏ ਬੋਝਲ ਪਕਵਾਨ ਖਾਣ ਨੂੰ ਮਿਲਦੇ ਹਨ। ਹਰ ਫੰਕਸ਼ਨ 'ਤੇ ਉਹੀ ਸਨੈਕਸ ਸਮੋਸੇ,ਪਕੌੜੇ,ਮਠਿਆਈਆਂ,ਚਾਹ ਤੇ ਸੋਢੇ। ਕੋਈ ਕੀ ਕਰੇ! ਜਾਂ ਭੁੱਖਾ ਮਰੇ,ਤੇ ਜਾਂ ਇਹ ਸਭ ਖਾ ਤੇ ਪੀ ਕੇ ਬੀਮਾਰ ਹੋਵੇ। ਤੇ ਵਿਚਾਰਾ ਪਾਤਰ ਜੀਹਦਾ ਹਮੇਸ਼ਾ ਏਸ ਸਭ ਕੁਝ ਨਾਲ ਵਾਹ ਪੈਂਦਾ ਹੈ...

ਜਸਵੀਰ ਦੇ ਘਰ ਪਾਤਰ ਤੇ ਸਾਧੂ ਸਿੰਘ ਨੂੰ ਜਾਨਣ ਤੋਂ ਛੁੱਟ ਮੈਨੂੰ ਅਵਤਾਰ ਕੌਰ ਖਾਲਸਾ ਨੂੰ ਵੀ ਕੁਝ ਕੁ ਜਾਨਣ ਦਾ ਚਾਂਸ ਮਿਲਿਆ। ਦੇਖਦੀ ਹਾਂ ਕਿ ਹਰ ਰੋਜ਼ ਸਵੇਰ ਤੇ ਸ਼ਾਮ ਉਹ ਲੱਕ ਦੁਆਲੇ ਰੁਮਾਲ ਬੰਨ੍ਹੀ, ਨਿੰਬੂ ਤੇ ਸ਼ਹਿਦ ਵਾਲਾ ਪਾਣੀ ਪੀ ਕੇ ਸੋਟੀ ਫੜੀ ਬਾਕਾਇਦਾ ਡਾਂਡੀ ਮਾਰਚ ਨੁਮਾ ਚਾਲ ਤੇ ਇਰਾਦੇ ਨਾਲ ਸੈਰ ਕਰਨ ਲਈ ਜਾਂਦੇ ਹਨ। ਉਮਰ 85 ਸਾਲ ਪਰ ਹਰ ਉਮਰ ਦੇ

ਨਾਲ ਰਲ ਮਿਲ ਜਾਂਦੇ ਹਨ। ਜਸਵੀਰ ਨਾਲ ਮਾਂ-ਧੀ ਵਾਲਾ ਰਿਸ਼ਤਾ ਹੈ ਪਰ ਜਸਵੀਰ ਨੂੰ ਇਤਰਾਜ਼ ਹੈ: "ਆਪਣੀ ਕੋਈ ਗੱਲ ਦੱਸਣੀ ਨਈਂ ਪਰ ਦੂਜਿਆਂ ਦੀ ਪੁੱਛਣੋਂ ਰਹਿਣਾ ਨਈਂ। ਕੁਛ ਪੁੱਛੋ ਤਾਂ ਅੱਗੋਂ ਇਕ-ਟੱਕ ਜਵਾਬ ਦੇ ਦਿੰਦੇ ਆ- 'ਨਈਂ ਦੱਸਾਂਗੀ!'"।

ਅੰਮ੍ਰਿਤਾ ਪ੍ਰੀਤਮ ਤੇ ਅਵਤਾਰ ਜੀ ਦੀ ਬਚਪਨ ਦੀ ਦੋਸਤੀ ਰਹੀ ਹੈ। ਪਰ ਇਹਨਾਂ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਹਜ਼ਾਰ ਪਰਤਾਂ 'ਚ ਲਪੇਟ ਕੇ ਰੱਖਿਆ ਹੋਇਆ ਹੈ। ਜਸਵੀਰ ਬਹੁਤ ਜ਼ੋਰ ਪਾ ਚੁੱਕੀ ਹੈ ਕਿ ਆਪਣੇ ਬਾਰੇ ਲਿਖਣ ਪਰ ਉਹ ਮੁਸਕਰਾ ਕੇ ਨਾਂਹ ਕਰ ਦਿੰਦੇ ਹਨ। ਇਕ ਦਿਨ ਮੇਰੇ ਕੋਲ ਸ਼ਿਕਾਇਤ ਕਰ ਰਹੇ ਸਨ: "ਅੰਮ੍ਰਿਤਾ ਮੇਰੇ ਨਾਲ ਜ਼ਬਰਦਸਤੀ ਨਹੀਂ ਸੀ ਕਰਦੀ। ਇਹ ਕਰਦੀ ਜੇ"। ਤੇ ਫੇਰ, "ਮੈਂ ਕੋਈ ਰਾਈਟਰ ਥੋੜ੍ਹੀ ਆਂ ਜੋ ਆਪਣੇ ਬਾਰੇ ਲਿਖਾਂ"। ਸਾਧੂ ਸਿੰਘ ਤੇ ਜਸਵੀਰ ਕਹਿਣ ਲੱਗੇ, "ਨਾ ਲਿਖੋ। ਅਸੀਂ ਲਿਖਾਂਗੇ। ਸਾਨੂੰ ਪ੍ਰਮਿਸ਼ਨ ਦੇਵੋ"। "ਨਈਂ", ਉਹਨਾਂ ਸਿਰ ਮਾਰ ਦਿੱਤਾ, "ਮੇਰੀ ਕੀ ਅਹਿਮੀਅਤ ਏ ਜਿਹੜਾ ਤੁਸੀਂ ਮੇਰੇ ਬਾਰੇ ਲਿਖਣਾ ਜੇ!" ਤੇ ਗੱਲ ਖਤਮ।

ਖਾਣਾ ਖਾਂਦਿਆਂ ਅਕਸਰ ਅਵਤਾਰ ਜੀ ਦੇ ਬਹੁਤ ਸੁਹਣੀ ਹੋਣ ਦਾ ਜ਼ਿਕਰ ਹੋ ਜਾਂਦਾ। ਇਹੋ ਤਾਰੀਫ ਪਾਤਰ ਵੀ ਵਾਰ ਵਾਰ ਕਰ ਰਿਹਾ ਸੀ। "ਇਨ੍ਹਾਂ ਦਾ ਚ੍ਹੇਰਾ ਹੈਨਾ ਐਦਾਂ ਦਰਸ਼ਨੀ ਆ"। ਜਸਵੀਰ ਉਹਨਾਂ ਦੀ ਤਾਰੀਫ "ਧੁੱਪ ਵਰਗਾ ਤਾਂ ਰੰਗ ਆ ਇਹਨਾਂ ਦਾ" ਆਖਦੀ ਕਰਦੀ ਰਹਿੰਦੀ ਸੀ। ਮੈਂ ਸੋਚਣ ਲੱਗ ਪਈ ਸਾਂ ਕਿ ਜੇ ਉਹਨਾਂ ਦਾ ਰੰਗ ਧੁੱਪ ਦੀ ਥਾਂ ਸਾਉਣ ਦੇ ਬੱਦਲਾਂ ਵਰਗਾ ਹੁੰਦਾ, ਫੇਰ? ਕੀ ਫੇਰ ਵੀ ਉਹਨਾਂ ਦੇ ਸੁਹਣੀ ਹੋਣ ਦੀ ਤਾਰੀਫ ਹੋਣੀ ਸੀ? ਕੀ ਫੇਰ ਵੀ ਉਹਨਾਂ ਦਾ ਚਿਹਰਾ 'ਦਰਸ਼ਨੀ' ਹੋਣਾ ਸੀ? ਸਾਉਣ ਦੇ ਬੱਦਲਾਂ ਵਰਗੀਆਂ ਔਰਤਾਂ ਦੇ ਸੁਹਣੇਪਨ ਦੀ ਤਾਰੀਫ ਮੈਂ ਹਾਲੇ ਤਕ ਕਿਸੇ ਪੰਜਾਬੀ ਦੇ ਮੂੰਹੋਂ ਨਹੀਂ ਸੁਣੀ ਤੇ ਨਾ ਹੀ ਕਿਸੇ ਕਹਾਣੀਕਾਰ ਜਾਂ ਪੰਜਾਬੀ ਕਵੀ ਦੇ ਮੂੰਹੋਂ...

ਮੁਕੱਰਰ ਦਿਨ ਜਸਵੀਰ, ਸਾਧੂ ਸਿੰਘ ਤੇ ਪਾਤਰ ਨੂੰ ਜਹਾਜ਼ੇ ਚੜ੍ਹਾ ਆਈ। ਉਹਨਾਂ ਮੁੜ ਕੈਨੇਡਾ ਜਾਣਾ ਸੀ। ਉਸ ਦਿਨ ਘਰ ਵਾਪਸ ਆ ਉਹ ਚੁੱਪ-ਚਾਪ ਆਪਣੇ ਕਮਰੇ 'ਚ ਬੈਠੀ ਰਹੀ। ਦੂਜੇ ਦਿਨ ਸਵੇਰੇ ਅਵਤਾਰ ਜੀ ਵੀ ਚਲੇ ਗਏ। ਅਚਾਨਕ ਜਸਵੀਰ ਦਾ ਰੌਂਅ ਬਦਲ ਗਿਆ। ਤੇ ਫੇਰ, ਕੰਪਿਊਟਰ 'ਤੇ ਸਕਾਈਪ ਲਾ ਕਦੇ ਨਹਿਰੂ ਯੂਨੀਵਰਸਿਟੀ ਵਿਚ ਰਿਲਿਜਨ ਪੜ੍ਹਾਉਂਦੇ ਕੇ.ਟੀ.ਐੱਸ ਨਾਲ ਗੱਲਾਂ ਕਰ ਰਹੀ ਹੈ ਤੇ ਕਦੇ ਦਵਿੰਦਰ ਨਾਲ ਇੰਗਲੈਂਡ। ਵਿੱਚੇ ਮੈਨੂੰ ਖਿੱਚਕੇ: "ਲੈ ਆ ਏਧਰ। ਕੇ.ਟੀ.ਐੱਸ ਨਾਲ ਗੱਲ ਕਰ। ਕੇ.ਟੀ.ਐੱਸ, ਆਹ ਸ਼ਸ਼ੀ ਸਮੁੰਦਰਾ ਨਾਲ ਗੱਲ ਕਰੋ"। ਫੇਰ ਦਵਿੰਦਰ ਨਾਲ ਗੱਲਾਂ ਕਰਦੀ ਮੈਨੂੰ ਉਹਦੇ ਨਾਲ ਗੱਲੀਂ ਲਵਾ ਛੜੱਪੇ ਮਾਰਦੀ ਆਪ ਉੱਪਰ ਭੱਜ ਗਈ। ਮੈਨੂੰ ਇਉਂ ਅਚਾਨਕ ਬਹੁਤੀਆਂ ਗੱਲਾਂ ਨਹੀਂ ਸੁਝਦੀਆਂ ਹੁੰਦੀਆਂ। ਸੋ ਛੇਤੀ ਉਹਦਾ ਹਾਲ-ਚਾਲ ਪੁੱਛ ਮੈਂ ਜਸਵੀਰ ਨੂੰ ਵਾਜ ਮਾਰਦੀ ਹਾਂ: "ਓ ਭੂਤਨੀਏਂ, ਹੇਠਾਂ ਆ!"

ਜਸਵੀਰ ਛਾਲਾਂ ਮਾਰਦੀ ਪਉੜੀਆਂ ਉੱਤਰਦੀ, ਤਾੜੀ ਮਾਰ ਕੇ ਆਖਦੀ ਹੈ, "ਕੀ? ਭੂਤਨੀ?"

"ਹੋਰ ਕੀ?" ਤੇ ਫੇਰ ਮੈਂ ਦਵਿੰਦਰ ਨੂੰ ਆਖਦੀ ਹਾਂ, "ਦਵਿੰਦਰ, ਮੈਂ ਇਹਦਾ ਨਾਂ ਭੂਤਨੀ ਰੱਖ ਲਿਐ। ਹੁਣ ਤੂੰ ਵੀ ਇਹਨੂੰ ਭੂਤਨੀ ਕਹਿਣਾਂ, ਜਸਵੀਰ ਨਈਂ"।

ਦਵਿੰਦਰ ਹੱਸਦੀ ਹੈ: "ਸ਼ਸ਼ੀ ਮੈਂ ਭੂਤਨੀ ਨਈਂ ਕ੍ਹੈਣਾ"।

"ਦਵਿੰਦਰ, ਤੂੰ ਮੇਰੇ ਨਾਲ ਨਈਂ?"

"ਹਾਂ, ਪਰ ਮੈਂ ਭੂਤਨੀ ਨਈਂ ਕ੍ਹੈਣਾ"।

ਏਨੇ ਨੂੰ ਜਸਵੀਰ ਆ ਜਾਂਦੀ ਹੈ। ਮੈਂ ਉੱਥੋਂ ਉਠ ਜਾਂਦੀ ਹਾਂ। ਹੁਣ ਜਸਵੀਰ ਦਵਿੰਦਰ ਨਾਲ ਗੱਲਾਂ ਕਰ ਰਹੀ ਹੈ। ਮੈਨੂ ਕਿਚਨ 'ਚ ਉਹਦੇ ਠਹਾਕੇ ਸੁਣ ਰਹੇ ਹਨ: ਹਾ, ਹਾ, ਹਾ, ਹਾ,

ਹਾ, ਹਾ, ਹਾ... ਓਏ ਭੂਤਨੀਏਂ, ਮੈਂ ਮਨ 'ਚ ਕਹਿੰਦੀ ਹਾਂ। ਹੁਣ ਤੂੰ ਹਟੇਂਗੀ ਵੀ ਕਿ ਨਹੀਂ? ਫੇਰ ਸੋਚਦੀ ਹਾਂ: ਦਰਿਆ ਵਰਗੀ ਹੈ! ਕਿਉਂ ਹਟੂਗੀ? ਆਪਣੀ ਮੌਜ ਤੇ ਮਰਜ਼ੀ ਨਾਲ ਜੀਣ ਵਾਲੀ। ਲਾਜਵਾਬ ਨਜ਼ਮਾਂ ਲਿਖਣ ਵਾਲੀ। ਇਕੱਲੀ ਪੁੱਤਰ ਨਵੀ ਨੂੰ ਪਾਲਣ ਵਾਲੀ। ਜਦੋਂ ਸੀਰੀਅਸ ਹੁੰਦੀ ਹੈ ਤਾਂ ਬ੍ਰਹਿਮੰਡ ਵਰਗੀ ਮਿਸਟੀਰੀਅਸ ਹੋ ਜਾਂਦੀ ਹੈ, ਨਹੀਂ ਤਾਂ ਨਿਰੀ ਭੂਤਨੀ।

ਵਾਪਸ ਕੈਲੇਫੋਰਨੀਆਂ ਆ ਇਕ ਦਿਨ ਮੈਂ ਉਹਨੂੰ ਫੋਨ 'ਤੇ ਏਸ ਸਕੈੱਚ ਬਾਰੇ ਦੱਸ ਰਹੀ ਸਾਂ-

"ਚੰਗਾ, ਲਿਖਕੇ ਮੈਨੂੰ ਭੇਜ ਦੇਈਂ"। ਉਹ ਸਹਿਜ ਸੁਭਾਅ ਕਹਿੰਦੀ ਹੈ।

"ਨਈਂ, ਮੈਂ ਨਈਂ ਭੇਜਣਾ। ਤੂੰ ਛਪਿਆ ਪੜ੍ਹ ਲਈਂ"। ਉਹਦੇ ਕੋਲ ਕੋਈ ਨਵੀਆਂ ਫੋਟੋਆਂ ਸਨ ਜਿੰਨ੍ਹਾਂ ਦਾ ਜ਼ਿਕਰ ਕਰਦੀ ਉਹ ਕਹਿ ਰਹੀ ਸੀ ਕਿ ਕਾਫੀ ਚੰਗੀਆਂ ਤੇ ਦਿਲਚਸਪ ਹਨ। "ਮੈਨੂੰ ਦੋ ਕੁ ਦੀ ਕਾਪੀ ਭੇਜ ਦੇਵੀਂ"। "ਕਿਉਂ" ਉਹ ਅੱਗਿਉਂ ਇਕ-ਟੱਕ ਜਵਾਬ ਦਿੰਦੀ ਹੈ. "ਆਪ ਆਪਣਾ ਆਰਟੀਕਲ ਨਈਂ ਦਿਖੌਂਦੀ... ਮੈਂ ਕਿਉਂ ਤੈਨੂੰ ਆਪਣੇ ਬੰਦੇ ਦੀਆਂ ਫੋਟੋ ਦਿਖਾਵਾਂ!"

"ਨਾ ਦਿਖਾ", ਮੈਂ ਲਾਪਰਵਾਹੀ ਨਾਲ ਜਵਾਬ ਦਿੰਦੀ ਹਾਂ। "ਤੇਰਾ ਬੰਦਾ ਕਿਹੜਾ ਅੱਲਾ ਤਾ'ਲਾ, ਜਿਹੜਾ ਕਿਸੇ ਨੇ ਦੇਖਿਆ ਨਈਂ"।

ਜਵਾਬ 'ਚ ਮੇਰੇ ਫੋਨ 'ਤੇ ਅੱਗੋਂ ਠਹਾਕਿਆਂ ਦੀ ਆਵਾਜ਼ ਹੈ: ਹਾ ਹਾ ਹਾ! ਹਾ ਹਾ ਹਾ ਹਾ! ਹਾ ਹਾ ਹਾ ਹਾ ...

ਜਸਵੀਰ ਦੇ ਫੁਲਝੜੀ ਹਾਸੇ ਬਾਰੇ ਤਾਂ ਕਈਆਂ ਨੂੰ ਪਤਾ ਹੋਏਗਾ। ਜੋ ਬਹੁਤਿਆਂ ਨੂੰ ਨਈਂ ਪਤਾ, ਉਹ ਹੈ ਇਕ ਕਵੀ ਵਜੋਂ ਉਹਦੀ ਬਹੁਤ ਸੀਰੀਅਸ ਸਾਈਡ। ਸੈਂਪਲ ਵਜੋਂ ਉਹਦੀ ਇਕ ਨਜ਼ਮ ਦੀਆਂ ਇਹ ਲਾਈਨਾਂ ਹਨ:

ਛੱਪੜ ਕੰਢੇ/ ਅੱਕ-ਕੱਕੜੀ 'ਚ ਜਦ
ਉਹ ਖੰਭਾਂ ਸਮੇਤ ਜੰਮੀ
ਹਵਾ ਨੇ ਹੱਸਕੇ ਆਖਿਆ ਸੀ
ਮੈਨੂੰ ਪਤਾ ਤੂੰ ਮੇਰੀ ਪਿੱਠ 'ਤੇ ਸਵਾਰ ਹੋਵੇਂਗੀ...

ਜਦੋਂ ਉਹ ਮੈਨੂੰ ਫੋਨ 'ਤੇ ਕੋਈ ਨਵੀਂ ਲਿਖੀ ਜਾਂ ਲਿਖੀ ਜਾ ਰਹੀ ਨਜ਼ਮ ਸੁਣਾਉਂਦੀ ਹੈ ਤਾਂ ਅਕਸਰ ਹੈਰਾਨ ਹੁੰਦੀ ਮੈਂ ਸੋਚਦੀ ਰਹਿ ਜਾਂਦੀ ਹਾਂ : ਇਹਨੇ ਇਹ ਕਿਵੇਂ ਲਿਖ ਲਈ? ਉਦੋਂ ਮੈਂ ਨਿਰਸ਼ਬਦ ਹੋ ਜਾਂਦੀ ਹਾਂ। ਮੇਰੇ ਕੋਲ ਉਹਦੀਆਂ ਨਜ਼ਮਾਂ ਦੇ ਹਾਣ ਦੇ ਕਹਿਣ ਨੂੰ ਸ਼ਬਦ ਨਹੀਂ ਹੁੰਦੇ...

ਮੇਰੇ ਮਨ ਦੀ ਸਕਰੀਨ 'ਤੇ ਇਕ ਫਿਲਮ ਚੱਲ ਰਹੀ ਹੈ। ਸਟੇਜ 'ਤੇ ਖੜ੍ਹਾ ਪਾਤਰ ਨਜ਼ਮਾਂ ਗਾ ਰਿਹੈ। ਮੈਂ ਹੋਰਾਂ ਨਾਲ ਮਿਲਕੇ ਤਾੜੀਆਂ ਮਾਰ ਰਹੀ ਹਾਂ। ਕੁਝ ਲਾਈਨਾਂ ਮੇਰੇ ਆਲੇ-ਦੁਆਲੇ ਫੈਲ ਗਈਆਂ ਨੇ, ਮਨ 'ਤੇ ਉੱਕਰ ਗਈਆਂ ਨੇ...

ਇਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਏਂ
ਕੀ ਮਿਲਿਆ ਮਹਿੰਦੀ ਲਾ ਕੇ, ਵਟਣਾ ਮਲ ਕੇ...

ਤੇ

ਖਾਬਾਂ ਵਿਚ ਬੂਹਾ ਦੇਖਾਂ ਬੰਦ ਤੇ ਉਸਦੇ ਅੱਗੇ
ਕਈ ਹਜ਼ਾਰ ਰੁਲਦੀਆਂ ਚਿੱਠੀਆਂ ਤੇ ਮੇਰਾ ਸਿਰਨਾਵਾਂ

0 0 0

ਇਕ ਇਹ ਪਾਤਰ ਹੈ ਇਲਾਹੀ ਨਜ਼ਮਾਂ ਲਿਖਣ ਤੇ ਗਾਉਣ ਵਾਲਾ ਤੇ ਦੂਜਾ:
"ਮੈਨੂੰ ਹਨਾ ਕੱਪੜੇ ਪ੍ਰੈੱਸ ਕਰਨੇ... ਬਈ ਪ੍ਰੈੱਸ ਕਰਨ ਪਿੱਛੋਂ।" □□

[P.O. Box 27 , Santa Rosa, CA 95402 U.S.A.]

ਬਲਬੀਰ ਮਾਧੋਪੁਰੀ ਨਾਲ ਗੱਲਬਾਤ

ਤਰਸੇਮ

[ਸਾਡੀ ਜ਼ੁਬਾਨ ਵਿਚ ਦਲਿਤ ਅਨੁਭਵ ਨੂੰ ਪੂਰੀ ਸ਼ਿੱਦਤ ਨਾਲ ਪੇਸ਼ ਨਹੀਂ ਕੀਤਾ ਜਾ ਸਕਿਆ। ਜਿਹਨਾਂ ਲੇਖਕਾਂ ਵੱਲੋਂ ਅਤੇ ਜਿਹਨਾਂ ਰਚਨਾਵਾਂ ਵਿਚ ਇਸ ਅਨੁਭਵ ਦੀ ਪੇਸ਼ਕਾਰੀ ਦਾ ਦਾਅਵਾ ਕੀਤਾ ਗਿਆ ਹੈ, ਉੱਥੇ ਦਲਿਤ ਚੇਤਨਾ ਅਕਸਰ ਭੁਲਾਂਦਰੇ ਦਾ ਸ਼ਿਕਾਰ ਹੋਈ ਮਿਲਦੀ ਹੈ। ਦਲਿਤ ਜੀਵਨ-ਯਥਾਰਥ ਦੇ ਕਰੂਰ ਵੇਰਵਿਆਂ ਨੂੰ ਬਹੁਤ ਹੀ ਸਹਿਜ ਪਰ ਕਲਾਮਈ ਢੰਗ ਨਾਲ ਪੇਸ਼ ਕਰਨ ਦਾ ਸਿਹਰਾ ਬਲਬੀਰ ਮਾਧੋਪੁਰੀ ਸਿਰ ਬੱਝਦਾ ਹੈ, ਜਿਸ ਨੇ ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਰਾਹੀਂ ਪੰਜਾਬੀ ਸਾਹਿਤ ਜਗਤ ਦਾ ਵਾਜਬ ਤੌਰ 'ਤੇ ਧਿਆਨ ਖਿੱਚਿਆ ਹੈ। ਪੇਸ਼ ਹੈ ਤਰਸੇਮ ਦੀ ਬਲਬੀਰ ਮਾਧੋਪੁਰੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼-ਸੰਪਾਦਕ]

? : ਬਲਬੀਰ ਚੰਦ ਤੋਂ ਬਲਬੀਰ ਮਾਧੋਪੁਰੀ ਦਾ ਅਹਿਸਾਸ ਕਦੋਂ ਹੋਇਆ?

– : ਕਾਲਿਜ ਦੇ ਦਿਨਾਂ ਵਿਚ ਹੀ ਮੈਨੂੰ ਆਪਣੇ ਨਾਂ ਦਾ ਪਿਛਲਾ ਹਿੱਸਾ ਸਮਾਜਕ ਤੇ ਸਭਿਆਚਾਰਕ ਪੱਖੋਂ ਹੀਣ-ਭਾਵਨਾ ਭਰਦਾ ਪ੍ਰਤੀਤ ਹੋਣ ਲੱਗ ਪਿਆ ਸੀ। ਜਿਸ ਧਰਮ ਦਾ ਅਸੀਂ ਹਿੱਸਾ ਉਹੀ ਸਾਡੀ ਗੁਲਾਮੀ ਦਾ ਮਾਧਿਅਮ, ਨਫ਼ਰਤ ਦੇ ਪ੍ਰਚਾਰ ਦਾ ਸਾਧਨ। ਸੋ, ਜਦੋਂ ਇਹਨਾਂ ਦਿਨਾਂ ਵਿਚ ਮੇਰੀਆਂ ਕਵਿਤਾਵਾਂ ਛਪਣ ਲੱਗੀਆਂ ਤਾਂ ਮੇਰੇ ਲਈ ਇਹ ਸੰਕਟ ਹੋਰ ਡੂੰਘਾ ਹੋ ਗਿਆ। ਪੈਲਾਂ ਪਾਉਂਦਾ ਮੋਰ ਜਿਵੇਂ ਪੈਰਾਂ ਵੱਲ ਦੇਖ ਕੇ ਝੁਰਦਾ ਹੈ – ਉਵੇਂ ਹੀ ਮੇਰਾ ਹਾਲ ਹੋਇਆ। ਮੈਂ ਆਪਣਾ ਨਾਂ ਆਪੇ ਬਦਲ ਕੇ ਬਲਬੀਰ ਮਾਧੋਪੁਰੀ ਰੱਖ ਲਿਆ। ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਮੈਂ ਜਿਵੇਂ ਅਣਮਨੁੱਖੀ ਵਰਤਾਰੇ ਵਾਲੇ ਧਰਮ ਦੇ ਖਿਲਾਫ਼ ਕਦਮ ਪੁੱਟ ਰਿਹਾ ਹੋਵਾਂ। ਸਰਕਾਰੀ ਕਾਗਜ਼ਾਂ ਵਿਚ ਨੌਕਰੀ ਦੌਰਾਨ ਆਪਣੇ ਫ਼ੈਸਲੇ 'ਤੇ ਮੋਹਰ ਲਗਵਾਈ। ਕਈ ਬੋਝਾਂ ਤੋਂ ਸੁਰਖਰੂ ਹੋਇਆ।

? : ਡਾ. ਐੱਸ. ਤਰਸੇਮ ਨੇ ਤੁਹਾਡੇ ਬਾਰੇ ਲਿਖੇ ਸ਼ਬਦ-ਚਿਤਰ 'ਛਾਂਦਾਰ ਛਾਂਗਿਆ ਰੁੱਖ' ਵਿਚ ਲਿਖਿਆ ਹੈ ਕਿ ਉਹ ਤਾਂ ਬਚਪਨ ਵਿਚ ਹੀ ਰੜਕ ਕੱਢਣ ਲਈ ਪਿੰਡ ਦੇ ਉਚ-ਜਾਤੀਆਂ ਵਾਲਿਆਂ ਵਿਰੁੱਧ ਟੋਟਕੇ ਜੋੜਨ ਲੱਗ ਪਿਆ ਸੀ। ਕੀ ਇਸ ਨੂੰ ਤੁਹਾਡੀ ਕਵਿਤਾ ਦੀ ਸ਼ੁਰੂਆਤ ਦਾ ਪੜਾਅ ਕਿਹਾ ਜਾ ਸਕਦਾ ਹੈ?

– : ਤਰਸੇਮ, ਪ੍ਰਾਇਮਰੀ ਸਕੂਲ ਵੇਲੇ ਮੈਂ ਕਾਵਿ ਤੁਕਬੰਦੀ ਕਰਨ ਲੱਗ ਪਿਆ ਸੀ। ਹੁਣ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਹ ਤਾਂ ਉੱਚ ਜਾਤੀਆਂ ਤੇ ਜ਼ਿਮੀਂਦਾਰਾਂ ਦੇ ਵਿਰੁੱਧ ਪਹਿਲਾ ਵਿਦਰੋਹ ਸੀ ਜੋ ਮੈਨੂੰ ਆਪਣੇ ਭਾਈਏ ਤੇ ਦਲਿਤ ਸਮਾਜ ਤੋਂ ਮਿਲਿਆ, ਜਿਸ ਦਾ ਸੰਤਾਪ ਉਹ ਸਦੀਆਂ ਤੋਂ ਭੋਗਦੇ ਆ ਰਹੇ ਹਨ। ਇਹ ਸਮਾਂ ਮੇਰੇ ਅੰਦਰ ਕਾਵਿ-ਬੀਜ ਦੇ ਪੁੰਗਰਨ ਦਾ ਕਿਹਾ ਜਾ ਸਕਦਾ ਹੈ।

? : ਤੁਸੀਂ ਕਵਿਤਾ ਵਿਚ ਲਤਾੜੇ ਲੋਕਾਂ ਦੀ ਗੱਲ ਕੀਤੀ ਪਰ ਉਹ ਉਸ ਤਰ੍ਹਾਂ ਨਹੀਂ ਸਵੀਕਾਰੀ ਗਈ ਜਿਸ ਤਰ੍ਹਾਂ ਸਵੈਜੀਵਨੀ 'ਛਾਂਗਿਆ ਰੁੱਖ'। ਇਸ ਦੇ ਕੀ ਕਾਰਨ ਸਮਝਦੇ ਹੋ?

– : ਆਪਣੀ ਕਵਿਤਾ ਦੇ ਸਵੀਕਾਰੇ ਜਾਣ ਸੰਬੰਧੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬੀ ਵਿਚ ਪ੍ਰਗਤੀਵਾਦੀ ਤੇ ਦਲਿਤ ਦ੍ਰਿਸ਼ਟੀ ਤੋਂ ਮੇਰੀਆਂ ਕਵਿਤਾਵਾਂ ਦਾ ਢੁਕਵਾਂ ਨੋਟਿਸ ਲਿਆ ਗਿਆ ਹੈ। ਅੰਗਰੇਜ਼ੀ ਸਮੇਤ ਕਈ ਭਾਰਤੀ ਭਾਸ਼ਾਵਾਂ ਵਿਚ ਇਹਨਾਂ ਦਾ ਅਨੁਵਾਦ ਹੋਇਆ ਹੈ। ਪੰਜਾਬੀ-ਹਿੰਦੀ ਦੇ ਕਈ ਸੰਗ੍ਰਹਿਆਂ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਪਰ ਇਹ ਜ਼ਰੂਰ ਮੰਨਦਾ ਹਾਂ ਕਿ 'ਛਾਂਗਿਆ ਰੁੱਖ' ਦੇ ਛਪਣ ਨਾਲ ਮੇਰੀ ਕਵਿਤਾ ਪਿਛਾਂਹ ਹੋ ਗਈ ਹੈ। ਇਸ ਦੀ ਵਜ੍ਹਾ 'ਛਾਂਗਿਆ ਰੁੱਖ' ਦਾ ਵੱਡੇ ਪੱਧਰ ਉੱਤੇ ਪੜ੍ਹਿਆ ਜਾਣਾ ਤੇ ਇਸ ਅੰਦਰ ਤਲਖ ਹਕੀਕਤਾਂ ਦਾ ਬਿਆਨ, ਸਮਾਜਕ ਸਰੋਕਾਰਾਂ ਨਾਲ ਜੁੜੇ ਵਿਚਾਰਧਾਰਕ ਮਸਲੇ, ਠੇਠ ਮੁਹਾਵਰੇ ਭਰਪੂਰ ਬੋਲੀ-ਭਾਸ਼ਾ ਹੈ। ਕਈ ਪਾਠਕਾਂ, ਆਲੋਚਕਾਂ ਤੇ ਵਿਦਵਾਨਾਂ ਨੇ ਸਵੈਜੀਵਨੀ ਵਿਚਲੀ ਵਾਰਤਕ

ਨੂੰ ਕਵਿਤਾ ਦੇ ਨੇੜੇ ਦੱਸਿਆ ਹੈ। ਇਕ ਤਰ੍ਹਾਂ ਨਾਲ ਕਾਵਿਕ-ਰੂਪ।

? : ਗੱਲ ਸਵੈਜੀਵਨੀ ਦੀ ਹੈ ਤਾਂ ਇਹ ਦੱਸੋ ਪਈ ਇਸਦਾ ਲਿਖਣਾ ਫੁਰਨੇ ਵਾਂਗ ਹੋਇਆ ਜਾਂ ਕੋਈ ਪੂਰਵ ਯੋਜਨਾ ਸੀ। ਤੁਸੀਂ ਸਵੈਜੀਵਨੀ ਕਿਉਂ ਲਿਖੀ?

– : ਸਵੈਜੀਵਨੀ ਲਿਖਣ ਦਾ ਵਿਚਾਰ ਮੇਰੇ ਚਿੱਤ-ਖਿਆਲ ਵਿਚ ਵੀ ਨਹੀਂ ਸੀ। ਇਸ ਦਾ ਸਬੱਬ ਸਹਿਜ ਹੈ। ਜਦੋਂ ਇਕ ਦਲਿਤ ਲੇਖਕ ਦੀ ਸਵੈਜੀਵਨੀ ਦਾ ਅੰਸ਼ ਪੜ੍ਹ ਰਿਹਾ ਸੀ ਤਾਂ ਘਟਨਾਵਾਂ ਸਮੇਤ ਪੇਸ਼ਕਾਰੀ ਜਚੀ ਨਾ। ਕਿਸੇ ਮਿੱਤਰ ਨਾਲ ਇਸ ਸੰਦਰਭ ਵਿਚ ਗੱਲ ਸਾਂਝੀ ਕੀਤੀ ਤੇ ਅੱਗੇ ਉਸ ਦੀਆਂ ਟਿੱਪਣੀਆਂ ਨੇ ਮੈਨੂੰ ਲਿਖਣ ਲਈ ਵੰਗਾਰਿਆ। ਉਹਨਾਂ ਦਿਨਾਂ ਵਿਚ ਦਲਿਤ ਸਵੈਜੀਵਨੀਆਂ ਲਿਖਣ ਦਾ ਰੁਝਾਨ ਹੋ ਗਿਆ ਸੀ। ਮੁੱਦੇ ਦੇ ਗੰਭੀਰ ਸਾਹਿਤਕ ਚਰਚੇ ਨੂੰ ਧਿਆਨ ਵਿਚ ਰਖਦਿਆਂ ਮੈਂ ਸਵੈਜੀਵਨੀ ਲਿਖਣ ਵੱਲ ਪ੍ਰੇਰਤ ਹੋਇਆ।

? : ਉਦੋਂ ਤਕ ਕਿਹੜੀਆਂ-ਕਿਹੜੀਆਂ ਸਵੈਜੀਵਨੀਆਂ ਪੜ੍ਹੀਆਂ? ਕੀ ਉਹਨਾਂ ਦਾ ਅਚੇਤ-ਸੁਚੇਤ ਪ੍ਰਭਾਵ ਕਬੂਲਿਆ?

– : ਮੈਕਸਿਮ ਗੋਰਕੀ ਦੀ ਸਵੈਜੀਵਨੀ ਦੇ ਤਿੰਨੋ ਭਾਗ ਮੈਂ ਜਦੋਂ 12ਵੀਂ-13ਵੀਂ ਵਿਚ ਪੜ੍ਹਦਾ ਸਾਂ ਉਦੋਂ ਪੜ੍ਹੇ। ਨਿਕੋਲਾਈ ਓਸਤ੍ਰੋਵਸਕੀ ਦਾ ਸਵੈਜੀਵਨੀ ਆਧਾਰਤ ਨਾਵਲ 'ਕਬਹੂੰ ਨ ਛਾਡੇ ਖੇਤੁ', ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ' ਤੇ ਫਿਰ ਦਇਆ ਪਵਾਰ ਦੀ 'ਅਛੂਤ' (ਮਰਾਠੀ), ਸ਼ਰਣ ਕੁਮਾਰ ਲਿੰਬਾਲੇ ਦੀ ਅੱਕਰਮਾਸ਼ੀ (ਮਰਾਠੀ), ਓਮ ਪ੍ਰਕਾਸ਼ ਵਾਲਮੀਕੀ ਦੀ ਜੂਠਨ (ਹਿੰਦੀ) ਆਦਿ ਸਵੈਜੀਵਨੀਆਂ ਪੜ੍ਹੀਆਂ। ਪੰਜਾਬੀ ਲੇਖਿਕਾਵਾਂ ਦੀਆਂ ਸਵੈਜੀਵਨੀਆਂ ਤਾਂ ਪਹਿਲਾਂ ਹੀ ਪੜ੍ਹੀਆਂ ਹੋਈਆਂ ਸਨ ਜੋ ਕਿਸੇ ਲਈ ਪ੍ਰੇਰਨਾ ਦਾ ਵਸੀਲਾ ਨਹੀਂ ਬਣਦੀਆਂ। ਬਚਿੰਤ ਕੌਰ ਦੀ 'ਪਗਡੰਡੀਆਂ' ਚੰਗੀ ਰਚਨਾ ਹੈ। ਲਿਖਣ ਜੁਗਤ ਤੇ ਪੇਸ਼ਕਾਰੀ ਸੋਵੀਅਤ ਸਾਹਿਤ ਦੀ ਮੈਨੂੰ ਟੁੰਬਦੀ ਹੈ। ਸਵੈਜੀਵਨੀ ਪ੍ਰਭਾਵ ਕਬੂਲ ਕੇ ਲਿਖਣੀ ਮੁਸ਼ਕਲ ਹੈ।

? : ਦਲਿਤ ਸ਼ਬਦ ਤੋਂ ਯਾਦ ਆਇਆ ਕਿ ਸਾਹਿਤ ਤਾਂ ਸਾਹਿਤ ਹੁੰਦਾ ਹੈ। ਚਾਹੇ ਉਹ ਪ੍ਰਗਤੀਵਾਦੀ ਹੋਵੇ, ਯਥਾਰਥਵਾਦੀ, ਪ੍ਰਯੋਗਵਾਦੀ, ਆਧੁਨਿਕ ਜਾਂ ਉਤਰ-ਆਧੁਨਿਕ ਜਾਂ ਦਲਿਤ ਸਾਹਿਤ। ਇਹ ਖ਼ਾਨੇ ਬਣਾਉਣ ਦੀ ਲੋੜ ਕਿਉਂ ਮਹਿਸੂਸ ਹੋਈ? ਨਾਲੇ ਪਹਿਲਾਂ ਤੋਂ ਤੁਹਾਡੀ ਪਛਾਣ ਪ੍ਰਗਤੀਵਾਦੀ ਲੇਖਕ ਵਜੋਂ ਹੈ।

– : ਦਲਿਤ ਸਾਹਿਤ ਦਾ ਬਾਕੀ ਨਾਲੋਂ ਵਖਰੇਵਾਂ ਇਹ ਹੈ ਕਿ ਇਹ ਮਾਨਵਵਾਦੀ ਹੈ। ਬਹੁਜਨਾਂ ਦੀ ਮੁਕਤੀ ਦਾ ਹਥਿਆਰ ਹੈ। ਕ੍ਰਾਂਤੀ ਦਾ ਪ੍ਰਤੀਕ ਹੈ। ਸੰਸਕ੍ਰਿਤ ਦੀ ਸੰਸਕ੍ਰਿਤੀ ਜੋ ਮਨੁੱਖ ਨੂੰ ਦਰਜਿਆਂ ਵਿਚ ਵੰਡਦੀ ਹੈ ਤੇ ਮਨੁੱਖ ਨੂੰ ਮਨੁੱਖ ਦੇ ਨੇੜੇ ਹੋਣ ਤੋਂ ਸਮਾਜਕ ਨਿਯਮ ਬਣਾ ਕੇ ਵਰਜਦੀ ਹੈ, ਉਸ ਨੂੰ ਢਾਹ ਲਾਉਣ ਲਈ ਇਕ ਤਰਕ ਭਰਪੂਰ ਵਿਚਾਰਧਾਰਾ ਹੈ। ਦਲਿਤ ਸਾਹਿਤ ਅੰਤਰ-ਜਾਤੀ, ਅੰਤਰ-ਭਾਸ਼ੀ, ਅੰਤਰ-ਰਾਜੀ ਅੜਿੱਕਿਆਂ ਨੂੰ ਪਾਰ ਕਰਦਿਆਂ ਦਲਿਤ ਵਰਗ ਦੀ ਏਕਤਾ ਲਈ ਪ੍ਰੇਰਦਾ ਹੈ। ਦੰਭ, ਪਾਖੰਡ, ਫਰੇਬ, ਛਲ, ਚਮਤਕਾਰੀ, ਕਲਪਤ ਤੇ ਥੋਥੇ ਮਨੋਰੰਜਨ ਵਾਲੀਆਂ ਲਿਖਤਾਂ ਨੂੰ ਨਕਾਰਦਾ ਹੈ। ਸਮਾਜਕ ਯਥਾਰਥ ਤੇ ਸਮਾਜੀ ਨਿਆਂ ਨੂੰ ਪਹਿਲ ਦਿੰਦਾ ਹੈ। ਦੂਜੀ ਗੱਲ, ਵੈਦਿਕ ਸਾਹਿਤ ਜਿਸ ਦਾ ਵਿਸਥਾਰ ਅੱਗੇ ਸਿਮ੍ਰਿਤੀਆਂ, ਸ਼ਾਸਤਰਾਂ ਤਕ ਹੈ, ਸਮਾਜਕ ਅਨਿਆਂ ਵਾਲਾ ਹੈ – ਉਹ ਅੱਜ ਤਕ ਪ੍ਰਚਲਤ ਹੋ ਸਕਦਾ ਹੈ ਤਾਂ ਦਲਿਤ ਸਾਹਿਤ ਦਾ ਨਵਾਂ ਖ਼ਾਨਾ ਬਣਨ ਨਾਲ ਸਾਹਿਤਕਾਰਾਂ ਅੰਦਰ ਕਿਉਂ ਭਾਰੀ ਹਲਚਲ ਹੋਵੇ। ਦਲਿਤ ਸਾਹਿਤ ਹੀ ਸਮੁੱਚੇ ਭਾਰਤੀ ਸਾਹਿਤ ਦੀ ਮੁੱਖਧਾਰਾ ਬਣ ਰਿਹਾ ਹੈ-ਇਹੀ ਭਾਰਤ ਨੂੰ ਦਿਸ਼ਾ ਵੀ ਦੇਵੇਗਾ। ਦਲਿਤ ਚੇਤਨਾ ਇਸ ਵਕਤ ਬਹੁਤ ਵਿਆਪਕ ਹੁੰਦੀ ਜਾ ਰਹੀ ਹੈ। ਪ੍ਰਗਤੀਵਾਦੀ ਤੇ ਦਲਿਤ ਸਹਿਤ ਇਕ ਦੂਜੇ ਦੇ ਪੂਰਕ ਹਨ-ਇਸ ਤੱਥ ਨੂੰ ਗੰਭੀਰਤਾ ਨਾਲ ਸਮਝੇ ਜਾਣ ਦੀ ਜ਼ਰੂਰਤ ਹੈ।

? : ਸਵੈਜੀਵਨੀ ਲਿਖਦਿਆਂ ਹੋਰ ਮਨੋਭਾਵਾਂ ਦੇ ਨਾਲ-ਨਾਲ ਗੁੱਸਾ ਵੀ ਆਉਂਦਾ ਹੋਵੇਗਾ। ਕਮਲੇਸ਼ਵਰ ਵਰਗੇ ਪ੍ਰਸਿੱਧ ਹਿੰਦੀ ਲੇਖਕ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਦਲਿਤ ਲੇਖਕਾਂ ਦੀਆਂ ਰਚਨਾਵਾਂ 'ਚ ਗੁੱਸਾ ਤੇ ਰੋਸ, ਘਿਣਾ ਦੀ ਹੱਦ ਤਕ ਪਹੁੰਚ ਜਾਂਦਾ ਹੈ। ਤੁਸੀਂ ਇਸ ਸਭ ਕਾਸੇ ਬਾਰੇ ਕੀ ਕਹਿਣਾ ਚਾਹੋਗੇ?

– : ਜਾਅਲਸਾਜ਼ੀਆਂ ਨਾਲ ਭਰੇ ਧਾਰਮਿਕ ਦਿੱਖ ਵਾਲੇ ਗ੍ਰੰਥਾਂ, ਸਿਮ੍ਰਿਤੀਆਂ, ਸ਼ਾਸਤਰਾਂ ਵਿਰੁੱਧ ਰੋਹ-ਵਿਦਰੋਹ 'ਛਾਂਗਿਆ ਰੁੱਖ' ਲਿਖਣ ਵੇਲੇ ਵੀ ਰਿਹਾ ਕਿਉਂਕਿ ਇਹ ਵਿਰਾਸਤ ਵਿਚ ਰੋਮ-ਰੋਮ ਵਿਚ ਰਚਿਆ ਹੋਇਆ ਮਿਲਿਆ ਹੈ। ਗੁੱਸਾ ਵਕਤੀ ਹੁੰਦਾ ਹੈ ਜਦਕਿ ਰੋਹ-ਵਿਦਰੋਹ ਮਨੋਰਥ ਦੀ ਪ੍ਰਾਪਤੀ ਤਕ ਰਹਿੰਦਾ ਹੈ। ਲੋਕਤੰਤਰੀ ਜੁਗਤ ਨਾਲ ਹੀ ਅਸੀਂ 'ਜਾਤ ਮੇਂ ਜਾਤ' ਵਿਚ ਵੰਡੇ ਸਮੂਹ ਸਮਾਜ ਨੂੰ ਮਨੁੱਖੀ ਸਮਤਾ, ਮਨੁੱਖੀ ਗੌਰਵ ਤੇ ਮਨੁੱਖ ਦੀ ਇੱਕਤਾ ਤੇ ਏਕਤਾ ਦੀ ਅਹਿਮੀਅਤ ਸੰਬੰਧੀ ਮਾਨਵਵਾਦੀ ਦ੍ਰਿਸ਼ਟੀ ਦੇ ਤਰਕ ਨਾਲ ਸੰਵਾਦ ਰਚਾ ਸਕਦੇ ਹਾਂ। ਮਨੁੱਖੀ ਰਿਸ਼ਤਿਆਂ ਦੀ ਨਜ਼ਦੀਕੀ ਵਧਾਉਣੀ ਸਮੁੱਚੇ ਸਮਾਜ ਦੀ ਜ਼ਿੰਮੇਵਾਰੀ ਹੈ ਨਾ ਕਿ ਸਿਰਫ ਦਲਿਤਾਂ ਦੀ। ਵਿਤਕਰੇ ਤੇ ਅਨਿਆਂ ਵਾਲੀ ਅਖੌਤੀ ਗੌਰਵਮਈ ਸੰਸਕ੍ਰਿਤੀ ਦੇ ਬਜਰ-ਕਪਾਟ ਮਲੀਆਮੇਟ ਕਰਨਾ ਸਮੇਂ ਦੀ ਲਲਕਾਰ ਹੈ। ਸਾਨੂੰ ਪਤਾ ਹੈ ਕਿ ਘ੍ਰਿਣਾ ਨਾਲ ਘ੍ਰਿਣਾ ਖਤਮ ਨਹੀਂ ਹੋਣੀ। ਪਰ ਕੀ ਕਿਸੇ ਵੱਡੇ ਵਿਦਵਾਨ, ਹਿੰਦੂ ਧਰਮ ਦੇ ਪੈਰੋਕਾਰ ਜਾਂ ਖੱਬੀ ਸੋਚ ਨੂੰ ਪਰਨਾਏ ਸੰਘਰਸ਼ਸ਼ੀਲ ਵਿਚਾਰਵਾਨਾਂ ਨੇ ਸਮਾਜਕ ਵਿਤਕਰੇ ਅਤੇ ਭੂਮੀ ਵੰਡ ਦੇ ਖਿਲਾਫ ਬੀੜਾ ਚੁੱਕਿਆ? ਜੇ ਨਹੀਂ ਤਾਂ ਕੀ ਇਹ ਵਿਵਸਥਾ ਨੂੰ ਜਿਉਂ ਦਾ ਤਿਉਂ ਰੱਖਣ ਵਿਚ ਸਹਾਇਤਾ ਕਰਨਾ ਨਹੀਂ ਹੈ? ਮਾਨਵੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਦਲਿਤ ਲੇਖਕਾਂ ਦੀਆਂ ਰਚਨਾਵਾਂ ਰਾਕਟੀ ਰਫਤਾਰ ਨਾਲ ਸਮਾਜਕ ਪਰਿਵਰਤਨ, ਸਮਾਜਕ ਨਿਆਂ ਅਤੇ ਸਮਤਾ ਲੋਚਦੀਆਂ ਹਨ। ਉੱਚ ਜਾਤੀ ਦੇ ਸਾਰੇ ਲੋਕਾਂ ਦੀ ਮਾਨਸਿਕਤਾ ਇਕੋ ਜਿਹੀ ਨਹੀਂ ਹੁੰਦੀ। ਅੰਬੇਦਕਰ ਦੇ ਕਈ ਸਹਿਯੋਗੀ ਬ੍ਰਾਹਮਣ ਸਨ। ਮੇਰੀ ਸਵੈਜੀਵਨੀ ਵਿਚ ਵੀ 'ਰਿਗਸਤਾਨ ਵਿਚ ਵਗਿਆ ਦਰਿਆ' ਉਸ ਜੱਟ ਪਰਿਵਾਰ ਬਾਰੇ ਹੈ ਜਿਸ ਨੇ ਸਾਡੇ ਜੀਵਨ ਨੂੰ ਸੁਧਾਰਨ ਵਿਚ ਮਾਨਵੀ ਮਿਲਵਰਤਣ ਦਿੱਤਾ। ਮੇਰੀਆਂ ਭੈਣਾਂ ਦੇ ਵਿਆਹਾਂ ਵੇਲੇ ਮੇਰੇ ਮਿੱਤਰ ਪੁਰਸ਼ੋਤਮ ਸ਼ਰਮਾ ਨੇ ਵੱਡੀ ਜ਼ਿੰਮੇਵਾਰੀ ਸੰਭਾਲੀ। ਕਹਿਣ ਦਾ ਮਤਲਬ ਸਾਡੇ ਸਾਰੇ ਸਾਹਿਤਕਾਰਾਂ ਦੀ ਸੋਚ ਵਿਆਪਕ ਹੋਣੀ ਚਾਹੀਦੀ ਹੈ ਨਾ ਕਿ ਸੰਕੀਰਨ। ਵਰਨ-ਵਿਵਸਥਾ ਦੀ ਪੈਰਵੀ ਵਿਚ ਅਚੇਤ-ਸੁਚੇਤ ਪ੍ਰਸ਼ਨ ਪੁੱਛਣੇ ਮਾਨਵੀ ਸੋਚ ਨੂੰ ਨਕਾਰਨ ਦਾ ਯਤਨ ਹੈ।

? : 'ਛਾਂਗਿਆ ਰੁੱਖ' ਅਨੁਸਾਰ ਤੁਹਾਡੇ ਪਿਤਾ ਅੰਬੇਦਕਰ ਸੁਭਾਅ ਵਾਲੇ ਸਨ ਅਤੇ ਖੱਬੇ-ਪੱਖੀਆਂ ਦੇ ਰੋਲ ਨੂੰ ਖੂਬ ਸਮਝਦੇ ਸਨ। ਤੁਸੀਂ ਵੀ ਮੰਨਦੇ ਹੋ: 'ਮੈਨੂੰ ਮਾਰਕਸਵਾਦੀ ਤੇ ਅੰਬੇਦਕਰ ਵਿਚਾਰਧਾਰਾ ਇਕ ਦੂਜੇ ਦੀਆਂ ਪੂਰਕ ਤੇ ਸਹਾਇਕ ਲੱਗੀਆਂ।' ਕੀ ਇਸ ਨੂੰ ਤੁਹਾਡੇ ਵਿਕਾਸ ਦਾ ਅਗਲਾ ਪੜਾਅ ਕਿਹਾ ਜਾ ਸਕਦਾ ਹੈ?

– : ਮਾਰਕਸਵਾਦੀ ਸਿਧਾਂਤ ਬਹੁਤ ਅਹਿਮ ਹੈ, ਜਿਸ ਨੇ ਸਮੁੱਚੇ ਸੰਸਾਰ ਦੀ ਅਮੀਰਾਂ ਤੇ ਗ਼ਰੀਬਾਂ ਵਿਚ ਜਮਾਤੀ ਵੰਡ ਨੂੰ ਚੰਗੀ ਤਰ੍ਹਾਂ ਸਮਝਿਆ ਸਮਝਾਇਆ ਹੈ। ਜੇ ਭਾਰਤੀ ਮਾਕਰਸਵਾਦੀਆਂ ਨੇ ਵਰਨ-ਵਿਵਸਥਾ ਤੇ ਜਾਤ-ਪਾਤ ਦਾ ਨਰਕ ਭੋਗ ਰਹੇ ਪੀੜਤ ਦਲਿਤ ਵਿਅਕਤੀ ਦੀ ਸਥਿਤੀ ਨੂੰ ਸ਼ੁਰੂਆਤੀ ਦੌਰ ਵਿਚ ਆਪਣੇ ਮੈਨੀਫੈਸਟੋ ਵਿਚ ਸ਼ਾਮਲ ਕੀਤਾ ਹੁੰਦਾ ਤਾਂ ਅਸਲੀ ਸਰਵਹਾਰਾ ਲੋਕਾਂ ਦਾ ਜਾਤ-ਰਹਿਤ ਵਰਗ ਬਣ ਜਾਂਦਾ। ਜਦੋਂ ਉੱਚ ਕੁਲ ਦੇ ਅਤੇ ਵੱਡੇ-ਵੱਡੇ ਜ਼ਿਮੀਂਦਾਰ ਹੀ ਸਰਵਹਾਰਾ ਲੋਕਾਂ ਦੇ ਆਗੂ ਬਣ ਗਏ ਤਾਂ ਦੱਬੇ-ਕੁਚਲੇ, ਲਤਾੜੇ ਤੇ ਪਛਾੜੇ ਦਲਿਤਾਂ ਨੇ ਆਪਣੇ ਨਾਲ ਧੋਖਾ ਹੋਇਆ ਮਹਿਸੂਸ ਕੀਤਾ। ਇਸ ਸਥਿਤੀ ਵਿਚ ਦਲਿਤਾਂ ਨੂੰ ਸਮਾਜਕ ਗੌਰਵ ਦਿਵਾਉਣ ਲਈ ਉਹਨਾਂ ਵਿਚੋਂ ਹੀ ਕਿਸੇ ਦਾ ਉੱਠਣਾ ਸੁਭਾਵਕ ਸੀ। ਇਉਂ ਅੰਬੇਦਕਰਵਾਦੀ ਵਿਚਾਰਧਾਰਾ ਨੇ ਸਮਾਜਕ ਬਰਾਬਰੀ ਅਤੇ ਅਧਿਕਾਰ-ਚੇਤਨਾ ਦੇ ਪਸਾਰੇ ਲਈ ਬੀੜਾ ਚੁੱਕਿਆ। ਇਸ ਦ੍ਰਿਸ਼ਟੀ ਤੋਂ ਹੁਣ ਭਾਰਤੀ ਸਾਹਿਤ ਵਿਚ ਦਲਿਤ ਵਿਅਕਤੀ ਕੇਂਦਰ

ਵਿਚ ਆ ਰਿਹਾ ਹੈ। ਵਰਤਮਾਨ ਸਦੀ ਦਲਿਤ ਸਾਹਿਤ ਦੀ ਹੈ ਅਤੇ ਮੁੱਖਧਾਰਾ ਵੀ ਹੈ। ਮੈਂ ਮਾਰਕਸਵਾਦ ਨੂੰ ਤਿਲਾਂਜਲੀ ਨਹੀਂ ਦਿੱਤੀ-ਅਖੌਤੀ ਤੇ ਪਰੰਪਰਕ ਭਾਰਤੀ ਮਾਰਕਸਵਾਦੀ ਚਿੰਤਕਾਂ ਤੋਂ ਖਹਿੜਾ ਛੁਡਾਇਆ ਹੈ। ਇਸ ਨੂੰ ਮੇਰੇ ਵਿਕਾਸ ਦਾ ਅਗਲਾ ਪੜਾਅ ਕਹੋ ਜਾਂ ਕੁਝ ਹੋਰ-ਇਹ ਤੁਹਾਡੀ ਧਾਰਨਾ ਹੈ।

? : ਤੁਸੀਂ ਸਵੈਜੀਵਨੀ ਵਿਚ ਜੀਵਨ ਦੇ 45 ਸਾਲਾਂ ਦੀ ਪੇਸ਼ਕਾਰੀ ਕੀਤੀ ਹੈ। ਕੋਈ ਅਜਿਹੀ ਘਟਨਾ ਜੋ ਕਿਸੇ ਵੀ ਵਜਾਹ ਕਰਕੇ ਪੁਸਤਕ ਵਿਚ ਸ਼ਾਮਲ ਨਾ ਕੀਤੀ ਜਾ ਸਕੀ ਹੋਵੇ?

– : 'ਛਾਂਗਿਆ ਰੁੱਖ' ਵਿਚ ਮੈਂ ਆਪਣੀ ਸਮਰੱਥਾ ਮੁਜਬ ਉਹਨਾਂ ਘਟਨਾਵਾਂ ਨੂੰ ਤਰਜੀਹ ਦੇਣ ਦੀ ਕੋਸ਼ਿਸ਼ ਕੀਤੀ ਹੈ ਜੋ ਸਮਾਜਕ ਸਰੋਕਾਰਾਂ ਅਤੇ ਦਲਿਤ ਦ੍ਰਿਸ਼ਟੀ ਦੇ ਅਨੁਕੂਲ ਸਨ। ਅਨੇਕ ਛੋਟੀਆਂ-ਛੋਟੀਆਂ ਗੱਲਾਂ, ਗ਼ਲਤੀਆਂ, ਆਪਣੀਆਂ ਨਾਲਾਇਕੀਆਂ ਤੇ ਬੇਵਕੂਫੀਆਂ ਵੱਲ ਮੈਂ ਤਵੱਜੋਂ ਨਹੀਂ ਦਿੱਤੀ। ਗੁਨਾਹ ਵਰਗੀ ਕੋਈ ਗੱਲ ਹੁੰਦੀ ਤਾਂ ਮੈਂ ਹੁਣ ਵੀ ਦੱਸ ਦਿੰਦਾ। ਇਸ ਕਰਕੇ ਮੈਂ ਅਕਸਰ ਕਹਿੰਦਾ ਹਾਂ ਕਿ ਦਲਿਤ ਜੀਵਨ ਵਿਚ ਕੰਡਿਆਲੀਆਂ ਝਾੜੀਆਂ ਵਲੂੰਧਰਨ ਲਈ ਹੁੰਦੀਆਂ ਹਨ।

? : ਤੁਹਾਡੀ ਮਾਨਸਿਕਤਾ ਵਿਚ ਰੁੱਖ ਦਾ ਬੜਾ ਸਥਾਨ ਲੱਗਦੈ। 'ਮਾਰੂਥਲ ਦਾ ਬਿਰਖ' (ਕਾਵਿ ਸੰਗ੍ਰਹਿ), 'ਛਾਂਗਿਆ ਰੁੱਖ' (ਸਵੈਜੀਵਨੀ) ਅਤੇ ਇਸ ਵਿਚ ਤੁਸੀਂ ਆਪਣੇ ਵਿਹੜੇ ਵਿਚ ਅੰਬ ਦਾ ਬੂਟਾ ਲਾਉਣ ਦੀ ਗੱਲ ਕਰਦੇ ਹੋ?

– : ਰੁੱਖ ਵਾਲੀ ਗੱਲ ਤੁਸੀਂ ਚੰਗੀ ਕੀਤੀ। ਵਾਸਤਵ ਵਿਚ ਰੁੱਖ ਤੇ ਮਨੁੱਖ ਦੀ ਆਪਸੀ ਸਾਂਝ ਨੇ ਮੇਰੇ ਮਨ-ਮਸਤਕ ਵਿਚ ਘਰ ਕੀਤਾ ਹੋਇਆ ਹੈ। ਰੁੱਖ ਲਤਾੜੇ ਮਨੁੱਖ ਦਾ ਵਧੀਆ ਪ੍ਰਤੀਕ ਹੈ। ਰੁੱਖ ਮੈਨੂੰ ਕਈ ਵਾਰ ਦਲਿਤ ਮਨੁੱਖ ਮਹਿਸੂਸ ਹੁੰਦਾ ਹੈ ਜੋ ਸਿਖਰਾਂ ਦੀਆਂ ਗਰਮ-ਸਰਦ ਰੁੱਤਾਂ ਤੇ ਝੱਖੜਾਂ-ਤੂਫਾਨਾਂ ਨੂੰ ਇਕ ਥਾਂ ਖੜ੍ਹਾ ਝੱਲਦਾ ਰਹਿੰਦਾ ਵੀ ਅਡੋਲ ਰਹਿ ਕੇ ਸਿਰ ਉੱਚਾ ਕਰਕੇ ਵਧਦਾ ਰਹਿੰਦਾ ਹੈ। ਗਰਮੀਆਂ ਵਿਚ ਛਾਂ, ਮੀਂਹ ਨ੍ਹੇਰੀ ਵਿਚ ਪਨਾਹ ਤੇ ਜੀਵਨ ਨੂੰ ਬਰਕਰਾਰ ਰੱਖਣ ਲਈ ਆਕਸੀਜਨ ਪ੍ਰਦਾਨ ਕਰਦਾ ਹੈ। ਪਰ ਨਾ-ਸ਼ੁਕਰਾ 'ਮਨੁੱਖ' ਉਸ ਦੇ ਪੱਤੇ ਝੜ੍ਹ ਕੇ, ਟਾਹਣੀਆਂ ਕੱਟ-ਵੱਢ ਕੇ ਜਾਂ ਬਿਜਲੀ ਮੁਹੱਈਆ ਕਰਾਉਣ ਵਾਲਿਆਂ ਵਾਂਗ ਉਸ ਦਾ ਸਿਰ ਹੀ ਵੱਢ ਦਿੰਦਾ ਹੈ-ਤਾਂ ਵੀ ਰੁੱਖ ਲਗਰਾਂ ਛੱਡਦਾ ਹੋਇਆ ਮਨੁੱਖ ਨੂੰ ਛਾਂ ਦੇਣੀ ਆਪਣਾ ਧਰਮ ਸਮਝਦਾ ਹੈ। ਇਉਂ ਦੇਖੀਏ ਤਾਂ ਦਲਿਤ ਖੇਤੀਬਾੜੀ, ਹਰ ਤਰ੍ਹਾਂ ਦੀ ਉਸਾਰੀ ਅਤੇ ਉਤਪਾਦਨ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ, ਫਿਰ ਵੀ ਦੁਰਕਾਰਿਆ ਜਾਂਦਾ ਹੈ ਅਤੇ ਉਸ ਨੂੰ ਪ੍ਰਫੁਲਤ ਹੋਣ ਦਾ ਮੌਕਾ ਨਹੀਂ ਦਿੱਤਾ ਜਾਂਦਾ। ਭਾਰਤ ਦੇ ਪ੍ਰਸੰਗ ਵਿਚ 'ਰਹਿਨੇ ਕੋ ਘਰ ਨਹੀਂ ਹੈ ਸਾਰਾ ਜਹਾਂ ਹਮਾਰਾ' ਗੀਤ ਕਿੰਨਾ ਢੁਕਵਾਂ ਹੈ।

? : ਡਾ. ਸ਼ਿਓਰਾਜ ਸਿੰਘ ਬੇਚੈਨ ਦਾ ਕਥਨ ਹੈ, 'ਹਿੰਦੀ-ਪੰਜਾਬੀ ਦੇ ਗ਼ੈਰ-ਦਲਿਤ ਸਾਹਿਤਕਾਰਾਂ, ਸਾਹਿਤਕ ਸੰਗਠਨਾਂ, ਮੰਚਾਂ ਤੇ ਅਕਾਦਮਿਕ ਅਦਾਰਿਆਂ ਨੇ ਦਲਿਤ ਸਮੱਸਿਆ ਨੂੰ ਸਮਝਿਆ ਹੀ ਨਹੀਂ।' ਪੰਜਾਬੀ ਵਿਚ ਗੁਰਦਿਆਲ ਸਿੰਘ ਨੇ 'ਮੜ੍ਹੀ ਦਾ ਦੀਵਾ' ਲਿਖਿਆ- ਹੋਰ ਗ਼ੈਰ ਦਲਿਤ ਲੇਖਕਾਂ ਨੇ ਵੀ ਦਲਿਤ ਸਾਹਿਤ ਲਿਖਿਆ। ਕੀ ਦਲਿਤ ਸਾਹਿਤ ਲਿਖਣ ਦੇ ਲਈ ਦਲਿਤ ਹੋਣਾ ਜ਼ਰੂਰੀ ਹੈ?

– : ਦਲਿਤ ਵਿਚਾਰਧਾਰਾ ਤੇ ਦਲਿਤ ਸਾਹਿਤ ਦੀ ਧਾਰਨਾ ਪ੍ਰਤੀ ਕੁਝ ਗ਼ੈਰ ਦਲਿਤ ਸਾਹਿਤਕਾਰ ਪਹਿਲਾਂ ਨਾਲੋਂ ਸੰਜੀਦਾ ਸੋਚ ਰੱਖਣ ਵੱਲ ਰੁਚਿਤ ਹੋਏ ਹਨ। ਦਲਿਤ ਸਾਹਿਤ ਨੇ ਅਕੈਡਮੀਸ਼ਨਾਂ, ਪਾਠਕਾਂ ਤੇ ਸਮਾਜ ਦੇ ਸਾਰੇ ਵਰਗਾਂ ਨੂੰ ਆਪਣੇ ਯਥਾਰਥ ਨਾਲ ਪ੍ਰਭਾਵਤ ਕੀਤਾ ਹੈ। ਐਪਰ ਸਮਾਜਕ ਬਣਤਰ ਸੰਬੰਧੀ ਓਪਰੀ ਜਿਹੀ ਸੂਝ ਨਾਲ ਇਸ ਗੁੰਝਲਦਾਰ ਸਮੱਸਿਆ ਤੇ ਇਸ ਪਿੱਛੇ ਲੁਕੀ ਸਵਾਰਥੀ, ਮਕਾਰੀ ਤੇ ਦੰਭੀ ਰਾਜਸੀ ਚਾਲ ਨੂੰ ਸਮਝਣਾ ਮੁਸ਼ਕਲ ਹੈ। ਕਈ ਸੰਗਠਨ ਅਜੇ

ਵੀ 'ਮਨੂ ਜੀ ਮਹਾਰਾਜ' ਤੇ 'ਮਨੂ ਸਿਮ੍ਰਤੀ' ਦੇ ਨਾਂ ਉੱਤੇ ਕੰਮ ਕਰ ਰਹੇ ਹਨ। ਕੀ ਇਹ ਫਿਰਕੂ ਜਨੂਨ ਤੇ ਕੱਟੜਵਾਦੀ ਸੋਚ ਦਾ ਫੈਲਾਅ ਨਹੀਂ? ਕਬੀਰ ਸਾਹਿਬ ਨੇ ਅਜਿਹੇ ਗ੍ਰੰਥਾਂ ਬਾਰੇ ਲਿਖਿਆ ਹੈ: *ਬੇਦ ਕੀ ਪੁਤ੍ਰੀ ਸਿੰਮ੍ਰਿਤੀ ਭਾਈ। ਸਾਂਕਲ ਜੇਵਰੀ ਲੈ ਹੈ ਆਈ।* ਰਹੀ ਗੱਲ ਗੁਰਦਿਆਲ ਸਿੰਘ ਹੁਰਾਂ ਦੀ-ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਭ ਕੰਮੀ-ਕਮੀਨ ਬਰਾਦਰੀਆਂ ਸ਼ੂਦਰ ਵੰਨਗੀ ਵਿਚ ਸ਼ਾਮਲ ਹਨ, ਜਿਹਨਾਂ ਨੂੰ ਸਿਰਫ ਸੇਵਾ ਅਧਿਕਾਰ ਪ੍ਰਾਪਤ ਹੈ, ਉਪਰਲੇ ਤਿੰਨਾਂ ਵਰਣਾਂ ਲਈ। ਗੁਰਦਿਆਲ ਸਿੰਘ ਨੇ ਜਿਸ ਸੂਝ ਨਾਲ ਕੰਮ ਕੀਤਾ- ਉਹ ਸਾਹਿਤਕਾਰਾਂ ਲਈ ਇਕ ਸੇਧ ਹੈ। ਉਹਨਾਂ ਮੈਨੂੰ ਕਈ ਵਾਰ ਆਖਿਆ ਕਿ ਜਿਸ ਸੋਚ ਨਾਲ ਮੈਂ 'ਮੜ੍ਹੀ ਦਾ ਦੀਵਾ' ਲਿਖਿਆ-ਉਸ ਸੋਚ ਨੂੰ ਅੱਗੇ ਵਧਾਉਣ ਵਿਚ 'ਛਾਂਗਿਆ ਰੁੱਖ' ਤੇਰੀ ਸਵੈਜੀਵਨੀ ਆਈ ਹੈ। ਉਹਨਾਂ ਇਹ ਵੀ ਕਿਹਾ ਕਿ ਹੁਣ ਮੈਨੂੰ ਤੇਰੇ ਸਮੇਤ ਕੁਝ ਮੇਰੇ ਵਾਰਿਸ ਮਿਲ ਗਏ ਹਨ। ਅਗਲੀ ਗੱਲ ਇਹ ਕਿ ਜੱਟ ਵੀ ਸ਼ੂਦਰਾਂ ਵਿਚ ਸ਼ਾਮਲ ਹਨ। ਪਰ ਪੰਜਾਬ ਵਿਚ ਉਹ ਜ਼ਮੀਨ ਦੇ ਮਾਲਕ ਹੋਣ ਨਾਲ ਅਤੇ ਸਿੱਖ ਧਰਮ-ਵਿਵਸਥਾ ਉੱਤੇ ਕਬਜ਼ਾ ਕਰ ਲੈਣ ਕਰਕੇ ਆਪਣੇ-ਆਪ ਨੂੰ ਇਸ ਕਲੰਕ ਤੋਂ ਮੁਕਤ ਕਰ ਗਏ ਹਨ। ਉਹ ਬ੍ਰਾਹਮਣਵਾਦੀ ਵਿਵਸਥਾ ਦਾ ਹੱਥਠੋਕਾ ਬਣ ਗਏ ਹਨ ਤੇ ਬਹੁਤੇ ਉਸੇ ਤਰ੍ਹਾਂ ਦਾ ਵਰਤਾਅ ਕਰਦੇ ਹਨ ਜਿਵੇਂ ਪਹਿਲਾਂ ਉਹਨਾਂ ਨਾਲ ਵਰਣ-ਵਿਵਸਥਾ ਦੇ ਪੈਰੋਕਾਰ ਕਰਦੇ ਰਹੇ ਹਨ। ਜੋ ਗੱਲ ਤੁਸੀਂ ਗ਼ੈਰ-ਦਲਿਤਾਂ ਵੱਲੋਂ ਲਿਖੇ ਦਲਿਤ ਸਾਹਿਤ ਦੀ ਕੀਤੀ ਹੈ-ਅਜਿਹਾ ਲਿਖਣ ਬਾਰੇ ਕਿਸੇ ਨੂੰ ਕੋਈ ਮਨਾਹੀ ਨਹੀਂ। ਦੇਖਣ ਵਾਲੀ ਗੱਲ ਤਾਂ ਉਸ ਅੰਦਰਲੀ ਸੁਹਿਰਦਤਾ ਤੇ ਸੰਜੀਦਗੀ ਦੀ ਹੈ। ਅਜੇ ਤਕ ਗ਼ੈਰ-ਦਲਿਤਾਂ ਵੱਲੋਂ ਲਿਖਿਆ ਦਲਿਤ ਸਾਹਿਤ ਇਸ ਵੰਨਗੀ ਵਿਚ ਸ਼ਾਮਲ ਨਹੀਂ ਹੋ ਸਕਿਆ। ਦਲਿਤ ਵੱਲੋਂ ਸਾਹਿਤ ਲਿਖੇ ਜਾਣ ਨਾਲ ਉਸ ਵਿਚ ਯਥਾਰਥਵਾਦੀ ਪਹੁੰਚ ਤੇ ਸ਼ੈਲੀ ਸਹਿਤ ਜ਼ਿੰਦਗੀ ਦਾ ਸਿੱਧਾ ਤਲਖ ਤਜਰਬਾ ਰਚਨਾ ਵਿਚ ਆ ਜਾਂਦਾ ਹੈ। ਕਲਪਨਾ ਸਹਾਰੇ ਲਿਖਿਆ ਸਾਹਿਤ ਸਮਾਜ ਦਾ ਦਰਪਣ ਨਹੀਂ ਹੋ ਸਕਦਾ, ਕਈ ਹਾਲਤਾਂ ਵਿਚ ਦਲਿਤ-ਹਿਤੈਸ਼ੀ ਹੋਣ ਦਾ ਢਕਵੰਜ ਹੋ ਸਕਦਾ ਹੈ।

? : ਕੀ ਇਹ ਇਤਫਾਕ ਹੈ ਕਿ ਦਲਿਤ ਸਾਹਿਤ ਵਿਚ ਹੋਰ ਵਿਧਾਵਾਂ ਨਾਲੋਂ ਸਵੈਜੀਵਨੀ ਜ਼ਿਆਦਾ ਚਰਚਤ ਹੋਈ ਹੈ?

– : ਕਵਿਤਾ ਤੇ ਸਵੈਜੀਵਨੀ ਦਲਿਤ ਸਾਹਿਤ ਦੀਆਂ ਵਧੇਰੇ ਮਕਬੂਲ ਵਿਧਾਵਾਂ ਹਨ। ਸਵੈਜੀਵਨੀਆਂ ਨੇ ਸਮਾਜਕ ਕੋਝਾਂ ਨੂੰ ਨੰਗਾ ਕੀਤਾ ਹੈ। ਪਰਪੰਚੀ ਸਾਹਿਤਕ ਚਾਲਾਂ ਨੂੰ ਝੁਠਲਾਇਆ ਹੈ। ਕਲਪਤ, ਥੋਥਾ ਮਨੋਰੰਜਨ ਅਤੇ ਵਕਤੀ ਸ਼ੁਹਰਤ ਲੈਣ ਵਾਲੀਆਂ ਪੁਸਤਕਾਂ ਇਸ ਸਾਹਮਣੇ ਟਿਕ ਨਹੀਂ ਸਕੀਆਂ, ਉਹ ਅਤੀਤ ਦਾ ਹਿੱਸਾ ਬਣਦੀਆਂ ਜਾ ਰਹੀਆਂ ਹਨ। ਸੱਚ ਦੀ ਆਵਾਜ਼ ਹਮੇਸ਼ਾਂ ਬੁਲੰਦ ਹੁੰਦੀ ਹੈ। ਫੁੱਲ ਦੀ ਸੁਗੰਧ ਹਵਾ ਦੇ ਰੁਖ ਅਨੁਸਾਰ ਫੈਲਦੀ ਹੈ ਜਦਕਿ ਈਮਾਨਦਾਰੀ ਨਾਲ ਲਿਖੇ ਸਾਹਿਤ ਦੀ ਸੁਗੰਧ ਚੁਫੇਰੇ ਦੂਰ-ਦੂਰ ਤਕ ਫੈਲਦੀ ਹੈ। ਸੋ, ਵਿਸ਼ੇਸ਼ ਤੌਰ 'ਤੇ ਸਵੈਜੀਵਨੀਆਂ ਦਾ ਚਰਚਾ ਉਦੋਂ ਤਕ ਰਹੇਗਾ ਜਦੋਂ ਤਕ ਮਾਨਵੀ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਨਹੀਂ ਹੋ ਜਾਂਦੀ।

? : ਸ਼ਰਣ ਕੁਮਾਰ ਲਿੰਬਾਲੇ (ਅਕਰਮਾਸ਼ੀ) ਇਕ ਮੁਲਾਕਾਤ ਵਿਚ ਕਹਿੰਦੇ ਕਿ 'ਦਲਿਤ ਸਾਹਿਤ ਹਿੰਦੀ ਸਾਹਿਤ ਤੋਂ ਅਲੱਗ ਹੈ।' ਇਸ ਪ੍ਰਸੰਗ ਵਿਚ ਪੰਜਾਬੀ ਸਾਹਿਤ ਬਾਰੇ ਤੁਹਾਡੀ ਕੀ ਰਾਇ ਹੈ?

– : ਬਹੁਤਾ ਹਿੰਦੀ ਸਾਹਿਤ ਸੰਸਕ੍ਰਿਤ ਤੇ ਉਸ ਦੀ ਸੰਸਕ੍ਰਿਤੀ ਦਾ ਪ੍ਰਛਾਵਾਂ ਹੀ ਹੈ। ਕਈ ਪੱਖਾਂ ਤੋਂ ਪਛੜਿਆ ਹੋਇਆ ਤੇ ਪਰਿਵਰਤਨ ਦੀ ਧਾਰਣਾ ਤੋਂ ਸੱਖਣਾ ਹੈ। ਸਮਾਜਕ ਅਧਿਕਾਰ-ਚੇਤਨਾ ਸਿਰਫ ਦਲਿਤ ਸਾਹਿਤ ਵਿਚ ਹੋਣ ਕਰਕੇ ਇਹ ਬਾਕੀਆਂ ਨਾਲੋਂ ਵੱਖ ਸਮਝਿਆ ਜਾਂਦਾ ਹੈ। ਪੰਜਾਬੀ ਸਾਹਿਤ ਦੀ ਆਮ ਸੁਰ ਅਗਾਂਹਵਧੂ ਹੈ ਜੋ ਕਿ ਕਿਸਾਨੀ ਤਕ ਸੀਮਤ ਰਹੀ। ਇਹੋ ਇਸ ਦੀ ਕੰਗਾਲੀ ਤੇ ਮੰਦਹਾਲੀ ਦੀ ਵਜ੍ਹਾ ਬਣੀ। ਹੁਣ ਤੇਜ਼ੀ ਨਾਲ ਦਲਿਤ ਸਾਹਿਤ ਇਸ ਦੀ ਥਾਂ ਲੈ

ਰਿਹਾ ਹੈ ਜੋ ਸਮਾਜਕ ਬਰਾਬਰੀ ਨੂੰ ਪਹਿਲ ਤੇ ਆਰਥਿਕਤਾ ਨੂੰ ਦੂਜਾ ਸਥਾਨ ਦਿੰਦਾ ਹੈ।

? : ਭਾਵੇਂ ਕਈ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਦਲਿਤ ਟੈਕਸਟ ਮੰਨਦੇ ਹਨ ਕਿਉਂਕਿ ਗੁਰੂ ਸਾਹਿਬਾਨ ਨੇ ਲੋਕਾਂ ਦੀ ਗੱਲ ਕੀਤੀ ਹੈ ਪਰ ਪੰਜਾਬੀ ਸਾਹਿਤ ਵਿਚ ਬਾਕਾਇਦਾ ਦਲਿਤ ਸਾਹਿਤ ਦੀ ਸ਼ੁਰੂਆਤ ਕਿੱਥੋਂ ਹੁੰਦੀ ਹੈ? ਮੇਰਾ ਭਾਵ ਪੁਸਤਕ ਤੋਂ ਹੈ?

– : ਸੰਤਾਂ-ਭਗਤਾਂ ਤੇ ਗੁਰੂਆਂ ਦੀ ਰਚਨਾ ਦਾ ਮੰਤਵ ਤੇ ਮਨੋਰਥ ਇਕ ਹੈ। ਭਗਤੀ ਲਹਿਰ ਗੁਰਮਤਿ ਵਿਚਾਰਧਾਰਾ ਦਾ ਨਿੱਗਰ ਆਧਾਰ ਹੋ ਨਿਬੜੀ। ਇਸੇ ਚੇਤਨਾ-ਪਸਾਰੇ ਸਦਕਾ ਅੱਜੋਕੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਲਿਤ ਟੈਕਸਟ ਆਖਿਆ ਜਾਂਦਾ ਹੈ। ਬੁੱਧ ਸਾਹਿਤ, ਚਾਰਵਾਕ ਦਰਸ਼ਨ ਅਤੇ ਨਾਥ ਪੰਥੀ ਸਾਹਿਤ ਇਸ ਤੋਂ ਪਹਿਲਾਂ ਦੀਆਂ ਦਲਿਤ ਸਾਹਿਤ- ਚੇਤਨਾ ਦੀਆਂ ਕੜੀਆਂ ਹਨ। ਪੰਜਾਬੀ ਵਿਚ ਆਦਿ ਗ੍ਰੰਥ ਤੋਂ ਪਹਿਲਾਂ ਦੇ ਦਲਿਤ ਚੇਤਨਾ ਦੇ ਕਿਸੇ ਗ੍ਰੰਥ ਜਾਂ ਪੁਸਤਕ ਦੇ ਹੋਣ ਦੀ ਮੈਨੂੰ ਜਾਣਕਾਰੀ ਨਹੀਂ।

? : ਸਵੈਜੀਵਨੀ ਪੁਸਤਕ 'ਛਾਂਗਿਆ ਰੁੱਖ' ਕਰਕੇ ਤੁਹਾਡੀ ਨਿੱਗਰ ਪਛਾਣ ਇਕ ਵਾਰਤਕਕਾਰ ਵਜੋਂ ਬਣੀ। ਕੀ ਹੁਣ ਸਵੈਜੀਵਨੀ ਦਾ ਅਗਲਾ ਹਿੱਸਾ ਵੀ ਲਿਖੋਗੇ?

– : 'ਛਾਂਗਿਆ ਰੁੱਖ' ਦਾ ਦੂਜਾ ਭਾਗ ਲਿਖਣ ਦਾ ਬਹੁਤਾ ਵਿਚਾਰ ਨਹੀਂ। ਬਹੁਤ ਹੀ ਸ਼ਿੱਦਤ ਨਾਲ ਲਿਖੇ ਜਾਣ ਵਾਲੀਆਂ ਮੇਰੇ ਕੋਲ ਹੁਣ ਬਹੁਤੀਆਂ ਘਟਨਾਵਾਂ ਬਚੀਆਂ ਨਹੀਂ ਹਨ।

? : ਤੁਸੀਂ 'ਯੋਜਨਾ' (ਪੰਜਾਬੀ) ਦੇ ਸੰਪਾਦਕ ਹੋ – ਦੋ ਦਹਾਕਿਆਂ ਤੋਂ ਦਿੱਲੀ ਰਹਿ ਰਹੇ ਹੋ- ਹੁਣ ਤਾਂ ਜ਼ਿੰਦਗੀ ਵਿਚ ਸਕੂਨ ਹੋਵੇਗਾ ਕਿ ਹਾਲੇ ਨਹੀਂ...?

– : ਸਰਕਾਰੀ ਨੌਕਰੀ ਕਰ ਰਿਹਾ ਹਾਂ – ਇਹ ਤੱਥ ਬੇਰੁਜ਼ਗਾਰੀ ਦੇ ਜੁਗ ਵਿਚ ਸਕੂਨ ਦਿੰਦਾ ਹੈ। ਪਰ ਮੇਰਾ ਲਿਖਣ ਨਿੱਜ ਤਕ ਸੀਮਿਤ ਨਹੀਂ। ਮੈਂ ਸਮੂਹ ਸਮਾਜ, ਵਿਸ਼ੇਸ਼ ਤੌਰ 'ਤੇ ਦਲਿਤ ਸਮਾਜ ਨੂੰ ਅਧਿਕਾਰ ਭਰਪੂਰ ਦੇਖਣਾ ਚਾਹੁੰਦਾ ਹਾਂ। ਕੁਝ ਕੁ ਦਲਿਤਾਂ ਦੀ ਖੁਸ਼ਹਾਲੀ ਨੂੰ ਸਮੁੱਚੇ ਦਲਿਤ ਲੋਕਾਂ ਦੀ ਤਸਵੀਰ ਵਜੋਂ ਨਹੀਂ ਦੇਖਣਾ ਚਾਹੀਦਾ। ਇਹ ਲੰਬੀ ਲੜਾਈ ਹੈ। ਸ੍ਰੀ ਗੁਰੂ ਰਵਿਦਾਸ ਦਾ ਸ਼ਲੋਕ ਚੇਤੇ ਆ ਰਿਹਾ ਹੈ:

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ॥
ਛੋਟੇ ਬੜੇ ਸਭ ਸਮ ਬਸੈਂ, ਰਵਿਦਾਸ ਰਹੇ ਪ੍ਰਸੰਨ॥

? : 'ਛਾਂਗਿਆ ਰੁੱਖ' ਪੰਜਾਬੀ ਵਿਚ ਵੱਡੇ ਪੱਧਰ 'ਤੇ ਪੜ੍ਹੀ ਗਈ। ਦੂਜੀਆਂ ਭਾਸ਼ਾਵਾਂ ਵਿਚ ਇਸ ਦੇ ਅਨੁਵਾਦ ਦੀ ਕੀ ਸੰਭਾਵਨਾ ਹੈ?

– : ਇਸ ਦੇ ਪੰਜ ਸੰਸਕਰਣ ਛਪ ਚੁੱਕੇ ਹਨ। ਹਿੰਦੀ ਵਿਚ ਪਿਛਲੇ ਸਾਲ ਵਾਣੀ ਪ੍ਰਕਾਸ਼ਨ ਨੇ ਇਸ ਨੂੰ ਛਾਪਿਆ। ਔਕਸਫੋਰਡ ਯੂਨੀਵਰਸਿਟੀ ਪ੍ਰੈੱਸ ਵੱਲੋਂ ਅੰਗਰੇਜ਼ੀ ਅਨੁਵਾਦ ਛੇਤੀ ਹੀ ਮਾਰਕੀਟ ਵਿਚ ਉਪਲਬਧ ਹੋ ਜਾਵੇਗਾ। ਲਾਹੌਰ ਦੇ ਪੰਚਮ ਪ੍ਰਕਾਸ਼ਨ ਵੱਲੋਂ ਸ਼ਾਹਮੁਖੀ ਵਿਚ ਪੁਸਤਕ ਇਹਨਾਂ ਦਿਨਾਂ ਵਿਚ ਆ ਰਹੀ ਹੈ। ਮਰਾਠੀ ਵਿਚ ਪੁਸਤਕ ਦਾ ਅੱਧਾ ਹਿੱਸਾ ਅਨੁਵਾਦ ਹੋ ਚੁੱਕਾ ਹੈ। ਉਂਝ ਅਮਰੀਕਾ, ਨਿਊਜ਼ੀਲੈਂਡ ਤੇ ਪਾਕਿਸਤਾਨ ਦੀਆਂ ਅਖਬਾਰਾਂ 'ਪੰਜਾਬ ਐਕਸਪ੍ਰੈਸ', 'ਕੂਕ ਪੰਜਾਬ' ਅਤੇ 'ਪੰਚਮ' ਵਿਚ ਇਹ ਲੜੀਵਾਰ ਛਪ ਚੁੱਕੀ ਹੈ। ਕੁਝ ਅੰਸ਼ ਤਹਿਲਕਾ ਅੰਗਰੇਜ਼ੀ ਨੇ ਛਾਪੇ ਹਨ।

? : ਇਕ ਫਿਕਰੇ ਵਿਚ ਆਖਰੀ ਗੱਲ?

– : ਦਲਿਤ ਸਮੱਸਿਆ ਨੂੰ ਸਮਝਣ ਲਈ ਅੰਬੇਦਕਰਵਾਦੀ ਸਾਹਿਤ ਦੀ ਡੂੰਘੀ ਜਾਣਕਾਰੀ ਜ਼ਰੂਰੀ ਹੈ। □□

[ਬੀ IV/814, ਦਸ਼ਮੇਸ਼ ਗਲੀ, ਨੇੜੇ ਗਾਂਧੀ ਆਰੀਆ ਹਾਈ ਸਕੂਲ, ਬਰਨਾਲਾ-148 101]

ਕਹਾਣੀਕਾਰ ਕੁਲਵੰਤ ਸਿੰਘ ਵਿਰਕ

ਰਘਬੀਰ ਸਿੰਘ

[ਹੱਥਲਾ ਖੋਜ-ਪੱਤਰ ਕੁਲਵੰਤ ਸਿੰਘ ਵਿਰਕ ਯਾਦਗਾਰੀ ਕਮੇਟੀ ਵੱਲੋਂ ਉਸ ਦੇ 80ਵੇਂ ਜਨਮ ਦਿਨ ਦੇ ਮੌਕੇ ਕਰਵਾਏ ਗਏ ਸਮਾਗਮਾਂ ਦੀ ਲੜੀ ਅਧੀਨ ਦਸੰਬਰ 2007 ਵਿਚ ਪੰਜਾਬੀ ਭਵਨ ਦਿੱਲੀ ਵਿਖੇ ਹੋਏ ਸੈਮੀਨਾਰ ਵਿਚ ਪੜ੍ਹਿਆ ਗਿਆ ਸੀ। ਇਸ ਸੈਮੀਨਾਰ ਦੀ ਪ੍ਰਧਾਨਗੀ ਕਰਤਾਰ ਸਿੰਘ ਦੁੱਗਲ ਨੇ ਕੀਤੀ ਸੀ।]

ਪੰਜਾਬੀ ਵਿਚ ਆਧੁਨਿਕ ਨਿੱਕੀ ਕਹਾਣੀ ਨੂੰ ਇਸਦੇ ਸਾਰੇ ਕਲਾਤਮਕ ਪਹਿਲੂਆਂ ਸਮੇਤ ਇਕ ਸ਼ਾਨਦਾਰ ਆਰੰਭ ਭਾਵੇਂ ਸੰਤ ਸਿੰਘ ਸੇਖੋਂ ਅਤੇ ਕਰਤਾਰ ਸਿੰਘ ਦੁੱਗਲ ਵਰਗੇ ਸਿਰਜਕਾਂ ਨੇ ਹੀ ਦੁਆਇਆ। ਪਰ ਸਾਡੀ ਜ਼ੁਬਾਨ ਵਿਚ ਪ੍ਰਮਾਣੀਕ ਕਹਾਣੀਕਾਰ ਵਜੋਂ ਜੇ ਕਿਸੇ ਇਕ ਲੇਖਕ ਦੀ ਪਛਾਣ ਕਰਨੀ ਹੋਵੇ ਤਾਂ ਉਹ ਅਵੱਸ਼ ਕੁਲਵੰਤ ਸਿੰਘ ਵਿਰਕ ਹੀ ਹੈ। ਜਿੱਥੇ ਹੋਰ ਲੇਖਕ ਆਪਣੀ ਰਚਨਾਤਮਕ ਸਰਗਰਮੀ ਨੂੰ ਹੋਰਨਾਂ ਵਿਧਾਵਾਂ ਵਿਚ ਲੈ ਜਾਂਦੇ ਰਹੇ ਹਨ, ਜਿਵੇਂ ਸਾਡੀ ਜ਼ੁਬਾਨ ਵਿਚ ਗਿਣਤੀ ਅਤੇ ਵੰਨਗੀ ਦੇ ਪੱਖ ਤੋਂ ਕਹਾਣੀਆਂ ਲਿਖਣ ਵਿਚ ਪ੍ਰਮੁਖਤਾ ਕਰਤਾਰ ਸਿੰਘ ਦੁੱਗਲ ਨੂੰ ਹਾਸਲ ਹੈ ਪਰ ਦੁੱਗਲ ਦੀ ਸਿਰਜਣਾਤਮਕਤਾ ਦਾ ਘੇਰਾ ਕਹਾਣੀ ਤਕ ਸੀਮਤ ਨਹੀਂ , ਉਹ ਨਾਵਲਕਾਰ, ਨਾਟਕਕਾਰ, ਕਵੀ, ਵਾਰਤਕ ਲੇਖਕ ਬਹੁਤ ਕੁਝ ਹੈ। ਇਹੀ ਗੱਲ ਸੰਤੋਖ ਸਿੰਘ ਧੀਰ ਵਰਗੇ ਪ੍ਰਤਿਸ਼ਠਤ ਕਹਾਣੀਕਾਰਾਂ ਬਾਰੇ ਆਖੀ ਜਾ ਸਕਦੀ ਹੈ। ਇਸਦੇ ਟਾਕਰੇ ਕੁਲਵੰਤ ਸਿੰਘ ਵਿਰਕ ਇਕੋ ਇਕ ਲੇਖਕ ਸੀ ਜਿਸਨੇ ਕਹਾਣੀ ਦੀ ਵਿਧਾ ਵਿਚ ਰਚਨਾ ਕਰਨ ਤੋਂ ਇਲਾਵਾ ਹੋਰ ਕਿਸੇ ਵਿਧਾ ਵੱਲ ਅਹੁਲਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਿਰੋਲ ਕਹਾਣੀਕਾਰ ਹੋਣ ਵਜੋਂ ਪੰਜਾਬੀ ਸਾਹਿਤ-ਜਗਤ ਵਿਚ ਵੱਡੀ ਮਾਨਤਾ ਹਾਸਲ ਕੀਤੀ। ਸਦੀਵੀ ਵਿਛੋੜਾ ਦੇ ਜਾਣ ਦੇ ਵੀਹ ਵਰ੍ਹੇ ਪਿੱਛੋਂ ਅੱਜ ਵੀ ਪੰਜਾਬੀ ਦੇ ਸ੍ਰਸ਼ਟ ਕਹਾਣੀਕਾਰ ਵਜੋਂ ਉਸਦੀ ਮਾਨਤਾ ਜਿਉਂ ਦੀ ਤਿਉਂ ਬਰਕਰਾਰ ਹੈ।

ਵਸਤੂ ਦੀ ਚੋਣ ਅਤੇ ਕਹਾਣੀ ਵਿਚ ਸੰਚਾਰਤ ਦ੍ਰਿਸ਼ਟੀ ਦੇ ਪੱਖ ਤੋਂ ਵੀ ਉਸਦੇ ਬਹੁਤ ਸਾਰਥਕ ਪੱਖ ਸਾਹਵੇਂ ਆਉਂਦੇ ਹਨ ਪਰ ਵਿਰਕ ਦੇ ਇਕ ਪ੍ਰਮਾਣੀਕ ਕਹਾਣੀਕਾਰ ਹੋਣ ਦਾ ਭੇਤ ਮੂਲ ਰੂਪ ਵਿਚ ਇਸ ਤੱਥ ਵਿਚ ਵਿਦਮਾਨ ਹੈ ਕਿ ਉਸਨੇ ਨਿੱਕੀ ਕਹਾਣੀ ਦੇ ਸੰਜਮ ਨੂੰ ਬਹੁਤ ਕੁਸ਼ਲਤਾ ਤੇ ਬਰੀਕਬੀਨੀ ਨਾਲ ਨਿਭਾਇਆ। ਸਮੇਂ ਦੇ ਬੀਤਣ ਨਾਲ ਹੁਣ ਤਾਂ ਨਿੱਕੀ ਕਹਾਣੀ ਦੀ ਰੂਪਗਤ ਸਮਝ ਵਿਚ ਕਾਫੀ ਤਬਦੀਲੀ ਆ ਗਈ ਹੈ। ਪਰ ਵਿਰਕ ਦੀ ਰਚਨਾ ਵਿਚੋਂ ਆਧੁਨਿਕ ਕਹਾਣੀ ਦਾ ਉਹ ਪਰਿਪੱਕ ਰੂਪ ਪਛਾਣਿਆ ਜਾ ਸਕਦਾ ਹੈ, ਜੋ ਪੱਛਮ ਵਿਚ ਇਸਦੀ ਵਿਕਾਸ ਪ੍ਰਕਿਰਿਆ ਦੌਰਾਨ ਸਥਾਪਤ ਹੋਇਆ ਸੀ। ਵਿਰਕ ਦੀ ਕਹਾਣੀ ਦੀ ਗੋਂਦ ਵਿਚ ਕਿਤੇ ਕੋਈ ਝੋਲ ਨਹੀਂ ਪੈਂਦੀ ਅਤੇ ਉਸ ਵਿਚ ਕਿਧਰੇ ਵੀ ਕੋਈ ਸ਼ਬਦ ਵਾਧੂ ਪ੍ਰਤੀਤ ਨਹੀਂ ਹੁੰਦਾ। ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਦੇ ਕਲਾਤਮਕ ਸੰਜਮ ਨੂੰ ਨਿਭਾਉਣ ਵਿਚ ਉਹ ਉਸਤਾਦ ਸੀ। ਇਸੇ ਲਈ ਉਸਨੂੰ 'ਨਿੱਕੀ ਕਹਾਣੀ ਦਾ ਵੱਡਾ ਲੇਖਕ ' ਆਖੇ ਜਾਣ ਵਿਚ ਕੋਈ ਅਤਿਕਥਨੀ ਨਹੀਂ।

ਵਿਰਕ ਨੇ ਜਦੋਂ ਲਿਖਣਾ ਸ਼ੁਰੂ ਕੀਤਾ ਉਦੋਂ ਪ੍ਰਗਤੀਵਾਦ ਦਾ ਬੋਲ-ਬਾਲਾ ਸੀ। ਸਰਕਾਰੀ ਮੁਲਾਜ਼ਮਤ ਵਿਚਲੇ ਕਈ ਹੋਰ ਸਮਰੱਥ ਲੇਖਕਾਂ ਵਾਂਗ ਵਿਰਕ ਨੇ ਵੀ ਪ੍ਰਗਤੀਵਾਦੀ ਹੋਣ ਦਾ ਰਸਮੀ ਐਲਾਨ ਕਰਨ ਜਾਂ ਵਿਧੀਵਤ ਰੂਪ ਵਿਚ ਪ੍ਰਗਤੀਵਾਦੀ ਲਹਿਰ ਤੇ ਸੰਗਠਨਾਂ ਨਾਲ ਜੁੜਨ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਦ੍ਰਿਸ਼ਟੀਕੋਣ ਦੇ ਪੱਖ ਤੋਂ ਉਸਦੀ ਪਹੁੰਚ ਕਿਸੇ ਵੀ ਸਥਾਪਤ ਪ੍ਰਗਤੀਵਾਦੀ ਲੇਖਕ ਦੇ ਸਮਾਨਾਂਤਰ ਰੱਖਕੇ ਵੇਖੀ ਜਾ ਸਕਦੀ ਹੈ ਅਤੇ ਬਹੁਤ ਹਾਲਤਾਂ ਵਿਚ ਉਹ ਵਧੇਰੇ ਸਾਰਥਕ ਤੇ ਪ੍ਰਗਤੀਮੁਖ ਰਹੀ ਹੈ। ਸਿੱਕੇਬੰਦ ਪ੍ਰਗਤੀਵਾਦੀਆਂ ਨਾਲੋਂ ਨਿਖੇੜਾ ਕਰਨ ਲਈ ਉਸਨੂੰ ਮਾਨਵਵਾਦੀ

ਆਖਿਆ ਗਿਆ ਹੈ, ਜੋ ਵਿਰਕ ਦੀ ਦ੍ਰਿਸ਼ਟੀ ਨੂੰ ਦਰਸਾਉਣ ਲਈ ਅਵੱਸ਼ ਢੁਕਵਾਂ ਵਿਸ਼ੇਸ਼ਣ ਜਾਂ ਨਾਮਕਰਨ ਮੰਨਿਆ ਜਾ ਸਕਦਾ ਹੈ। ਪਰ ਅਕਸਰ ਇਸ ਤਰ੍ਹਾਂ ਦਾ ਕੋਈ ਵੱਖਰਾ ਵਿਸ਼ੇਸ਼ਣ ਪ੍ਰਗਤੀਵਾਦ ਦੀ ਪ੍ਰਚਲਤ ਗ਼ਲਤ ਤੇ ਸੰਕੀਰਨ ਜਿਹੀ ਧਾਰਨਾ ਕਰਕੇ ਕੀਤਾ ਜਾਂਦਾ ਹੈ, ਜਿਸ ਅਨੁਸਾਰ ਜਮਾਤੀ ਵੰਡ ਵਾਲੇ ਸਮਾਜ ਵਿਚ ਕੇਵਲ ਆਰਥਿਕ ਤੇ ਰਾਜਸੀ ਮੁੱਦਿਆਂ ਤਕ ਸੀਮਤ ਰਹਿਣ ਵਾਲੇ ਰਚਨਾਕਾਰ ਹੀ ਪ੍ਰਗਤੀਵਾਦੀਆ ਵਜੋਂ ਪ੍ਰਵਾਨ ਕੀਤੇ ਜਾਂਦੇ ਰਹੇ ਹਨ। ਇਸ ਪਹੁੰਚ ਨੇ ਨਾ ਕੇਵਲ ਪ੍ਰਗਤੀਵਾਦ ਦਾ ਕੁਝ ਸੰਵਾਰਿਆ ਨਹੀਂ ਸਗੋਂ ਇਸ ਨੇ ਪ੍ਰਗਤੀਵਾਦ ਬਾਰੇ ਬਹੁਤ ਸਾਰੇ ਭਰਮ ਭੁਲੇਖਿਆਂ ਦੇ ਪ੍ਰਸਾਰ ਲਈ ਆਧਾਰਭੂਮੀ ਵੀ ਤਿਆਰ ਕੀਤੀ ਹੈ। ਇਸ ਲਈ ਵਿਰਕ ਨੂੰ ਮਾਨਵਵਾਦੀ ਆਖੇ ਜਾਣ 'ਤੇ ਕੋਈ ਇਤਰਾਜ਼ ਤਾਂ ਨਹੀਂ ਹੋਣਾ ਚਾਹੀਦਾ ਪਰ ਇਹ ਵਿਸ਼ੇਸ਼ਣ ਲਾ ਕੇ ਜੇ ਉਸਨੂੰ ਪ੍ਰਗਤੀਵਾਦ ਤੋਂ ਵੱਖ ਕਰਕੇ ਵੇਖਣ ਦੀ ਕੋਸ਼ਸ਼ ਕੀਤੀ ਜਾਂਦੀ ਹੈ ਤਦ ਇਹ ਦਰੁਸਤ ਨਹੀਂ।

ਵਿਰਕ ਦੀ ਮਾਨਵਵਾਦੀ-ਪ੍ਰਗਤੀਵਾਦੀ ਪਹੁੰਚ ਸ਼ੁਰੂ ਤੋਂ ਲੈਕੇ ਅਖੀਰ ਤਕ ਉਸਦੀਆਂ ਸਾਰੀਆਂ ਲਿਖਤਾਂ ਵਿਚ ਸਮਾਈ ਹੋਈ ਹੈ, ਭਾਵੇਂ ਉਹਨਾਂ ਦਾ ਵਿਸ਼ਾ ਖੇਤਰ ਕੋਈ ਵੀ ਕਿਉਂ ਨਾ ਰਿਹਾ ਹੋਵੇ। ਵਿਰਕ ਨੇ ਉਦਾਰ ਮਾਨਵਵਾਦ ਦਾ ਆਸਰਾ ਲੈਕੇ ਸਹਾਨੁਭੂਤੀ ਤੇ ਸੁਹਿਰਦਤਾ ਨਾਲ ਆਪਣੇ ਪਾਤਰਾਂ ਦੇ ਜੀਵਨ-ਸਮਾਚਾਰਾਂ ਤੇ ਸਰੋਕਾਰਾਂ ਨੂੰ ਅਜਿਹੀ ਕਲਾਤਮਕ ਮੁਹਾਰਤ ਨਾਲ ਚਿਤਰਿਆ ਹੈ ਕਿ ਉਸਦੇ ਸਿਰਜੇ ਪਾਤਰ ਤੇ ਜੀਵਨ-ਚਿਤਰ ਪਾਠਕਾਂ ਦੇ ਚੇਤਿਆਂ ਵਿਚ ਸਜੀਵ ਰੂਪ ਵਿਚ ਟਿਕੇ ਰਹਿਣ ਦੇ ਸਮਰੱਥ ਹਨ। ਵੰਡ ਤੋਂ ਪਹਿਲਾਂ ਦੇ ਪੰਜਾਬ ਅਤੇ ਵਿਸ਼ੇਸ਼ ਕਰਕੇ ਵਿਰਕ ਟੱਪੇ ਦੇ ਪਿੰਡਾਂ ਦੀ ਜ਼ਿੰਦਗੀ ਦੀ ਜਿਹੋ ਜਿਹੀ ਪ੍ਰਮਾਣਕ, ਸੰਤੁਲਤ ਤੇ ਸਜਿੰਦ ਝਾਕੀ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚੋਂ ਮਿਲਦੀ ਹੈ ਉਹ ਹੋਰ ਕਿਧਰੇ ਵੀ ਉਪਲਭਦ ਨਹੀਂ।

ਉਸਦੀਆਂ ਮੁੱਢਲੀਆਂ ਕਹਾਣੀਆ ਵਿਚ ਪੁਰਾਣੇ ਪੇਂਡੂ ਪੰਜਾਬ ਦੇ ਉਸ ਸੰਗਠਤ ਭਾਈਚਾਰੇ ਦਾ ਚਿਤਰ ਉਭਰਦਾ ਹੈ, ਜਿਸ ਵਿਚ ਲੋਕਾਂ ਦੀ ਆਪਣੀ ਬਿਰਾਦਰੀ ਵਿਚ ਜਾਨ ਹੁੰਦੀ ਸੀ ਅਤੇ ਉਹ ਆਪਣੀ ਬਿਰਾਦਰੀ ਦੀ ਇਜ਼ਤ ਤੇ ਅਣਖ ਲਈ ਮਰ ਮਿਟਣ ਲਈ ਤਿਆਰ ਹੁੰਦੇ ਸਨ। ਬਿਰਾਦਰੀ ਦੇ ਮੁਖੀ ਆਪਣੇ ਲੋਕਾਂ ਦੇ ਵਿਹਾਰ ਨੂੰ ਨਿਯੰਤਰਤ ਰਖਦੇ ਸਨ ਅਤੇ ਉਹਨਾਂ ਦੇ ਵਿਹਾਰ ਨੂੰ ਮਰਯਾਦਾਬਧ ਬਣਾਉਣ ਦੀ ਕੋਸ਼ਿਸ਼ ਕਰਦੇ ਸਨ। ਪਿੰਡ ਉਦੋਂ ਇਕ ਇਕਾਈ ਵਾਂਗ ਸੀ ਅਤੇ ਪਿੰਡ ਦੇ ਮੁਖੀ ਦਾ ਵਿਹਾਰ ਪਰਿਵਾਰ ਦੇ ਮੁਖੀ ਵਾਂਗ ਹੀ ਹੁੰਦਾ ਸੀ। 'ਉਜਾੜ', 'ਤੂੜੀ ਦੀ ਪੰਡ', 'ਉਲ੍ਹਾਮਾ' ਆਦਿ ਕਹਾਣੀਆਂ ਦੇ ਮੁਖ ਪਾਤਰ ਅਜਿਹੇ ਲੋਕਾਂ ਦੀ ਹੀ ਪ੍ਰਤਨਿਧ ਉਦਾਹਰਣ ਵਜੋਂ ਸਾਹਵੇਂ ਆਉਂਦੇ ਹਨ। ਪਿੰਡ ਜਾਂ ਬਿਰਾਦਰੀ ਦਾ ਅਜਿਹਾ ਮੁਖੀ ਪੇਕੇ ਪਿੰਡ ਆ ਰਹੀ, ਭਾਵੇਂ ਕਿਸੇ ਅਸਲੋਂ ਗਰੀਬ ਘਰ ਦੀ ਹੀ, ਕੁੜੀ ਤੇ ਉਸਦੇ ਪ੍ਰਾਹੁਣੇ ਨੂੰ ਪੈਦਲ ਤੁਰਦਿਆਂ ਵੇਖਕੇ ਸਵਾਰੀ ਵਜੋਂ ਆਪਣੀ ਘੋੜੀ ਦੇ ਦਿੰਦਾ ਹੈ। ਉਸਨੂੰ ਚਿੰਤਾ ਹੁੰਦੀ ਹੈ ਕਿ ਪਿੰਡ ਦੀ ਕੋਈ ਨੂੰਹ ਆਪਣੇ ਘਰ ਵਿਚ ਓਪਰੇ ਲੋਕਾਂ ਦੀ ਆਮਦ ਨਾਲ ਆਪਣੇ ਭਾਈਚਾਰੇ ਤੇ ਪਿੰਡ ਦੀ ਇਜ਼ਤ ਲਈ ਖਤਰਾ ਨਾ ਬਣੇ। ਉਹ ਇਹ ਵੀ ਫਿਕਰ ਕਰਦਾ ਹੈ ਕਿ ਪਿੰਡ ਦੇ ਕਿਸੇ ਜਵਾਨ ਨੂੰ ਰੁਜ਼ਗਾਰ ਦੀ ਖਾਤਰ ਸ਼ਹਿਰ ਵਿਚ ਜਾਕੇ ਨਖਿੱਧ ਕੰਮ ਨਾ ਕਰਨੇ ਪੈਣ। ਉਸਦੀ ਤਾਂਘ ਹੁੰਦੀ ਹੈ ਕਿ ਨਵੀਂ ਪੌਦ ਵੱਡਿਆਂ ਦੀ ਕਹਿਣੇਕਾਰ ਹੋਵੇ ਅਤੇ ਪਰੰਪਰਕ ਕਦਰਾਂ-ਕੀਮਤਾਂ ਨਾਲ ਬੱਝੀ ਰਹੇ। ਉਸ ਅਨੁਸਾਰ ਇਹ ਲਾਜ਼ਮੀ ਹੈ ਕਿ ਬਿਰਾਦਰੀ ਜਾਂ ਪਿੰਡ ਦੀ ਪੱਧਰ 'ਤੇ ਸਮੂਹਕ ਨੌਈਅਤ ਦਾ ਜੋ ਵੀ ਕੋਈ ਫੈਸਲਾ ਹੋਵੇ ਉਸਨੂੰ ਸਾਰੇ ਲੋਕ ਪ੍ਰਵਾਨ ਕਰਨ। ਉਸਦੀ ਸਮਝ ਅਨੁਸਾਰ ਵੋਟਾਂ ਵਿਚ ਆਪਣੀ ਬਿਰਾਦਰੀ ਤੋਂ ਵੱਖਰੇ ਕਿਸੇ ਬੰਦੇ ਦੇ ਹੱਕ ਵਿਚ ਭੁਗਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹੁਣ ਤਕ ਲੋਕਾਂ ਨੂੰ ਨਿਯੰਤਰਤ ਕਰਦੇ ਰਹੇ ਅਤੇ ਉਹਨਾਂ ਦਾ ਸਤਿਕਾਰ ਹਾਸਲ ਕਰਦੇ ਰਹੇ ਭੂਪਵਾਦੀ ਸਭਿਆਚਾਰਕ ਮਰਯਾਦਾ ਵਾਲੇ ਇਹਨਾਂ ਸ਼ੁਭ-ਭਾਵੀ ਮੁਖੀਆਂ ਜਾਂ ਬਜ਼ੁਰਗਾਂ ਦਾ ਅਗਾਂਹ ਜ਼ਮਾਨਾ ਨਹੀਂ ਰਿਹਾ।

'ਉਲ੍ਹਾਮਾ' ਨਾਂ ਦੀ ਕਹਾਣੀ ਵਿਚ ਗੱਲ ਭਾਵੇਂ ਦੇਸ਼-ਵੰਡ ਦੇ ਉਜਾੜੇ ਦੇ ਪ੍ਰਸੰਗ ਵਿਚ ਹੀ

ਹੋਈ ਹੈ ਪਰ ਬੁੱਢੀ ਮੋਚਣ ਰਾਬਿਆ ਦਾ ਰਫਿਊਜੀ ਕੈਂਪ ਵਿਚ ਪਹੁੰਚ ਚੁੱਕੇ ਸਰਦਾਰ ਬਲਕਾਰ ਸਿੰਘ ਵੱਲ ਉਲ੍ਹਾਮਾ ਕਿ ' ਸਰਦਾਰ ਨੇ ਇਹ ਕੀ ਕੀਤਾ, ਉਹਨਾਂ ਨੂੰ ਪਿੱਛੇ ਛੱਡਕੇ ਆਪ ਉਹ ਕੂੱਪ ਵਿਚ ਜਾ ਵੜਿਆ!ਉਹਨਾਂ ਗ਼ਰੀਬਾਂ ਦੀ ਬਾਂਹ ਕਿਨ੍ਹੂੰ ਫੜਾਈ ਆ ', ਪਿੰਡ ਦੇ ਮੁਖੀਆਂ ਵਿਚ ਵਿਸ਼ਵਾਸ ਤੇ ਸਤਿਕਾਰ-ਭਾਵ ਵਿਚੋਂ ਹੀ ਆਇਆ ਹੈ।ਪਰ ਇਹ ਰੋਅਬ, ਮਾਣ ਤੇ ਸਤਿਕਾਰ-ਭਾਵ ਆਉਣ ਵਾਲੇ ਸਮੇਂ ਦਾ ਸੱਚ ਨਹੀਂ।ਸੱਚ ਇਹ ਹੈ ਕਿ ਬਦਲਦੀਆਂ ਪਰਿਸਥਿਤੀਆ ਵਿਚ ਭੂਪਵਾਦੀ ਸਮਾਜਕ ਵਿਹਾਰ ਤੇ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਜੁੜਿਆ ਇਹ ਸਭ ਕੁਝ ਸੰਭਵ ਨਹੀਂ ਰਹਿਣ ਲੱਗਾ।ਪੂੰਜੀਵਾਦੀ ਲੋਕਤੰਤਰੀ ਕੀਮਤਾਂ ਦੇ ਵਿਕਾਸ ਨਾਲ ਪੈਦਾ ਹੋਈਆਂ ਨਵੇਂ ਜ਼ਮਾਨੇ ਦੀਆ ਨਵੀਆਂ ਸੋਚਾਂ ਪੁਰਾਣੀ ਸੋਚ ਵਿਚ ਤ੍ਰੇੜਾਂ ਪਾ ਰਹੀਆਂ ਹਨ।ਨਵੀਂ ਪੀੜ੍ਹੀ ਦੀ ਸਮਾਜਕ ਤੇ ਰਾਜਨੀਤਕ ਮਸਲਿਆਂ ਵੱਲ ਨਵੀਂ ਪਹੁੰਚ ਕਾਰਨ, ਉਭਰ ਰਹੀ ਨਵੀਂ ਚੇਤਨਾ ਕਾਰਨ, ਜੀਵਨ ਵਿਉਂਤਣ ਤੇ ਚਲਾਉਣ ਦੀਆਂ ਨਵੀਆਂ ਜੁਗਤਾਂ ਕਾਰਨ ਹੌਲੀ ਹੌਲੀ ਪੁਰਾਣਾ ਸੰਗਠਤ ਭਾਈਚਾਰਾ ਟੁੱਟ ਰਿਹਾ ਹੈ।ਕੁਲਵੰਤ ਸਿੰਘ ਵਿਰਕ ਤਬਦੀਲੀ ਦੇ ਇਸ ਅਮਲ ਦਾ ਵਾਸਤਵਿਕ ਚਿਤਰ ਪੇਸ਼ ਕਰਦਾ ਹੈ।ਅਜਿਹਾ ਚਿਤਰ ਪੇਸ਼ ਕਰਦਿਆਂ ਹੋਇਆਂ ਉਹ ਬਹਾਦਰ ਸਿੰਘ ਤੇ ਆਲਾ ਸਿੰਘ ਵਰਗੇ ਬਜ਼ੁਰਗਾਂ ਪ੍ਰਤੀ ਰਸਮੀ ਆਦਰ-ਸਤਿਕਾਰ ਦੇ ਭਾਵ ਵਿਚ ਭਾਵੇਂ ਕੋਈ ਕਮੀ ਤਾਂ ਨਹੀਂ ਆਉਣ ਦਿੰਦਾ।ਪਰ ਉਹ ਇਹ ਅਵੱਸ਼ ਦਰਸਾਉਂਦਾ ਹੈ ਕਿ ਪੁਰਾਣੀਆਂ ਕਦਰਾਂ-ਕੀਮਤਾਂ ਨਾਲ ਜੁੜੇ ਇਹਨਾਂ ਬਜ਼ੁਰਗਾਂ ਦਾ ਜ਼ਮਾਨਾ ਹੁਣ ਨਹੀਂ ਰਿਹਾ। ਇਤਿਹਾਸਕ ਅਨਿਵਾਰਤਾ ਦੇ ਸੱਚ ਤੋਂ ਵਿਰਕ ਨਾ ਕੇਵਲ ਮੁਨਕਰ ਨਹੀਂ ਹੁੰਦਾ ਸਗੋਂ ਅਗਾਂਹ ਵੱਲ ਤਬਦੀਲੀ ਨੂੰ ਹਕੀਕਤ ਵਜੋਂ ਖੁਦ ਸਵੀਕਾਰਦਾ ਵੀ ਹੈ।

ਸਿਰਫ ਸਤਹ ਉੱਤੋਂ ਹੀ ਕਹਾਣੀ ਨੂੰ ਪੜ੍ਹਨ ਤੇ ਸਮਝਣ ਦੀ ਬਿਰਤੀ ਦਾ ਸ਼ਿਕਾਰ ਕੋਈ ਪਾਠਕ ਪਰੰਪਰਕ ਸੋਚ ਵਿਚ ਬੱਝੇ ਇਹਨਾਂ ਕਹਾਣੀਆਂ ਦੇ ਬਜ਼ੁਰਗ ਪਾਤਰਾਂ ਦੇ ਬੋਲਾਂ ਤਕ ਸੀਮਤ ਰਹਿਕੇ ਅਸਲੋਂ ਉਲਟੇ ਅਰਥ ਕੱਢ ਸਕਦਾ ਹੈ ਅਤੇ ਲੇਖਕ ਦੀ ਪਹੁੰਚ ਬਾਰੇ ਗ਼ਲਤ ਧਾਰਨਾ ਬਣਾ ਸਕਦਾ ਹੈ।ਜਿਵੇਂ ਇਸ ਤਰ੍ਹਾਂ ਦਾ ਵਿਚਾਰ ਕਿ ਲੇਖਕ ਭੂਪਵਾਦੀ ਸਭਿਆਚਾਰ ਤੇ ਇਸਦੇ ਮੁੱਲ-ਵਿਧਾਨ ਦੀ ਪੈਰਵਾਈ ਕਰ ਰਿਹਾ ਹੈ।ਧੀਮੀ ਸੁਰ ਵਾਲੀ ਆਪਣੀ ਸਹਿਜ ਸੰਜਮੀ ਜੁਗਤ ਨਾਲ ਵਿਰਕ ਇਸ ਵੰਨਗੀ ਦੀਆਂ ਕਹਾਣੀਆਂ ਵਿਚ ਸਗੋਂ ਇਹ ਦਰਸਾਉਂਦਾ ਹੈ ਕਿ ਪੁਰਾਣੇ ਪੰਜਾਬ ਦਾ, ਜਾਤ-ਪਾਤ ਤੇ ਊਚ-ਨੀਚ ਨੂੰ ਇਕ ਸਹਿਜ ਹਕੀਕਤ ਵਜੋਂ ਸਵੀਕਾਰਨ ਵਾਲਾ,ਪਰ ਨਾਲ ਦੀ ਨਾਲ ਭਾਈਵਾਲੀ ਤੇ ਸਾਂਝ ਦੇ ਬਿੰਬ ਵਾਲਾ, ਸੰਗਠਤ ਪੇਂਡੂ ਭਾਈਚਾਰਾ ਹੁਣ ਟੁੱਟਣਾ ਹੀ ਟੁੱਟਣਾ ਹੈ।ਟੁੱਟਣ ਦੀ ਇਸ ਪ੍ਰਕਿਰਿਆ ਨੂੰ ਵਿਰਕ ਸਿਰਫ ਯਥਾਰਥ ਵਜੋਂ ਉਭਾਰਦਾ ਹੈ,ਇਸ ਉੱਤੇ ਰੁਦਨ ਦੀ ਸੁਰ ਬਿਲਕੁਲ ਨਹੀਂ ਅਪਨਾਉਂਦਾ।ਲੋਕ-ਤੰਤਰੀ ਵਿਵਸਥਾ ਵਿਚ ਹੁਣ ਵੋਟਾਂ ਬਿਰਾਦਰੀ ਦੇ ਨਾਂ ਉੱਤੇ ਹੀ ਨਹੀਂ ਪੈਣਗੀਆਂ।ਆਰਥਿਕ ਸਮਾਜਕ ਹਕੀਕਤ ਇਹ ਹੈ ਕਿ ਲੋਕ ਹੁਣ ਆਪਣੇ ਰਵਾਇਤੀ ਕਿੱਤਿਆਂ ਤਕ ਵੀ ਸੀਮਤ ਨਹੀਂ ਰਹਿਣਗੇ।ਪਿੰਡ ਹੁਣ ਇਕ ਸਵੈ-ਨਿਰਭਰ ਸੁਤੰਤਰ ਇਕਾਈ ਨਹੀਂ ਬਣਿਆ ਰਹਿ ਸਕੇਗਾ ਅਤੇ ਨਵੇਂ ਨਵੇਂ ਕਿੱਤਿਆਂ ਤੇ ਰੁਜ਼ਗਾਰ ਦੀ ਭਾਲ ਵਿਚ ਲੋਕਾਂ ਨੂੰ ਸ਼ਹਿਰ ਵੱਲ ਰੁਖ ਕਰਨਾ ਹੀ ਪਏਗਾ। ਆਲਾ ਸਿੰਘ ਜਾਂ ਬਹਾਦਰ ਸਿੰਘ ਹੁਣ ਕਿਸੇ ਜੱਟ ਦੇ ਪੁੱਤ ਦੇ ਤਾਂਗਾ ਵਾਹੁਣ ਅਤੇ ਉਸਦੇ ਘਰ ਵਿਚ ਹਮ-ਪੇਸ਼ਾ ਕੰਮੀ-ਕਮੀਣ ਸਾਥੀਆਂ ਦੇ ਆਉਣ ਉੱਤੇ ਝੋਰਾ ਤਾਂ ਕਰ ਸਕਦੇ ਹਨ, ਪਰ ਇਸ ਸਥਿਤੀ ਨੂੰ ਟਾਲ ਨਹੀ ਸਕਦੇ।ਬਿਰਾਦਰੀ ਦੇ ਪਰੰਪਰਾਗਤ ਸੰਕਲਪ ਵਾਲੀ 'ਤੁੜੀ ਦੀ ਪੰਡ' ਹੁਣ ਅਵੱਸ਼ ਖਿਲਰਨੀ ਹੀ ਹੈ ਅਤੇ ਇਸ ਦੀ ਥਾਂ ਸਾਂਝਾਂ ਤੇ ਸਮੂਹਾਂ ਦੇ ਮੁਤਬਾਦਲ ਸੰਕਲਪ ਉਭਰਨੇ ਹੀ ਹਨ।ਪਿੰਡ ਦੀ ਸੱਥ ਵਿਚ ਨਵੀਆਂ ਨਵੀਆਂ ਗੱਲਾਂ ਕਰਨ ਵਾਲੇ ਗੱਭਰੂਆਂ ਦੀ ਭੀੜ ਨੂੰ 'ਉਜਾੜ' ਸਮਝਣ ਵਾਲੇ ਬਜ਼ੁਰਗ ਦੀ ਸਥਿਤੀ ਅਵੱਸ਼ ਤਰਸਯੋਗ ਹੈ ਪਰ ਉਸਦੀ ਸੋਚ ਸਮੇਂ ਤੋਂ ਪਿੱਛੇ ਰਹਿ ਗਈ ਹੈ,ਇਹ ਹਕੀਕਤ ਹੈ। ਵਿਰਕ ਦੀ ਵਿਸ਼ੇਸ਼ਤਾ ਇਸੇ ਗੱਲ ਵਿਚ ਹੈ ਕਿ ਇਸ ਸਭ ਕੁਝ ਦੀ ਸਹਿਜ ਕਲਾਤਮਕ ਪੇਸ਼ਕਾਰੀ ਵਿਚ ਉਸਦਾ ਮਾਨਵਵਾਦੀ-

ਪ੍ਰਗਤੀਵਾਦੀ ਦ੍ਰਿਸ਼ਟੀਕੋਣ ਇਕਸਾਰ ਕਾਰਜਸ਼ੀਲ ਰਹਿੰਦਾ ਹੈ।

ਗੱਲ ਉਸਨੇ ਪਿੰਡ ਦੀ ਕੀਤੀ ਹੈ ਜਾਂ ਸ਼ਹਿਰ ਦੀ, ਵਿਰਕ ਹਰ ਹਾਲਤ ਵਿਚ ਜੋ ਕੁਝ ਨਵਾਂ ਹੈ ਉਸਦੇ ਨਾਲ ਖਲੋਂਦਾ ਹੈ।ਬਦਲ ਰਹੇ ਜੀਵਨ ਦੀਆਂ ਝਾਕੀਆਂ ਉਸਨੂੰ ਬਹੁਤ ਖਿੱਚ ਪਾਉਂਦੀਆਂ ਹਨ।ਉਸਦੀਆਂ ਕਹਾਣੀਆਂ ਵਿਚ ਨਵੇਂ ਜ਼ਮਾਨੇ ਦੇ ਨਵੇਂ ਲੋਕਾਂ ਦੀਆਂ ਸੋਚਾਂ ਅਤੇ ਜੀਵਨ-ਸਮਾਚਾਰ ਭਰਪੂਰ ਰੂਪ ਵਿਚ ਪੇਸ਼ ਹੋਏ ਹਨ।ਜਿਸ ਪੁਸਤਕ ਉੱਤੇ ਵਿਰਕ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਉਸ ਦਾ ਨਾਂ ਹੀ 'ਨਵੇਂ ਲੋਕ' ਸੀ ਅਤੇ ਉਹਨਾਂ ਨਵੇਂ ਲੋਕਾਂ ਦੀ ਵਿਸ਼ੇਸ਼ਤਾ ਇਹੀ ਹੈ ਕਿ ਉਹ ਭੂਪਵਾਦੀ ਸਭਿਆਚਾਰ ਵਿਚੋਂ ਨਿਕਲਕੇ ਨਵੇਂ ਪੂੰਜੀਵਾਦੀ ਮੁੱਲ-ਵਿਧਾਨ ਨੂੰ ਅਪਨਾ ਰਹੇ ਹਨ।ਉਸਦੇ ਕਹਿਣ ਮੁਤਾਬਕ 'ਜਿਸ ਨਵੀਂ ਸਭਿਅਤਾ ਨੂੰ ਆਪਣੇ ਟੈਂ ਵਿਚ ਅਸੀਂ ਪੱਛਮੀ ਸਭਿਅਤਾ ਦਾ ਨਾਂ ਦਿੱਤਾ ਹੋਇਆ ਹੈ, ਉਹ ਉਸਨੂੰ ਬਹੁਤ ਖਿੱਚ ਪਾਂਦੀ ਸੀ। ਉਹ ਇਸ ਵੱਲ ਚੌਖੁਰੀਆ ਦੌੜਨਾ ਚਾਹੁੰਦਾ ਸੀ।ਇਸਨੂੰ ਕਿਸੇ ਇਕ ਦੇਸ਼ ਜਾਂ ਕੁਝ ਦੇਸ਼ਾਂ ਦੀ ਮਲਕੀਅਤ ਨਾ ਸਮਝਦਾ ਹੋਇਆ ਉਹ ਇਸ ਨਵੀਂ ਸਭਿਅਤਾ ਨੂੰ ਮਨੁੱਖਤਾ ਦੇ ਪੰਧ ਦੇ ਸ਼ਾਹਰਾਹ ਉੱਤੇ ਇਕ ਵੱਡਾ ਪੜਾਅ ਮਿਥਦਾ ਸੀ।ਇਸ ਨਵੀਂ ਸਭਿਅਤਾ ਅਨੁਸਾਰ ਬਦਲ ਰਹੇ ਔਰਤ-ਮਰਦ ਸੰਬੰਧਾਂ ਬਾਰੇ ਲਿਖੀਆਂ ਵਿਰਕ ਦੀਆਂ ਕਹਾਣੀਆਂ ਤੋਂ ਪਤਾ ਲਗਦਾ ਹੈ ਕਿ ਉਸਦੀ ਦ੍ਰਿਸ਼ਟੀ ਵਿਚ ਤਾਜ਼ਗੀ ਤੇ ਨਵੇਂਪਨ ਹੈ।ਕਾਮ ਅਤੇ ਪਿਆਰ ਅਵੱਸ਼ ਹੀ ਮਨੁੱਖ ਦਾ ਇਕ ਬਹੁਤ ਮਹੱਤਵਪੂਰਨ ਤੇ ਬੁਨਿਆਦੀ ਜਜ਼ਬਾ ਹੈ।ਇਸ ਜਜ਼ਬੇ ਦੀ ਅਤ੍ਰਿਪਤੀ ਤੋਂ ਪੈਦੇ ਕੁ-ਪ੍ਰਭਾਵਾਂ ਅਤੇ ਤ੍ਰਿਪਤੀ ਤੋਂ ਪੈਂਦੇ ਸੁ-ਪ੍ਰਭਾਵਾਂ ਨੂੰ ਸਹਿਜ ਨਾਲ ਚਿਤਰਦਿਆਂ ਹੋਇਆਂ ਉਸਨੇ ਇਸ ਨਾਲੋਂ ਭੂਪਵਾਦੀ ਨੈਤਿਕਤਾ ਨੂੰ ਤੋੜਿਆ ਹੈ ਅਤੇ ਇਸਦੀ ਸੁਭਾਵਕ ਪੂਰਤੀ ਦੇ ਹੱਕ ਵਿਚ ਗੱਲ ਕੀਤੀ ਹੈ।

ਔਰਤ ਮਰਦ ਦੀ ਕੁਦਰਤੀ ਪਰਸਪਰ ਖਿੱਚ ਨੂੰ ਵਿਰਕ ਨੇ ਬਹੁਤ ਨਿੜੱਕ ਹੋ ਕੇ ਬਿਆਨ ਕੀਤਾ ਹੈ।ਕਿਸੇ ਮੁਟਿਆਰ ਵੱਲੋਂ ਆਪਣੀ ਸੁੰਦਰਤਾ ਉੱਤੇ ਮਾਣ ਕਰਨ ਅਤੇ ਆਪਣੀ ਇਸ ਸੁੰਦਰਤਾ ਦਾ ਸਿੱਕਾ ਕਿਸੇ ਗੱਭਰੂ ਤੋਂ ਮੰਨਵਾਉਣ ਦੀ ਜਿਹੋ ਜਿਹੀ ਗੱਲ 'ਤੂੰ ਹੀ ਦੱਸ' ਕਹਾਣੀ ਵਿਚਲੀ ਪਿੰਡ ਦੀ ਮੁਟਿਆਰ ਨੇ ਕੀਤੀ ਹੈ ਉਸ ਤਰ੍ਹਾਂ ਦੀ ਗੱਲ ਨੂੰ ਆਪਣੇ ਵੇਲਿਆਂ ਵਿਚ ਵਿਰਕ ਵਰਗਾ ਨਵੀਂ ਪਹੁੰਚ ਵਾਲਾ ਲੇਖਕ ਹੀ ਦਰਸਾ ਸਕਦਾ ਸੀ।ਗੁਜਰੀ ਪਿੰਡ ਦੀ ਸਭ ਤੋਂ ਸੁਹਣੀ ਕੁੜੀ ਸੀ।ਚਾਚੀ ਚੀਮੀ ਦੇ ਬਹੁਤ ਗੋਰੇ ਕਾਲਜ ਪੜ੍ਹਦੇ ਭਣੇਵੇਂ ਦੀ ਪਿੰਡ ਵਿਚ ਆਮਦ ਤੇ ਉਸਦੀ ਸੁੰਦਰਤਾ ਦੀ ਮਹਿਮਾ ਗੁਜਰੀ ਲਈ ਜਿਵੇਂ ਚੈਲਿੰਜ ਬਣ ਗਈ ਸੀ ।ਦੋਨਾਂ ਵਿਚੋਂ ਕੌਣ ਵਧੇਰੇ ਸੁੰਦਰ ਹੈ,ਇਸਦਾ ਨਿਖੇੜਾ ਕਰਨ ਲਈ ਗੁਜਰੀ ਆਪਣਾ ਨੰਗਾ ਪਿੰਡਾ ਉਸਦੇ ਨੰਗੇ ਪਿੰਡੇ ਸਾਹਮਣੇ ਵਿਖਾਉਣ ਦੀ ਕਲਪਨਾ ਕਰਦੀ ਹੋਈ ਉਸਤੋਂ ਪੁੱਛਣਾ ਲੋੜਦੀ ਹੈ ਕਿ "ਸਾਡੇ ਦੋਹਾਂ ਵਿਚੋਂ ਭਲਾ ਕੌਣ ਗੋਰਾ ਏ? ਚਾਚੀ ਚੀਮੀ ਦੇ ਅੰਗਰੇਜ਼ਾਂ ਵਰਗੇ ਗੋਰੇ ਭਣੇਵਿਆਂ, ਤੂੰ ਹੀ ਦੱਸ"? ਕੁਝ ਏਸੇ ਤਰ੍ਹਾਂ ਦੀ ਹੀ ਗੱਲ ਹੈ 'ਮੂਹਲੀ ਜਿੱਡੇ ਡੌਲੇ' ਨਾਂ ਦੀ ਕਹਾਣੀ ਦੇ ਨਾਨਕੇ ਪਿੰਡ ਆਏ ਗੱਭਰੂ ਖੜਕੂ ਵੱਲ ਬੰਸੋ ਦੀ ਪਿਆਰ-ਖਿੱਚ ਦੇ ਚਿਤਰਨ ਵਿਚ।ਦੋਹਾਂ ਦੇ ਪਿਆਰ- ਕਲੋਲਾਂ ਵਿਚ ਬੰਸੋ ਦੀਆਂ ਵੰਗਾਂ ਕਈ ਵਾਰੀ ਤੇ ਕਈ ਚਿਰ ਤਕ ਖੜਕੂ ਦੇ ਹੱਥੋਂ ਲਹਿੰਦੀਆਂ ਚੜ੍ਹਦੀਆਂ ਰਹੀਆਂ ਹਨ।ਪਰ ਬੰਸੋ ਦੇ ਇਹ ਬੋਲ ਕਿ 'ਧਰਮੂ ਜਿੰਨੀ ਤਾਕਤ ਤਾਂ ਨਹੀਂ ਨਾ ਉਸ ਵਿਚ।ਉਸ ਰੁੜ੍ਹ ਗਏ ਦੇ ਤੇ ਮੂਹਲੀ ਜਿੱਡੇ ਡੌਲੇ ਈ ਨੇ ', ਖੜਕੂ ਲਈ ਸਹਿਣ ਕਰਨੇ ਔਖੇ ਹਨ। ਅਤੇ ਬੰਸੋ ਦੇ ਇਹ ਬੋਲ ਹੀ ਖੜਕੂ ਨੂੰ ਆਪਣੇ ਪਿੰਡ ਵਾਪਸ ਤੋਰ ਦਿੰਦੇ ਹਨ, ਕਿਉਂਕਿ ਜੇ ਹਿੰਮਤ ਧਰਮੂ ਵਿਚ ਵਧੇਰੀ ਸੀ ਤਾਂ ਬੰਸੋ ਦਾ ਖੜਕੂ ਨਾਲ ਪਿਆਰ ਕਿਹਾ?ਇਸੇ ਤਰ੍ਹਾਂ ਪਿੰਡ ਵਿਚ ਨਿੱਕੇ ਬੱਚਿਆਂ ਦੇ ਹੌਲੀ ਹੌਲੀ ਗੱਭਰੂਆਂ ਤੇ ਮੁਟਿਆਰਾਂ ਵਿਚ ਤਬਦੀਲ ਹੋਣ ਅਤੇ ਇਸ ਤਬਦੀਲੀ ਨਾਲ ਪੇਂਡੂ ਸਮਾਜਕ ਪਰਿਵੇਸ਼ ਵਿਚ ਉਹਨਾਂ ਦੇ ਮੇਲ-ਮਿਲਾਪ ਉੱਤੇ ਪ੍ਰਤੀਬੰਧ ਲੱਗਣ ਤੇ ਇਸਦੇ ਉਲੰਘਣ ਦੇ ਵਰਤਾਰੇ ਨੂੰ ਵਿਰਕ ਨੇ ਰਵਾਇਤੀ ਸੋਚ ਤੋਂ ਹਟਕੇ ਸਹਿਜਤਾ ਨਾਲ ਬਿਆਨ ਕੀਤਾ ਹੈ।'ਜਾਗ' ਕਹਾਣੀ ਵਿਚਲੇ ਮੁੰਡੇ ਨੇ ਜਵਾਨੀ ਵਿਚ ਪ੍ਰਵੇਸ਼

ਕਰ ਲਿਆ ਹੈ ਤਾਂ ਬਚਪਨ ਦੀ ਸਾਥਣ ਪਾਸ਼ੋ ਨਾਲ ਉਸਦਾ ਮੇਲ ਲਗਪਗ ਵਰਜਤ ਹੋ ਗਿਆ ਹੈ।ਹੁਣ ਉਹ ਦੋਵੇਂ ਇਸ ਵਰਜਣਾ ਦੇ ਬਾਵਜੂਦ ਜੁਗਤ ਬਣਾਕੇ ਇਕੱਠੇ ਮੇਲਾ ਵੇਖਣ ਜਾਂਦੇ ਹਨ ਪਰ ਵਾਪਸੀ ਉੱਤੇ ਪਿੰਡ ਵਿਚ ਵੜਨ ਤੋਂ ਪਹਿਲਾਂ ਵੱਖ ਵੱਖ ਹੋ ਜਾਂਦੇ ਹਨ।

ਔਰਤ ਲਈ ਮਰਦ ਦੀ ਸਿੱਕ ਦਾ ਬਹੁਤ ਹੀ ਖ਼ੂਬਸੂਰਤ ਵੇਰਵਾ ਵਿਰਕ ਦੀ ਪਹਿਲੀ ਹੀ ਕਹਾਣੀ 'ਚਾਚਾ' ਵਿਚ ਜੋ ਛੜੇ ਚਾਚੇ ਨੂੰ ਹਮੇਸ਼ਾ ਚੇਤਿਆਂ ਵਿਚ ਰਹਿਣ ਵਾਲਾ ਪਾਤਰ ਬਣਾ ਜਾਂਦਾ ਹੈ ਤਾਂ 'ਛਾਹ ਵੇਲਾ' ਵਿਚ ਪੇਂਡੂ ਨੌਜਵਾਨ ਦੀ ਅਜਿਹੀ ਖਿੱਚ ਨੇ ਵਿਰਕ ਦੀ ਇਸ ਕਹਾਣੀ ਨੂੰ ਇਕ ਅਸਾਧਾਰਨ ਮਹੱਤਵ ਵਾਲੀ ਰਚਨਾ ਬਣਾ ਦਿੱਤਾ ਹੈ। ਛੜਾ ਅੱਧਖੜ ਚਾਚਾ ਕਲਪਤ ਚਾਚੀ ਨਾਲ ਮੇਲ ਦੀਆਂ ਸੁਆਦਲੀਆਂ ਗੱਲਾਂ ਕਰ ਕਰ ਕੇ ਆਪਣਾ ਤੇ ਦੂਜਿਆਂ ਦਾ ਦਿਲ ਪਰਚਾਉਂਦਾ ਰਿਹਾ ਹੈ। ਉਮਰ ਦੀ ਢਲਦੀ ਸ਼ਾਮ ਵਿਚ ਫੌਜੀ ਭਤੀਜੇ ਨੂੰ ਉਸਨੇ ਕਿਹਾ ਤਾਂ ਭਾਵੇਂ ਹਾਸੇ ਵਾਲੇ ਅੰਦਾਜ਼ ਵਿਚ ਹੈ, ਪਰ ਉਸਦੇ ਬੋਲਾਂ ਵਿਚ ਔਰਤ ਵੱਲ ਕੁਦਰਤੀ ਖਿੱਚ ਦੀ ਅਤ੍ਰਿਪਤੀ ਦੀ ਤਿੱਖੀ ਚੀਸ ਹੈ, ਜੋ ਨਵੀਂ ਸੋਚ ਵਾਲਾ ਸੰਵੇਦਨਸ਼ੀਲ ਮਨੁੱਖ ਸਹਿਜੇ ਹੀ ਸਮਝ ਸਕਦਾ ਹੈ:"ਕਾਈ ਚਾਚੀ ਤੇ ਫੜੀਂ ਆ ਮੇਰੇ ਲਈ ਓਥੋਂ..ਆਖੀਂ ਹਮ ਤੁਮਕੋ ਓਥੇ ਬਾਰ ਮੇਂ ਬਹੁਤ ਆਰਾਮ ਦੇਵੇਗਾ"। ਅਤੇ ਕਹਾਣੀ 'ਛਾਹ ਵੇਲਾ' ਵਿਚ ਤੇਜੂ ਲਈ ਜਦੋਂ ਉਸਦੀ ਭਰਜਾਈ ਛਾਹ ਵੇਲਾ ਲੈਕੇ ਆ ਜਾਂਦੀ ਹੈ ਅਤੇ ਕੁਝ ਸਮਾਂ ਸਾਹਮਣੇ ਬੈਠਕੇ ਗੱਭਰੂ ਦਿਉਰ ਨੂੰ ਇਹ ਛਾਹ ਵੇਲਾ ਖੁਆਉਂਦੀ ਹੈ ਤਾਂ ਤੜਕੇ ਦਾ ਲਿੱਸਾ ਲਿੱਸਾ ਉਸਦਾ ਸਰੀਰ ਜਿਵੇਂ ਹੋਰ ਦਾ ਹੋਰ ਹੋ ਜਾਂਦਾ ਹੈ; ਹੁਣ ਕਿਸਦੀ ਮਜਾਲ ਹੈ ਕਿ ਉਸਦੀ ਜੋਗ ਦਾ ਕੋਈ ਮੁਕਾਬਲਾ ਕਰ ਸਕੇ!

ਪੇਂਡੂ ਕਿਸਾਨੀ ਸਭਿਆਚਾਰ ਦੇ ਬਹੁਤ ਯਥਾਰਥਕ ਚਿਤਰ ਪੇਸ਼ ਕਰਨ ਕਰਕੇ ਵਿਰਕ ਦੀਆਂ ਕਈ ਕਹਾਣੀਆਂ ਜਿਵੇਂ 'ਛਾਹ ਵੇਲਾ','ਦੁੱਧ ਦਾ ਛੱਪੜ'.'ਧਰਤੀ ਹੇਠਲਾ ਬੌਲਦ' ਤਾਂ ਸ਼ਾਹਕਾਰ ਰਚਨਾਵਾਂ ਦਾ ਦਰਜਾ ਪ੍ਰਾਪਤ ਕਰ ਗਈਆਂ ਹਨ। ਇਹਨਾਂ ਕਹਾਣੀਆਂ ਵਿਚ ਪੇਂਡੂ ਸਮਾਜ ਵਿਚ ਆਮ ਲੋਕਾਂ ਦੇ ਵਰਤੋਂ-ਵਿਹਾਰ,ਚੱਜ-ਆਚਾਰ,ਰਿਸ਼ਤਿਆਂ, ਭਾਈਚਾਰਕ ਸਾਂਝਾਂ ਤੇ ਉਹਨਾਂ ਵਿਚਲੀਆਂ ਤ੍ਰੇੜਾਂ ਦੀ ਗੱਲ ਬਹੁਤ ਸਹਿਜਤਾ ਨਾਲ ਰੂਪਮਾਨ ਹੋਈ ਹੈ। ਖੇਤਾਂ ਵਿਚ ਹਲ ਵਾਹੁੰਦੇ,ਡੰਗਰ ਸਾਂਭਦੇ, ਖੇਤੀ ਬਾੜੀ ਦੇ ਹੋਰ ਕਈ ਪ੍ਰਕਾਰ ਦੇ ਕੰਮਾਂ-ਕਾਰਾਂ ਵਿਚ ਜੁਟੇ ਹੋਏ, ਸਮਾਜਕ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਘਰ ਦੇ ਅੰਦਰ ਬਾਹਰ ਵਿਚਰਦੇ ਕਹਾਣੀਆਂ ਵਿਚਲੇ ਪੇਂਡੂ ਔਰਤ ਮਰਦ ਸਾਧਾਰਨਤਾ ਵਿਚ ਅਸਾਧਾਰਨਤਾ ਦਾ ਪਰਿਚਯ ਦਿੰਦੇ ਹਨ। 'ਦੁੱਧ ਦਾ ਛੱਪੜ' ਵਿਚਲਾ ਲਾਲ ਆਪਣੇ ਭਰਾ ਦਿਆਲ ਨਾਲ ਆਪਸੀ ਰਿਸ਼ਤੇ ਵਿਚਲੇ ਵਿਗਾੜ ਨੂੰ ਵਧਣ ਤੋਂ ਰੋਕਣ ਲਈ ਅਤੇ ਘਰ ਵਾਲੀ ਨੂੰ ਸੰਤੁਸ਼ਟ ਕਰਨ ਲਈ ਪਹਿਲਾਂ ਹੀ ਚੋਈ ਹੋਈ ਮੱਝ ਤੋਂ ਮਿਲੇ ਥੋੜ੍ਹੇ ਜਿੰਨੇ ਦੁੱਧ ਨੂੰ ਬਹੁਤਾ ਦਰਸਾਉਣ ਵਾਸਤੇ ਜੋ ਖੁਦ ਦੁੱਧ ਡੋਲ੍ਹਦਾ ਹੈ ਤਾਂ 'ਧਰਤੀ ਹੇਠਲਾ ਬੌਲਦ' ਵਿਚਲਾ ਫੌਜੀ ਕਰਮ ਸਿੰਘ ਦਾ ਬਾਪੂ ਘਰ ਆਏ ਉਸਦੇ ਸਾਥੀ ਫੌਜੀ ਮਾਨ ਸਿੰਘ ਨੂੰ ਪੁੱਤਰ ਦੇ ਮਰਨ ਦੀ ਖਬਰ ਨਹੀਂ ਦੱਸਦਾ ਕਿਉਂਕਿ "ਐਵੇਂ ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ,ਇਹਦੀ ਛੁੱਟੀ ਖਰਾਬ ਨਾ ਹੋਵੇ।" ਅਤੇ ਇੰਝ ਜਾਣੋ ਇਹ ਬਜ਼ੁਰਗ ਉਹ ਧੌਲ ਹੋ ਨਿਬੜਦਾ ਹੈ ਜੋ ਆਪਣੇ ਸਿਰ 'ਤੇ ਸਾਰੀ ਧਰਤੀ ਦਾ ਭਾਰ ਚੁੱਕਕੇ ਖੜ੍ਹਾ ਰਹਿੰਦਾ ਹੈ ਅਤੇ ਜੋ ਭਾਰ ਥੱਲੇ ਦੱਬਿਆ ਹੋਣ ਪਿੱਛੋਂ ਵੀ ਲੋਕਾਂ ਦਾ ਭਾਰ ਚੁੱਕਣਾ ਚਾਹੁੰਦਾ ਹੈ ।

ਪੇਂਡੂ ਸਮਾਜ ਵਿਚ, ਮਰਯਾਦਾ ਦੇ ਅੰਦਰ ਜਾਂ ਬਾਹਰ, ਔਰਤ ਮਰਦ ਦੀ ਕੁਦਰਤੀ ਖਿੱ ਦੇ ਪ੍ਰਗਟਾਅ ਵਿਚ ਨਿਰਸੰਦੇਹ ਵੱਡੀਆਂ ਰੋਕਾਂ ਮੌਜਦ ਹਨ ਜਿਨ੍ਹਾਂ ਨੂੰ ਪਾਰ ਕਰਨਾ ਜੇ ਕਠਨ ਹੈ ਤਾਂ ਇਹਨਾਂ ਨੂੰ ਕਹਾਣੀ ਵਿਚ ਦਰਸਾਉਣਾ ਵੀ ਸਹਿਲ ਨਹੀਂ। ਵਿਰਕ ਨੇ ਇਹ ਕੁਝ ਬਹੁਤ ਸਹਿਜਤ ਨਾਲ ਕੀਤਾ ਹੈ। ਪਰ ਆਪਣੀ ਸਾਹਿਤਕਾਰੀ ਦੇ ਮੁੱਢਲੇ ਕੁਝ ਵਰ੍ਹਿਆਂ ਤੋਂ ਪਿੱਛੋਂ ਉਸਦਾ ਕਰ ਖੇਤਰ ਸ਼ਹਿਰ ਵਿਚ ਤਬਦੀਲ ਹੋ ਗਿਆ ਸੀ। ਇੰਝ ਉਸਦੀਆਂ ਕਹਾਣੀਆਂ ਦਾ ਵਸਤੂ-ਸੰਸਾਰ ਵ ਸਹਿਜੇ ਸਹਿਜੇ ਸ਼ਹਿਰ ਵਿਚ ਤਬਦੀਲ ਹੋ ਗਿਆ। ਭਾਵੇਂ ਵਿਰਕ ਦਾ ਇਹ ਹਮੇਸ਼ਾ ਕਹਿਣਾ ਰਿ

ਕਿ ਜ਼ਿੰਦਗੀ ਦਾ ਵਡੇਰਾ ਭਾਗ ਸ਼ਹਿਰ ਵਿਚ ਬਿਤਾਉਣ ਦੇ ਬਾਵਜੂਦ ਉਹ ਕਹਾਣੀ ਲਿਖਣ ਸਮੇਂ ਸ਼ਹਿਰ ਦੇ ਪਾਤਰਾਂ ਤੇ ਘਟਨਾਵਾਂ ਨੂੰ ਵੀ ਪਿੰਡ ਵਿਚ ਰੱਖਕੇ ਵੇਖਣ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਕਥਨ ਵਿਚ ਸਚਾਈ ਵੀ ਹੈ। ਪਰ ਉਸਦੇ ਇਸ ਕਥਨ ਦੇ ਬਾਵਜੂਦ ਇਹ ਹਕੀਕਤ ਹੈ ਕਿ ਵਿਰਕ ਨੇ ਸ਼ਹਿਰ ਦੇ ਮਧ ਵਰਗੀ ਪਾਤਰਾਂ ਦੇ ਜੀਵਨ-ਸਮਾਚਾਰਾਂ ਨੂੰ ਵੀ ਉਸੇ ਕੁਸ਼ਲਤਾ ਨਾਲ ਕਹਾਣੀ ਵਿਚ ਗੁੰਦਿਆ ਹੈ ਜਿਵੇਂ ਪਿੰਡ ਦੇ ਜੀਵਨ ਨੂੰ। ਇਸ ਲਈ ਔਰਤ ਮਰਦ ਦੀ ਸਾਂਝ ਦਾ ਵਿਸ਼ਾ, ਜੋ ਵਿਰਕ ਦੀਆਂ ਕਹਾਣੀਆਂ ਦਾ ਪ੍ਰਮੁਖ ਵਿਸ਼ਾ ਰਿਹਾ ਹੈ, ਸ਼ਹਿਰ ਦੇ ਪ੍ਰਸੰਗ ਵਿਚ ਬਹੁ-ਵਿਧ ਰੂਪ ਵਿਚ ਅਤੇ ਮੁਕਾਬਲਤਨ ਵਧੇਰੇ ਖੁਲ੍ਹ ਵਿਚ ਰੂਪਮਾਨ ਹੋਇਆ ਹੈ।

ਸ਼ਹਿਰੀ ਪਰਿਵੇਸ਼ ਵਾਲੀਆਂ ਕਹਾਣੀਆਂ ਵਿਚ ਰੁਮਾਂਸ, ਪਿਆਰ ਅਤੇ ਔਰਤ ਦੀ ਸੁੰਦਰਤਾ ਤੇ ਖਿੱਚ ਦੀ ਗੱਲ ਜਿਵੇਂ ਵਿਰਕ ਨੇ ਕੀਤੀ ਹੈ, ਉਸ ਵਿਚ ਇਸ ਵਿਧਾ ਦੇ ਦੂਸਰੇ ਸਮਰੱਥ ਸਮਕਾਲੀ ਲੇਖਕਾਂ ਨਾਲ ਕਾਫੀ ਕੁਝ ਮਿਲਦਾ ਤਾਂ ਹੈ, ਤਦ ਵੀ ਵਿਰਕ ਦੇ ਚਿਤਰਨ ਵਿਚ ਸਹਿਜਤਾ ਤੇ ਸਹਾਨੁਭੂਤੀ ਵਾਲਾ ਅੰਸ਼ ਕੁਝ ਵਧੇਰੇ ਉਘੜਵਾਂ ਹੈ। ਵਿਰਕ ਦੇ ਰਚਨਾ-ਕਾਲ ਦੇ ਮੁੱਢਲੇ ਦੌਰ ਦੌਰਾਨ ਸਮੁੱਚੇ ਸਾਹਿਤ-ਜਗਤ ਵਿਚ ਫਰਾਇਡਵਾਦ ਦਾ ਅਸਰ ਕੁਝ ਵਧੇਰੇ ਹੀ ਪ੍ਰਬਲ ਸੀ, ਸਗੋਂ ਬਹੁਤ ਹਾਲਤਾਂ ਵਿਚ ਲੇਖਕ ਸੁਚੇਤ ਤੌਰ 'ਤੇ ਆਪਣੇ ਦ੍ਰਿਸ਼ਟੀਕੋਣ ਵਿਚ ਮਾਰਕਸਵਾਦ ਤੇ ਫਰਾਇਡਵਾਦ ਦੇ ਸੁਮਿਸ਼ਰਣ ਦੀ ਗੱਲ ਬੜੇ ਮਾਣ ਨਾਲ ਕਰਦੇ ਸਨ। ਇਸ ਲਈ ਵਿਰਕ ਦੀਆਂ ਕਈ ਕਹਾਣੀਆਂ ਜਿਵੇਂ 'ਤਿੰਨ ਰੰਗ','ਗਊ','ਅਲੀ ਬਾਬਾ ਤੇ ਕਾਸਮ','ਸਾਬਣ', 'ਦਿੱਲੀ ਦੀ ਕੁੜੀ', 'ਮੈਂ ਹੁਣ ਬਹੁਤ ਖ਼ੁਸ਼ ਹਾਂ' ਆਦਿ ਵਿਚ ਸੈਕਸ ਦਾ ਕੁਝ ਖੁਲ੍ਹਾ ਜ਼ਿਕਰ ਵੀ ਹੈ। ਪਰ ਵਿਰਕ ਨੇ ਇਸ ਵਿਸ਼ੇ ਨੂੰ ਵਿਭਿੰਨ ਸਥਿਤੀਆਂ ਤੇ ਵਿਭਿੰਨ ਪ੍ਰਸੰਗਾਂ ਵਿਚ ਸਮਾਜ ਵਿਗਿਆਨਕ ਅਤੇ ਮਨੋ ਵਿਗਿਆਨਕ ਸੂਝ ਦੇ ਮਿਸ਼ਰਣ ਸਹਿਤ ਖ਼ੂਬਸੂਰਤੀ ਨਾਲ ਕਹਾਣੀ ਵਿਚ ਗੁੰਦਿਆ ਹੈ।

ਸੁੰਦਰ ਔਰਤ ਅਤੇ ਰਿਸ਼ਟ-ਪੁਸ਼ਟ ਗੱਭਰੂ ਵਜੋਂ ਵਿਰੋਧੀ ਲਿੰਗ ਦੇ ਆਕਰਸ਼ਣ ਦੀ ਸੁਭਾਵਕ ਪ੍ਰਵਿਰਤੀ ਦੇ ਲੁਕਵੇਂ, ਮਾਸੂਮ, ਨਿਝੱਕ ਤੇ ਸਪਸ਼ਟ ਪ੍ਰਗਟਾਵਿਆਂ ਦੇ ਦਰਸ਼ਨ ਵਿਰਕ ਦੀਆਂ ਕਹਾਣੀਆਂ ਵਿਚ ਭਰਪੂਰ ਰੂਪ ਵਿਚ ਹੁੰਦੇ ਹਨ। 'ਰੱਜ ਨਾ ਕੋਈ ਜੀਵਿਆ', 'ਇਹ ਦੁੱਧ ਤੇਰਾ', 'ਗਜਰੇ', 'ਟੂਣਾ', 'ਉੱਸੇ ਕਰਕੇ', 'ਪਟਿਆਲੇ ਦੀ ਸਵਾਰੀ','ਚਾਰ ਚਿੱਠੀਆਂ' ,'ਪਾਰਸ' ਆਦਿ ਵਿਚ ਇਸ ਪਰਸਪਰ ਖਿੱਚ ਦੇ ਜਾਦੂ ਦੇ ਸਿਰ ਚੜ੍ਹ ਬੋਲਣ ਦਾ ਬਿਰਤਾਂਤ ਇਹਨਾਂ ਕਹਾਣੀਆਂ ਵਿਚ ਇਕ ਸਦੀਵੀ ਤਾਜ਼ਗੀ ਲੈ ਆਉਂਦਾ ਹੈ। ਮੁਟਿਆਰ ਨੌਕਰਾਣੀ ਨੂੰ ਮਿਣਕੇ ਦੁੱਧ ਪਾਉਣ ਪਿੱਛੋਂ ਉਸ ਉੱਤੇ ਚੰਗੀ ਤਰ੍ਹਾਂ ਨਜ਼ਰ ਸੁੱਟਕੇ ਜਦੋਂ ਨੌਜੁਆਨ ਦੋਧੀ ਆਖਦਾ ਹੈ, "ਲੈ ਆਹ ਦੁੱਧ ਤੇਰਾ" ਤਾਂ ਇਹ ਕੁਝ ਦੇਖਦੀ ਹੋਈ ਪਤੀ ਦੀ ਗ਼ੈਰਹਾਜ਼ਰੀ ਵਿਚ ਉਤੇਜਤ ਅੱਧਖੜ੍ਹ ਮਾਲਕਣ ਚਾਹੁੰਦੀ ਹੈ ਕਿ ਅਗਲੀ ਵਾਰ ਬੁੱਢੇ ਦੋਧੀ ਦੀ ਥਾਂ ਅੱਜ ਵਾਲਾ ਉਸਦਾ ਗੱਭਰੂ ਪੁੱਤਰ ਹੀ ਦੁੱਧ ਪਾਉਣ ਆਵੇ ਅਤੇ ਨੌਕਰਾਣੀ ਦੀ ਥਾਂ ਉਹ ਖ਼ੁਦ ਦੁੱਧ ਲਵੇ। 'ਰੱਜ ਨਾ ਕੋਈ ਜੀਵਿਆ' ਵਿਚਲਾ ਨੌਜਵਾਨ ਸੱਤਪਾਲ ਆਪਣੇ ਘਰ ਵਾਲਿਆਂ ਦੇ ਇਸਰਾਰ ਉੱਤੇ ਦੂਰ-ਨੇੜੇ ਦੀ ਸਾਂਝ ਵਾਲੇ ਘਰ ਵਿਚ ਜਾ ਕੇ ਉਸ ਘਰ ਵਿਚਲੀ ਮੁਟਿਆਰ ਨੂੰ ਵੇਖਕੇ ਸਰਸ਼ਾਰ ਹੋ ਜਾਂਦਾ ਹੈ। ਉਸ ਮੁਟਿਆਰ ਨਾਲ ਸੰਭਾਵੀ ਜੀਵਨ-ਸਾਥ ਦੀ ਕਲਪਨਾ ਉਸਨੂੰ ਨਸ਼ਿਆ ਦਿੰਦੀ ਹੈ। ਪਰ ਝੱਟ ਹੀ ਪਿੱਛੋਂ ਬਾਜ਼ਾਰ 'ਚੋਂ ਗੁਜ਼ਰਦਿਆਂ ਉਸਨੂੰ ਜਦੋਂ ਇਕ ਹੋਰ ਅਤਿਅੰਤ ਹੁਸੀਨ ਕੁੜੀ ਦਿਸ ਪੈਂਦੀ ਹੈ ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਸੁੰਦਰਤਾ ਤਾਂ ਪਰੇ ਤੋਂ ਪਰੇ ਹੈ, ਉਹ ਤਾਂ ਐਵੇਂ ਹੀ ਸੰਤੁਸ਼ਟ ਹੋਇਆ ਬੈਠਾ ਸੀ। ਇੰਝ ਉਸਦਾ ਕਲਪਣਾ ਦਾ ਮਹੱਲ ਜਿਵੇਂ ਡਿੱਗ ਪੈਂਦਾ ਹੈ।

ਕੋਈ ਵੀ ਮੁਟਿਆਰ ਆਪਣੇ ਪਿਆਰ ਦੇ ਨਿਝੱਕ ਪ੍ਰਗਟਾਅ ਤੋਂ ਅਕਸਰ ਸੰਕੋਚ ਕਰਦੀ ਹੈ ਪਰ ਜਦੋਂ ਸਮੇਂ ਦੀ ਥੁੜ ਹੋਵੇ ਅਤੇ ਅਗਾਂਹ ਮੌਕਾ ਮਿਲਣ ਦੀ ਸੰਭਾਵਨਾ ਦੂਰ ਹੋਵੇ ਤਾਂ ਇਹ ਸੰਕੋਚ ਕਿਵੇਂ ਸਹਿਜ ਦਲੇਰੀ ਦਾ ਰੂਪ ਧਾਰ ਲੈਂਦਾ ਹੈ ਇਹ ਕੁਝ 'ਗਜਰੇ' ਕਹਾਣੀ ਵਿਚਲੀ ਮੁਟਿਆਰ

ਦਰਸਾਉਂਦੀ ਹੈ। ਰੇਲਵੇ ਸਟੇਸ਼ਨ ਉੱਤੇ ਵਿਦਾਇਗੀ ਦੇ ਮੌਕੇ ਬੜੇ ਸਹਿਜ ਨਾਲ ਉਹ ਆਪਣੀ ਚਾਹਤ ਵਾਲੇ ਗੱਭਰੂ ਨੂੰ ਆਖਦੀ ਹੈ, "ਇਹ ਲਉ ਸਾਂਭੋ ਆਪਣਾ ਭੰਨਿਆ ਹੋਇਆ ਗਜਰਾ, ਮੈਂ ਇਸ ਦਾ ਕੀ ਕਰਨਾ ਹੈ? ਮੈਨੂੰ ਨਵੇਂ ਗਜਰੇ ਲੈ ਕੇ ਮੇਰੇ ਦਿੱਲੀ ਦੇ ਪਤੇ 'ਤੇ ਭੇਜ ਦੇਣੇ।" ਅਤੇ ਇੰਝ ਬਹੁਤ ਜੁਗਤ ਨਾਲ ਨੌਜਵਾਨ ਨੂੰ ਆਪਣੇ ਪਿਆਰ ਦਾ ਸੁਨੇਹਾ ਦੇ ਜਾਂਦੀ ਹੈ। ਏਵੇਂ ਹੀ 'ਕੁੱਤਾ ਤੇ ਹੱਡੀ' ਕਹਾਣੀ ਵਿਚਲੀ ਨਾਇਕਾ ਦੇ ਇਹਨਾਂ ਬੋਲਾਂ ਕਿ "ਜੇ ਪਾਸ ਹੋ ਗਈ ਤਾਂ ਤੁਹਾਡੇ ਪੱਖੇ ਕਰਕੇ ਹੋਵਾਂਗੀ' ਵਿਚ ਸ਼ੁਕਰਾਨਾ ਨਹੀਂ ਸਗੋਂ ਇਹਨਾਂ ਰਾਹੀਂ ਤਾਂ ਉਹ ਗੱਭਰੂ ਨੂੰ ਪਿਆਰ-ਸੁਨੇਹਾ ਦੇ ਰਹੀ ਹੈ। ਇਹਨਾਂ ਕਹਾਣੀਆਂ ਵਾਂਗ ਹੀ ਕਿਸੇ ਹਾਣ ਦੇ ਪਿਆਰ ਵਿਚ ਸਰਸ਼ਾਰ 'ਚਾਰ ਚਿੱਠੀਆਂ' ਵਿਚਲੀ ਮੁਟਿਆਰ ਸਤਿੰਦਰ ਦੇ ਬੋਲ ਹਨ ਕਿ 'ਇਕ ਕੁੜੀ ਜਦੋਂ ਡੂੰਘੇ ਇਤਬਾਰ ਵਿਚ ਕਿਸੇ ਮੁੰਡੇ ਦੀ ਹਿੱਕ 'ਤੇ ਸਿਰ ਰੱਖ ਕੇ ਸੌਂਦੀ ਹੈ, ਜੇ ਰੱਬ ਉਥੇ ਨਹੀਂ ਤਾਂ ਮੈਂ ਪੁੱਛਦੀ ਹਾਂ ਉਹ ਕਿੱਥੇ ਹੈ '।

ਔਰਤ ਦੀ ਸੁੰਦਰਤਾ ਦੇ ਸੰਮੋਹਨ ਅਤੇ ਇਸਦੇ ਦੂਰ-ਰਸ ਪ੍ਰਭਾਵ ਦੀ ਹਕੀਕਤ ਨੂੰ ਵਿਰਕ ਨੇ ਗੱਭਰੂਆਂ ਤੇ ਮੁਟਿਆਰਾਂ ਦੇ ਆਕਰਸ਼ਣ ਤਕ ਸੀਮਤ ਨਾ ਕਰਦੇ ਹੋਏ ਸਭ ਉਮਰਾਂ ਨਾਲ ਸੰਬੰਧਤ ਵਿਆਪਕ ਜੀਵਨ ਵਿਚਲੇ ਇਸਦੇ ਲੁਕਵੇਂ ਜਾਂ ਪ੍ਰਤੱਖ ਪ੍ਰਗਟਾਵਿਆਂ ਨੂੰ ਆਪਣੀਆ ਕਹਾਣੀਆਂ ਵਿਚ ਸਮੋਇਆ ਹੈ। ਜੇ ਉਪਰ ਦੱਸੀ ਕਹਾਣੀ ਵਿਚ ਪਿਆਰ ਵਿਚ ਗੜੁੱਚ ਮੁਟਿਆਰ ਵਿਚੋਂ ਰੱਬ ਵਸਦਾ ਪ੍ਰਤੀਤ ਹੁੰਦਾ ਹੈ ਤਾਂ ਕਈ ਹੋਰ ਕਹਾਣੀਆਂ ਵਿਚ ਸੁੰਦਰਤਾ ਦੇ ਮੰਤਰ ਮੁਗਧ ਕੀਤੇ ਹੋਏ ਲੋਕ ਇਕ ਤਰ੍ਹਾਂ ਦੀ ਅਲੌਕਿਕ ਅਵਸਥਾ ਨੂੰ ਪਹੁੰਚ ਜਾਂਦੇ ਹਨ ਅਤੇ ਉਹ ਸੁੰਦਰਤਾ ਦੇ ਸਪਰਸ਼ ਜਾਂ ਨੇੜ ਕਰਕੇ ਹੀ ਸਭ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਕੇ ਸ਼ੁਭ ਕੰਮ ਕਰਨ ਵੱਲ ਰੁਚਿਤ ਹੋ ਜਾਂਦੇ ਹਨ। ਇਹਨਾਂ ਭਾਵਾਂ ਨੂੰ ਪ੍ਰਗਟਾਉਣ ਵਾਲੀਆਂ 'ਪਾਰਸ', 'ਉੱਸੇ ਕਰਕੇ' ਅਤੇ 'ਟੂਣਾ' ਨਾਂ ਦੀਆਂ ਕਹਾਣੀਆਂ ਪ੍ਰਤੀਨਧ ਉਦਾਹਰਣਾਂ ਹਨ। 'ਪਾਰਸ' ਵਿਚਲੇ ਇਕ ਸਰਕਾਰੀ ਅਧਿਕਾਰੀ ਨੂੰ ਆਪਣੇ ਵਿਭਾਗੀ ਕੰਮ ਵਿਚ ਕਿਸੇ ਨਿੱਕੀ ਮੋਟੀ ਕੁਤਾਹੀ ਲਈ ਉਪਰਲਿਆਂ ਦੀ ਕਰੋਪੀ ਦਾ ਭੈਅ ਲਗਾਤਾਰ ਪਰੇਸ਼ਾਨ ਕਰ ਰਿਹਾ ਹੈ। ਪਰ ਇਕ ਸੁੰਦਰੀ ਦਾ ਸੁਪਨੇ ਵਿਚ ਮੇਲ ਉਸਨੂੰ ਸਵੈ ਵਿਸ਼ਵਾਸ ਨਾਲ ਭਰ ਦਿੰਦਾ ਹੈ ਅਤੇ ਜੋ ਵੀ ਸਥਿਤੀ ਹੋਵੇ, ਉਸਦਾ ਸਾਹਮਣਾ ਕਰਨ ਦਾ ਉਸ ਵਿਚ ਸਾਹਸ ਆ ਜਾਂਦਾ ਹੈ। ਸੁਪਨੇ ਵਿਚ ਹੀ 'ਇਕ ਕੁੜੀ ਦੀ ਪ੍ਰਸ਼ੰਸਾ ਸਾਰੇ ਡਰ ਭਉ ਉਤਾਰ ਗਈ'। 'ਉੱਸੇ ਕਰਕੇ' ਕਹਾਣੀ ਵਿਚਲਾ ਹਰਵੰਤ ਸਿੰਘ ਮੈਜਿਸਟਰੇਟ ਇਕ ਸੁੰਦਰੀ ਦੇ ਸੰਪਰਕ ਵਿਚ ਆਉਣ ਤੋਂ ਮਗਰੋਂ ਉਸ ਬਾਰੇ ਇਹ ਚਿਤਵਦਾ ਹੈ ਕਿ 'ਜੇ ਰੱਬ ਨੇ ਉਸਨੂੰ ਬਣਾਇਆ ਸੀ ਤਾਂ ਫਿਰ ਹੋਰ ਇੰਨਾ ਕੁਝ ਬਣਾਨ ਦਾ ਕੀ ਫਾਇਦਾ? ਜੇ ਉਹ ਸੀ ਤਾਂ ਸ਼ਰਾਬ ਬਣਾਨ ਦੀ ਕੀ ਲੋੜ ਸੀ? ਤੇ ਫਿਰ ਧਰਮ ਕਿਉਂ ਬਣਾਇਆ? ਕਾਨੂੰਨ ਕਿਉਂ ਬਣਾਇਆ? ਇਹਨਾਂ ਦੋਹਾਂ ਦੀ ਪ੍ਰੇਰਨਾ ਤੋਂ ਬਿਨਾਂ ਇਸ ਕੁੜੀ ਦੇ ਹੁੰਦਿਆਂ ਉਹ ਆਪਣੇ ਆਪ ਹਰ ਇਕ ਦਾ ਭਲਾ ਚਾਹੁੰਦਾ ਸੀ, ਕਿਸੇ ਦਾ ਨੁਕਸਾਨ ਨਹੀਂ ਸੀ ਕਰ ਸਕਦਾ, ਕਿਸੇ ਦਾ ਬੁਰਾ ਨਹੀਂ ਸੀ ਕਰ ਸਕਦਾ'। ਪ੍ਰਬੰਧਕੀ ਵਿਵਸਥਾ ਜਾਂ ਕਾਨੂੰਨ-ਵਿਵਸਥਾ ਦੇ ਸਾਰੇ ਪਰਪੰਚ ਸੁੰਦਰਤਾ ਦੇ ਹੁੰਦਿਆ ਬੇਲੋੜੇ ਹਨ। ਸੁੰਦਰਤਾ ਦੇ ਪ੍ਰਕਾਸ਼ ਵਿਚ ਕੁਝ ਗ਼ਲਤ ਹੋਣ ਦੀ ਸੰਭਾਵਨਾ ਹੀ ਨਹੀਂ। ਇੰਝ ਹੀ 'ਟੂਣਾ' ਨਾਂ ਦੀ ਕਹਾਣੀ ਵਿਚ ਹਾਈ ਕੋਰਟ ਦਾ ਜੱਜ ਕਿਸੇ ਮਹਿਲਾ ਕਾਲਿਜ ਦੀ ਲੈਕਚਰਾਰ ਦੀ ਸੁੰਦਰਤਾ ਵਿਚ ਏਨਾ ਡੰਗਿਆ ਜਾਂਦਾ ਹੈ ਕਿ ਉਸਨੂੰ ਲਗਦਾ ਹੈ ਜਿਵੇਂ ਸੁੰਦਰੀ ਦਾ ਉਸ ਉੱਤੇ ਕੋਈ ਟੂਣਾ ਹੋ ਗਿਆ ਹੈ। ਉਸਦੇ ਰੋਗ ਦਾ ਇਲਾਜ ਇਹੀ ਹੈ ਕਿ ਸੁੰਦਰੀ ਸਿਰਫ ਇਕ ਵਾਰ ਫੂਕ ਮਾਰ ਕੇ ਟੂਣੇ ਦਾ ਅਸਰ ਜ਼ਾਇਲ ਕਰ ਦੇਵੇ।

ਔਰਤ ਮਰਦ ਦੇ ਪਿਆਰ ਦੀ ਕੱਥ ਕਰਦਿਆਂ ਸਮੇਂ ਦੇ ਹਿਸਾਬ ਨਾਲ ਨਵੀਂ ਗੱਲ ਜੋ ਵਿਰਕ ਨੇ ਕੀਤੀ ਹੈ ਉਹ ਇਹ ਵੀ ਹੈ ਕਿ ਕੇਵਲ ਮਰਦ ਹੀ ਔਰਤ ਦੀ ਸੁੰਦਰਤਾ ਵੱਲ ਆਕਰਸ਼ਤ ਨਹੀਂ ਹੁੰਦਾ, ਔਰਤ ਖੁਦ ਵੀ ਮਨੁੱਖ ਨਾਲੋਂ ਨਿਵੇਕਲੀ ਉਸ ਨੂੰ ਮਿਲੀ ਸੁੰਦਰਤਾ ਦੀ ਇਸ ਕੁਦਰਤੀ ਦਾਤ ਬਾਰੇ ਚੇਤੰਨ ਹੁੰਦੀ ਹੈ। ਉਹ ਪਿਆਰ ਦੇ ਜਜ਼ਬੇ ਦੇ ਪ੍ਰਗਟਾਅ ਵਿਚ ਮਰਦ ਦੇ ਹੀ ਪਹਿਲ-

ਕਦਮੀ ਕਰਨ ਦੀ ਉਡੀਕ ਨਹੀਂ ਕਰਦੀ ਰਹਿੰਦੀ। ਔਰਤ ਮਰਦ ਦੇ ਆਪਸੀ ਰਿਸ਼ਤੇ ਬਾਰੇ ਸੁੰਦਰਤਾ, ਰੁਮਾਂਸ ਤੇ ਜਿਨਸੀ ਸੰਬੰਧਾਂ ਦੀਆਂ ਵਿਰਕ ਦੀਆਂ ਸਭ ਕਹਾਣੀਆਂ ਦਾ ਸਾਰ ਤੱਤ ਇਹ ਹੈ ਕਿ ਇਹ ਲਿੰਗਕ ਨੈਤਿਕਤਾ ਦੇ ਭੂਪਵਾਦੀ ਮਾਪਦੰਡਾਂ ਦੇ ਵਿਰੋਧ ਵਿਚ ਤਾਂ ਜਾਂਦੀਆਂ ਹੀ ਹਨ, ਨਾਲ ਦੀ ਨਾਲ ਇਹ ਔਰਤ ਦੇ ਅਸਤਿਤਵ ਨੂੰ ਸਥਾਪਤ ਵੀ ਕਰਦੀਆਂ ਹਨ।

ਪੜ੍ਹ-ਲਿਖਕੇ ਆਪਣੇ ਪੈਰਾਂ 'ਤੇ ਖੜ੍ਹੀ ਹੋ ਰਹੀ, ਸਮਾਜ ਵਿਚ ਆਪਣਾ ਸਿਰ ਉੱਚਾ ਚੁੱਕਕੇ ਜਿਉਣ ਲਈ ਯਤਨਸ਼ੀਲ ਨਵੀਂ ਔਰਤ ਉਸਦੀਆਂ ਕਹਾਣੀਆ ਵਿਚ ਬਾਖੂਬੀ ਪੇਸ਼ ਹੋਈ ਹੈ। ਸਮਾਜ ਵਿਚ ਆਪਣੀ ਹੋਂਦ 'ਤੇ ਮਾਣ ਦਾ ਅਹਿਸਾਸ ਕਰਵਾਉਣ ਵੱਲ ਵਧ ਰਹੀ ਔਰਤ ਵਿਰਕ ਦੇ ਸਤਿਕਾਰ ਦੀ ਪਾਤਰ ਬਣੀ ਹੈ। ਔਰਤ ਦੇ ਆਪਣੇ ਆਪ ਵਿਚ ਵਧ ਰਹੇ ਸਵੈ-ਵਿਸ਼ਵਾਸ ਤੇ ਸਵੈ-ਮਾਣ ਵਿਚੋਂ ਵਿਰਕ ਨੂੰ ਨਵੇਂ ਭਾਰਤ ਦੇ ਨਕਸ਼ ਵਿਖਾਈ ਦਿੰਦੇ ਹਨ। ਨਵੇਂ ਪਰਿਵੇਸ਼ ਵਿਚ ਔਰਤ ਦੇ ਘਰ ਦੀ ਚਾਰ-ਦੀਵਾਰੀ 'ਚੋਂ ਨਿਕਲਣ ਅਤੇ ਆਪਣੇ ਤੌਰ 'ਤੇ ਸਮਾਜ ਦੇ ਵਿਕਾਸ ਵਿਚ ਯੋਗਦਾਨ ਪਾਉਣ ਦੇ ਬਿਰਤਾਂਤ ਦੇ ਪੱਖ ਤੋਂ ਬਹੁ-ਚਰਚਤ ਕਹਾਣੀਆਂ 'ਸ਼ੇਰਨੀਆਂ' ਅਤੇ 'ਨਮਸਕਾਰ' ਦੀ ਗੱਲ ਕੀਤੀ ਜਾ ਸਕਦੀ ਹੈ। ਆਜ਼ਾਦੀ ਤੋਂ ਝੱਟ ਮਗਰੋਂ ਦੇ ਵਰ੍ਹਿਆਂ ਵਿਚ ਜਦੋਂ ਸਿੱਖਿਆ, ਸੰਚਾਰ, ਸਿਹਤ ਵਿਵਸਥਾ ਵਰਗੇ ਖੇਤਰਾਂ ਵਿਚ ਔਰਤਾਂ ਦੀ ਸ਼ਮੂਲੀਅਤ ਦੇ ਦਰ ਖੁਲ੍ਹਣ ਲੱਗੇ ਸਨ ਤਾਂ ਇਹਨਾਂ ਖੇਤਰਾਂ ਵਿਚ ਸ਼ਹਿਰ ਤੋਂ ਦੂਰ ਪਿੰਡਾਂ ਥਾਵਾਂ ਉੱਤੇ ਕੰਮ ਕਰਨ ਲਈ ਅੱਗੇ ਆਈਆਂ ਕੁੜੀਆਂ ਉਸਨੂੰ 'ਸ਼ੇਰਨੀਆਂ' ਲਗਦੀਆਂ ਹਨ। ਪਿੰਡਾਂ ਵਿਚ ਅਧਿਆਪਕਾਵਾਂ ਵਜੋਂ ਨਿਯੁਕਤ ਹੋਈਆਂ ਆਪਣੇ ਕੰਮ ਉੱਤੇ ਪੁੱਜਣ ਦੀ ਖਾਤਰ ਸ਼ਹਿਰ ਦੇ ਪਾਰਕ ਵਿਚ ਰਤਾ ਹਨੇਰੇ ਸਾਇਕਲ ਚਲਾਉਣਾ ਸਿਖਦੀਆਂ ਕੁੜੀਆਂ ਬਾਰੇ ਕੁਝ ਹੋਰ ਹੀ ਸੋਚਦਾ ਕਹਾਣੀ ਵਿਚਲਾ ਮਰਦ ਪਾਤਰ ਹਕੀਕਤ ਜਾਣਨ ਉਪਰੰਤ ਆਪਣੀ ਸੋਚ 'ਤੇ ਸ਼ਰਮਸਾਰ ਹੁੰਦਾ ਹੈ। 'ਕੰਮ ਕਰਨ ਵਾਲੀਆਂ ਕੁੜੀਆਂ 'ਤੇ ਬੜੀਆਂ ਤੁਹਮਤਾਂ ਲਗਦੀਆਂ ਨੇ।' ਇਸਤਰ੍ਹਾਂ ਰੂੜ੍ਹੀਗਤ ਸਮਾਜ ਵਿਚ ਲੁਕਵੀਆਂ ਜਾਂ ਪ੍ਰਤੱਖ ਊਜਾਂ ਦੇ ਸਾਹਮਣੇ ਮਰਦ ਦੇ ਸਹਾਰੇ ਤੋਂ ਬਿਨਾਂ ਨੌਕਰੀਆਂ ਉੱਤੇ ਜਾਣ ਦੀ ਪਹਿਲ ਕਰਨ ਵਾਲੀਆਂ ਕੁੜੀਆਂ ਨੂੰ ਹੀ ਲੇਖਕ ਨੇ 'ਸ਼ੇਰਨੀਆਂ' ਕਿਹਾ ਹੈ। 'ਨਮਸਕਾਰ' ਕਹਾਣੀ ਵਿਚਲੀ ਸੁਸਿੱਖਿਅਤ ਡਾਕਟਰ ਦੀ ਪਦਵੀ ਤਕ ਪਹੁੰਚੀ ਇਕ ਮਟਿਆਰ 'ਆਪਣੀ ਹਸਤੀ ਨਾਲ ਹੀ ਔਰਤਾਂ ਨੂੰ ਆਜ਼ਾਦੀ ਦੁਆਂਦੀ ਅਨੁਭਵ ਕਰ ਰਹੀ ਹੈ।' ਉਸਦੇ ਇਸ ਦਾਅਵੇ ਨੂੰ ਚੈਲਿੰਜ ਦੇ ਰੂਪ ਵਿਚ ਕਹਾਣੀ ਦੇ ਇਕ ਪਾਤਰ ਦੁਆਰਾ ਇਹ ਆਖਿਆ ਜਾਂਦਾ ਹੈ ਕਿ 'ਜੇ ਸਿਆਲਾਂ ਦੀ ਧੀ, ਹੀਰ, ਆਪਣਾ ਕਿੱਸਾ ਲਿਖਵਾ ਕੇ ਤੇ ਬੰਦੇ ਬੰਦੇ ਦੇ ਮੂੰਹੋਂ ਗਵਾ ਕੇ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਉਹ ਟੁਰ ਫਿਰਕੇ ਹੀ ਕਿਵੇਂ ਖੋਲ੍ਹ ਦੇਵੇਗੀ?' ਤਾਂ ਇਸ ਦੇ ਜਵਾਬ ਵਿਚ ਮੁਟਿਆਰ ਡਾਕਟਰ ਦਾ ਤਰਕ ਬੋਲਦਾ ਹੈ ਕਿ 'ਆਦਰ ਮਰੀ ਹੋਈ ਹੀਰ ਦਾ ਹੀ ਹੋਇਆ ਹੈ। ਜਿਉਂਦੀ ਹੀਰ ਦਾ ਕਿਧਰੇ ਕੋਈ ਆਦਰ ਨਹੀਂ ਸੀ। ਉਸਦੀ ਡਾਕਟਰ ਦੀ ਪਦਵੀ ਕਰਕੇ ਤੇ ਉਸਦੇ ਡਾਕਟਰੀ ਦੇ ਕਸਬ ਤੋਂ ਲਾਭ ਹੋਣ ਕਰਕੇ ਉਸਦਾ ਜਿਉਂਦੀ ਦਾ ਆਦਰ ਹੈ ' ਤਾਂ ਕਹਾਣੀ ਦੇ ਮੁਖ ਗੋਰੇ ਪਾਤਰ ਰਾਹੀਂ ਵਿਰਕ ਨਵੇਂ ਭਾਰਤ ਵਜੋਂ ਇਸ ਡਾਕਟਰ ਨੂੰ 'ਨਮਸਕਾਰ' ਕਰਦਾ ਹੈ।

ਜੇ ਕੁਲਵੰਤ ਸਿੰਘ ਵਿਰਕ ਵਿਕਾਸ ਦੀ ਪ੍ਰਕਿਰਿਆ ਦਾ ਸੁਆਗਤ ਕਰਦਾ ਹੋਇਆ ਉਸਦਾ ਹਾਣੀ ਬਣਨ ਲਈ ਉਤਸੁਕ ਹੈ ਤਾਂ ਸਮਾਜ ਦੇ ਦਬੇ ਕੁਚਲੇ ਲੋਕਾਂ ਨਾਲ ਉਸਦੀ ਹਮਦਰਦੀ ਵੀ ਸਾਫ ਸਪਸ਼ਟ ਹੈ। ਉਸ ਅਨੁਸਾਰ ਲੇਖਕ ਸੰਵੇਦਨਸ਼ੀਲ ਤੇ 'ਪਤਲ ਚੰਮਾ' ਜੀਵ ਹੁੰਦਾ ਹੈ, ਜਿਸਨੂੰ ਆਮ ਲੋਕਾਂ ਦਾ ਦੁੱਖ ਦਰਦ ਦੂਜਿਆਂ ਦੇ ਟਾਕਰੇ ਵਧੇਰੇ ਟੁੰਬਦਾ ਹੈ। ਇਸੇ ਲਈ ਰਵਾਇਤੀ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਵਧੇਰੇ ਮਹੱਤਵ ਵਾਲੇ ਸਮਝੇ ਜਾਂਦੇ ਵਿਸ਼ਿਆ ਦਾ ਵੀ ਵਿਰਕ ਦੀ ਕਹਾਣੀ ਦੇ ਵਸਤੂ ਵਿਚ ਅਭਾਵ ਨਹੀਂ। ਉਹ ਅਵੱਸ਼ ਕਿਸੇ ਖਾਸ ਪਾਰਟੀ ਨਾਲ ਨਹੀਂ ਜੁੜਦਾ ਸਗੋਂ ਸਿੱਧਾ ਮਨੁੱਖਤਾ ਨਾਲ ਆਪਣਾ ਨਾਤਾ ਜੋੜਦਾ ਹੈ। ਸ਼੍ਰੇਣੀ ਸਮਾਜ ਵਿਚ ਲੁੱਟੇ-ਖੁੜੇ ਲੋਕਾਂ ਦੇ ਜੀਵਨ ਨੂੰ ਪੇਸ਼ ਕਰਦੀਆਂ

ਉਸਦੀਆਂ ਕਹਾਣੀਆਂ ਵਿਚ 'ਪੌਣਾ ਆਦਮੀ', 'ਲੱਖਾਂ ਕਰੋੜਾਂ ਰੁਪਈਆ', 'ਮੁੱਢੋਂ ਸੁੱਢੋਂ', 'ਬਿਗਾਨੀ ਚੀਜ਼', 'ਪੰਜਾਹ ਰੁਪਏ', 'ਕਸ਼ਟ ਨਿਵਾਰਨ', 'ਇਕ ਫੇਰੀ', 'ਨੌਕਰੀ','ਮਾਵਾਂ ਧੀਆਂ', 'ਸਾਬਨ ਦੀ ਚਿੱਪਰ' ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ।ਇਹਨਾਂ ਕਹਾਣੀਆਂ ਵਿਚ ਸਮਾਜ ਤੇ ਰਾਜ-ਵਿਵਸਥਾ ਦਾ ਸ਼੍ਰੇਣਕ ਚਰਿੱਤਰ ਅਕਸਰ ਵਿਅੰਗ ਤੇ ਵਿਡੰਬਨਾ ਦੀ ਜੁਗਤ ਦੀ ਵਰਤੋਂ ਰਾਹੀਂ ਯਥਾਰਥਵਾਦੀ ਪਹੁੰਚ ਨਾਲ ਸਾਕਾਰ ਹੋਇਆ ਹੈ।ਬਿਲਾ ਸ਼ੱਕ ਗਰੀਬੀ ਤੇ ਥੁੜ ਦਾ ਜ਼ਿਕਰ ਕਰਦਿਆਂ ਉਹ ਉਪਭਾਵੁਕ ਨਹੀਂ ਹੁੰਦਾ। ਊਣੇ-ਵਿਹੂਣੇ ਲੋਕਾਂ ਦੇ ਜੀਵਨ ਦਾ ਚਿੱਤਰ ਉਸਨੇ ਕਲਾ ਦੇ ਦਾਇਰੇ ਵਿਚ ਰਹਿਕੇ ਹੀ ਕੀਤਾ ਹੈ।

'ਲੱਖਾਂ ਕਰੋੜਾਂ ਰੁਪਈਆ' ਨਾਂ ਦੀ ਕਹਾਣੀ ਵਿਚ ਗਰੀਬੀ ਵਿਚ ਫਾਥੀ ਬਾਲੂ ਦੀ ਮਾਂ ਦਾ ਕਹਿਣਾ ਹੈ ਕਿ 'ਪੁੱਤਰ ਤੇ ਲੱਖੀਂ ਕਰੋੜੀਂ ਵੀ ਨਹੀਂ ਲੱਭਦੇ'। ਪਰ ਵਿਡੰਬਨਾ ਇਹ ਹੈ ਕਿ ਨੌਕਰੀ ਦੇਣ ਵਾਲੇ ਸਰਕਾਰੀ ਮਹਿਕਮੇ ਲਈ ਬਾਲੂ ਇਕ ਸਾਈਕਲ ਨਾਲੋਂ ਵੀ ਸਸਤਾ ਹੈ।ਦਫਤਰੀ ਫਾਈਲਾਂ ਨੂੰ ਵੱਖ ਵੱਖ ਥਾਈਂ ਪੁਚਾਉਣ ਲਈ ਸਾਈਕਲ ਦੀ ਵਰਤੋਂ ਨੂੰ ਮਹਿੰਗਾ ਸਮਝਦਿਆਂ ਹੋਇਆਂ 'ਸਾਹਬ ਨੇ ਸਾਈਕਲ ਵਾਪਸ ਕੀਤਾ ਤੇ ਬਾਲੂ ਨੂੰ ਚਪੜਾਸੀ ਰੱਖ ਲਿਆ'।' 'ਪੰਜਾਹ ਰੁਪਏ' ਵਿਚ ਇਕ ਬੰਨੇ ਗ਼ਰੀਬ ਕਿਸਾਨ ਬੱਖਾ ਸਿੰਘ ਦੀ ਆਰਥਿਕ ਤੰਗਦਸਤੀ ਹੈ ਜੋ ਆਪਣੀ ਨਵੀਂ ਵਿਆਹੀ ਧੀ ਪ੍ਰੀਤੋ ਨੂੰ ਪਰੰਪਰਾਗਤ ਢੰਗ ਨਾਲ ਉਸਦੇ ਸਹੁਰਿਆਂ ਤੋਂ ਪੇਕੇ ਘਰ ਲਿਆਉਣ ਲਈ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਲੋੜੀਂਦੇ ਪੰਜਾਹ ਰੁਪਏ ਜੁਟਾ ਨਹੀਂ ਸਕਦਾ।ਇਸ ਤਰ੍ਹਾਂ ਉਹ ਧੀ ਨੂੰ ਸਹੁਰਿਆਂ ਤੋਂ ਰਸਮੀ ਢੰਗ ਨਾਲ ਲੈਕੇ ਆਉਣ ਦਾ ਪ੍ਰੋਗਰਾਮ ਅੱਗੇ ਪਾਉਣ ਲਈ ਮਜਬੂਰ ਹੈ।ਦੂਜੇ ਬੰਨੇ ਸਰਕਾਰੀ ਭ੍ਰਿਸ਼ਟਾਚਾਰ ਦਾ ਚਿਤਰ ਹੈ ਜਿਸ ਵਿਚ ਇਕ ਸਰਕਾਰੀ ਅਧਿਕਾਰੀ ਸਰਦਾਰ ਜਵਾਹਰ ਸਿੰਘ ਆਪਣੇ ਤੋਂ ਵਡੇਰੇ ਅਫਸਰਾਂ ਦੇ ਸ਼ਿਕਾਰ ਖੇਡਣ ਤੇ ਪਿਕਨਿਕ ਮਨਾਉਣ ਦੇ ਖਰਚਾਂ ਦਾ ਭਾਰ ਚੁੱਕਣ ਲਈ ਅਖੌਤੀ ਇੰਸਪੈਕਸ਼ਨ ਵਾਸਤੇ ਸਰਕਾਰੀ ਦੌਰੇ ਦਾ ਪਰਪੰਚ ਰਚਾਉਂਦਾ ਹੈ, ਜਿਸ ਉੱਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ।'ਅੱਧੇ ਪੌਣੇ' ਵਿਚ ਦੇਸ ਦੇ ਆਜ਼ਾਦ ਹੋਣ ਪਿੱਛੋਂ ਪ੍ਰਬੰਧਕੀ ਵਿਵਸਥਾ ਦੇ ਜਮਾਤੀ ਚਰਿੱਤਰ ਨੂੰ ਗ਼ਰੀਬ ਕਿਰਤੀਆਂ ਨਾਲ ਹਮਦਰਦੀ ਦੀ ਭਾਵਨਾ ਨਾਲ ਜਿਵੇਂ ਕੁਸ਼ਲਤਾ ਸਹਿਤ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ ਉਸ ਤੋਂ ਰਵਾਇਤੀ ਪ੍ਰਗਤੀਵਾਦੀ ਵੀ ਮਾਤ ਪੈ ਜਾਂਦੇ ਹਨ। ਅੰਗਰੇਜ਼ਾਂ ਦੀ ਗੁਲਾਮੀ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਜ਼ਿਮੀਂਦਾਰ ਭੁਪਿੰਦਰ ਸਿੰਘ ਦੇ ਨਾਲ ਨਾਲ ਮੁਜ਼ਾਰੇ ਕਰਮੇ ਵਰਗੇ ਸਭ ਵਰਗਾਂ ਦੇ ਲੋਕ ਇਕ ਹੋ ਕੇ ਚੱਲੇ ਸਨ।ਪਰ ਦੇਸ਼ ਆਜ਼ਾਦ ਹੋਣ ਪਿੱਛੋਂ ਸਰਕਾਰ ਦੇ ਕਾਰਕੁਨਾਂ ਅਨੁਸਾਰ ਜ਼ਮੀਨ ਤੋਂ ਚੰਗੀ ਪੈਦਾਵਾਰ ਲੈਣ ਦੇ ਸੰਬੰਧ ਵਿਚ ਨਵੀਆਂ ਸਕੀਮਾਂ ਦਾ ਸਰੋਕਾਰ ਕੇਵਲ ਜ਼ਿਮੀਂਦਾਰਾਂ ਨਾਲ ਹੀ ਹੈ,ਇਹ ਗੱਲਾਂ ਮੁਜ਼ਾਰਿਆਂ ਦੇ ਕੰਮ ਦੀਆਂ ਨਹੀਂ।ਇਹ ਕੁਝ ਵੇਖਕੇ 'ਕਰਮੇ ਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਭੁਪਿੰਦਰ ਸਿੰਘ ਦੀ ਦੱਸੀ ਹੋਈ ਆਜ਼ਾਦੀ ਵਿਚ ਉਸ ਲਈ ਅਜੇ ਕਸਰ ਹੈ '।ਵਿਵਸਥਾ ਹੱਥੋਂ ਜਾਂ ਤਕੜਿਆਂ ਹੱਥੋਂ ਕਮਜ਼ੋਰ ਅਥਵਾ ਗ਼ਰੀਬ ਲੋਕਾਂ ਨਾਲ ਨਿੱਤ-ਦਿਹਾੜੀ ਕੀਤੇ ਜਾਂਦੇ ਛੋਟੇ ਵੱਡੇ ਧੱਕਿਆਂ ਦੀ ਮਿਸਾਲ ਵਜੋਂ ਪੇਸ਼ ਹੈ 'ਕਸ਼ਟ ਨਿਵਾਰਨ' ਸਿਰਲੇਖ ਵਾਲੀ ਕਹਾਣੀ।ਇਸ ਕਹਾਣੀ ਵਿਚਲੇ ਅੱਧਖੜ ਉਮਰ ਦੇ ਸਾਧਾਰਨ ਗ਼ਰੀਬ ਕਿਸਾਨ ਨਾਲ, ਮਾੜਾ ਹੋਣ ਕਰਕੇ, ਮੁਰੱਬੇਬੰਦੀ ਵਿਚ ਧੱਕਾ ਹੋਇਆ ਹੈ।ਧੱਕੇ ਵਿਰੁੱਧ ਵੱਡੇ ਅਫਸਰ ਕੋਲ ਚਾਰਾਜੋਈ ਕਰਨ ਲਈ ਵੇਲੇ ਸਿਰ ਸ਼ਹਿਰ ਪਹੁੰਚਣ ਵਾਸਤੇ ਰਾਤ ਭਰ ਸਵੇਰ ਵਾਲੀ ਪਹਿਲੀ ਬੱਸ ਉਡੀਕਦੇ ਰਹੇ ਇਸ ਕਮਜ਼ੋਰ ਵਿਅਕਤੀ ਨਾਲ ਬੱਸ ਵਿਚ ਵੀ ਧੱਕਾ ਹੁੰਦਾ ਹੈ ਜਦੋਂ ਸਭ ਤੋਂ ਪਿੱਛੋਂ ਬੱਸ ਵਿਚ ਚੜ੍ਹਨ ਵਾਲੇ ਬਾਬੂ ਨੂੰ ਥਾਂ ਦੇਣ ਲਈ ਉਸਨੂੰ ਉਸਦੀ ਸੀਟ ਤੋਂ ਉਠਾਕੇ ਉੱਥੇ ਬਿਠਾ ਦਿੱਤਾ ਜਾਂਦਾ ਹੈ ਜਿੱਥੇ ਕਿਸੇ ਨੇ ਉਲਟੀ ਕੀਤੀ ਹੋਈ ਹੈ।

'ਮੁੱਢੋਂ ਸੁੱਢੋਂ' ਤਾਂ ਵਿਰਕ ਦੀ ਇਕ ਲਾਮਿਸਾਲ ਕਹਾਣੀ ਹੈ ਜਿਸ ਵਿਚੋਂ ਰਾਜਨੀਤਕ

ਮਸਲਿਆਂ ਵਿਚ ਉਸਦੀ ਦਿਲਚਸਪੀ ਦੇ ਨਾਲ ਨਾਲ ਉਸਦਾ ਪ੍ਰਗਤੀਵਾਦੀ-ਮਾਨਵਵਾਦੀ ਦ੍ਰਿਸ਼ਟੀਕੋਣ ਪੂਰਨ ਕਲਾਤਮਕਤਾ ਨਾਲ ਰੂਪਮਾਨ ਹੋਇਆ ਹੈ। ਸੁਤੰਤਤਾ ਤੋਂ ਪਿੱਛੋਂ ਖੁਸ਼ ਹੈਸੀਅਤੀ ਟੈਕਸ ਦੇ ਵਿਰੁੱਧ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਲੱਗੇ ਕਿਸਾਨ ਮੋਰਚੇ ਦੀਆਂ ਘਟਨਾਵਾਂ ਦੀ ਪਿੱਠਭੂਮੀ ਵਿਚ ਲਿਖੀ ਗਈ ਇਹ ਕਹਾਣੀ ਮੋਰਚੇ ਦੌਰਾਨ ਪੁਲਸ ਵੱਲੋਂ ਪਿੰਡ ਵਿਚ ਗੋਲੀ ਚਲਾਏ ਜਾਣ ਅਤੇ ਨਤੀਜੇ ਵਜੋਂ ਕੁਝ ਲੋਕਾਂ ਦੇ ਮਾਰੇ ਜਾਣ ਨਾਲ ਪਿੰਡ ਵਿਚ ਛਾਏ ਸਹਿਮ ਦੀ ਗੱਲ ਕਰਦੀ ਹੈ।ਕਹਾਣੀ ਦੇ ਅੰਤਰਗਤ ਸੁਝਾਊ ਢੰਗ ਨਾਲ ਉਹ ਸਭ ਕੁਝ ਅੰਕਤ ਹੈ ਜੋ ਸਰਕਾਰੀ ਦਮਨ ਦੇ ਪ੍ਰਸੰਗ ਵਿਚ ਲੋਕਾਂ ਨਾਲ ਹਮਦਰਦੀ ਦਰਸਾਉਣ ਲਈ ਪ੍ਰਗਤੀਵਾਦੀ ਚੇਤਨਾ ਵਾਲਾ ਕੋਈ ਸਿਰਜਕ ਲਿਆ ਸਕਦਾ ਹੈ। ਫਰਕ ਇਹ ਹੈ ਕਿ ਵਿਰਕ ਇਹ ਕੁਝ ਦਰਸਾਉਣ ਲਈ ਨਾ ਭੜਕਾਹਟ ਤੇ ਨਾ ਰੁਦਨ ਵਾਲੀ ਸੁਰ ਅਪਨਾਉਂਦਾ ਹੈ। ਉਹ ਇਸ ਦੁਖਾਂਤ ਦੀ ਘੜੀ ਵਿਚ ਵੀ ਭਵਿੱਖਮੁਖੀ ਆਸ਼ਾਵਾਦੀ ਪਹੁੰਚ ਨਾਲ ਪਿੰਡ ਵਿਚਲੇ ਸੋਗ ਤੇ ਸਹਿਮ ਦੇ ਵਾਤਾਵਰਣ ਦੇ ਸਮਾਨਾਂਤਰ ਜ਼ਿੰਦਗੀ ਨਾਲ ਧੜਕਦੇ ਇਕ ਨਵ ਵਿਆਹੇ ਜੋੜੇ ਨੂੰ ਪਿੰਡ ਵੱਲ ਜਾਂਦੇ ਵਿਖਾਉਂਦਾ ਹੈ,ਜਿੰਨ੍ਹਾਂ ਦੇ ਬੱਚਿਆਂ ਨੇ ਉਸ ਪਿੰਡ ਦੀ ਅਗਲੀ ਪੀਹੜੀ ਵਜੋਂ ਸਾਹਵੇਂ ਆਉਣਾ ਹੈ।'ਉਹ ਦੋਵੇਂ ਉਸ ਪਿੰਡ ਨੂੰ ਜਾ ਰਹੇ ਸਨ ਜਿਸ ਪਿੰਡ ਤੋਂ ਮੈਂ ਆ ਰਿਹਾ ਸਾਂ।ਇਹ ਮੁਕਲਾਵੇ ਆਈ ਵਹੁਟੀ ਹੁਣ ਓਥੇ ਹੀ ਰਹੇਗੀ।ਇਕ ਨਵਾਂ ਘਰ ਵਸੇਗਾ। ਬੱਚੇ ਜੰਮਣਗੇ,ਜਿਹੜੇ ਉਸ ਪਿੰਡ ਦੀ ਨਵੀਂ ਪੀੜ੍ਹੀ ਬਣਨਗੇ'। ਅਤੇ ਕਹਾਣੀ ਦਾ ਪ੍ਰਵਕਤਾ ਅਖੀਰ ਉੱਤੇ ਇਹ ਆਖਦਾ ਹੈ, ' ਮੈਨੂੰ ਹੋਰ ਹੌਸਲਾ ਹੋ ਗਿਆ।ਮਨੁੱਖ ਦੀਆਂ ਬਲਾਈਂ ਮਨੁੱਖ ਦਾ ਆਪਣਾ ਬੱਚਾ ਹੀ ਵੱਡਾ ਹੋ ਕੇ ਕਟਦਾ ਆਇਆ ਹੈ।'

ਦੇਸ਼-ਵੰਡ ਦੇ ਦੁਖਾਂਤ ਨੂੰ ਵਿਰਕ ਨੇ ਬਿਲਕੁਲ ਨਵੇਂ ਤੇ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਿਆ ਤੇ ਪੇਸ਼ ਕੀਤਾ ਹੈ।ਬਟਵਾਰੇ ਦੌਰਾਨ ਸਰਹੱਦ ਦੇ ਦੋਵੇਂ ਪਾਸੇ ਵਹਿਸ਼ਤ ਦੇ ਨੰਗੇ ਨਾਚ ਦੇ ਸਨਮੁਖ ਆਪਣੀ ਕਹਾਣੀ-ਰਚਨਾ ਵਿਚ ਉਸਦਾ ਬਲ ਇਸ ਘੋਰ ਤ੍ਰਾਸਦੀ ਦੇ ਦੁੱਖ ਨੂੰ ਪੇਸ਼ ਕਰਨ ਤੋਂ ਵੱਧ ਮਨੁੱਖ ਨੂੰ ਜ਼ਿੰਦਗੀ ਨਾਲ ਜੋੜੀ ਰੱਖਣ ਉੱਤੇ ਹੈ।ਵੰਡ ਦੇ ਦੁਖਾਂਤ ਦੀਆਂ ਪਰਤਾਂ ਫਰੋਲਦਿਆਂ ਹੋਇਆਂ ਉਹ ਮਨੁੱਖਤਾ ਵਿਚ ਆਪਣੇ ਵਿਸ਼ਵਾਸ ਨੂੰ ਮੱਧਮ ਨਹੀਂ ਪੈਣ ਦਿੰਦਾ। 'ਖੱਬਲ', 'ਮੁਰਦੇ ਦੀ ਤਾਕਤ', 'ਉਲ੍ਹਾਮਾ', 'ਓਪਰੀ ਧਰਤੀ', 'ਮੁਕਤਸਰ', 'ਮੈਨੂੰ ਜਾਣਨੈਂ' ਆਦਿ ਦੇਸ਼-ਵੰਡ ਦੀ ਤ੍ਰਾਸਦੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਵਸਤ ਬਣਾਉਂਦੀਆਂ ਵਿਰਕ ਦੀਆਂ ਕਹਾਣੀਆਂ ਵਿਚ ਆਸ਼ਾਵਾਦ ਨਾਲ ਜੁੜਿਆ ਉਸਦਾ ਮਾਨਵਵਾਦ ਭਰਵੇਂ ਤੇ ਪ੍ਰਭਾਵੀ ਰੂਪ ਵਿਚ ਪੇਸ਼ ਹੋਇਆ ਹੈ, ਜਿਸਦੀ ਸਭ ਤੋਂ ਸਿਖਰਲੀ ਮਿਸਾਲ ਹੈ ਉਸਦੀ ਸ਼ਾਹਕਾਰ ਕਹਾਣੀ 'ਖੱਬਲ'।ਦੇਸ਼-ਵੰਡ ਦੀ ਭਿਆਨਕਤਾ ਨਾਲ ਮਧੋਲੀ ਤੇ ਖਰਾਬ ਕੀਤੀ ਇਸ ਕਹਾਣੀ ਦੀ ਮੁਖ ਪਾਤਰ ਅੰਦਰ ਲੁਕੀ ਜੀਵਨ ਦੀ ਚਿਣਗ ਨੂੰ ਜਿਵੇਂ ਵਿਰਕ ਨੇ ਪੇਸ਼ ਕੀਤਾ ਹੈ ਉਹ ਉਸਦੀ ਮਾਨਵਵਾਦੀ ਦ੍ਰਿਸ਼ਟੀ ਤੇ ਸਹਿਜ ਕਲਾਤਮਕਤਾ ਦਾ ਕਮਾਲ ਹੈ।ਪਰਿਵਾਰ ਤੋਂ ਨਿਖੇੜਕੇ ਧੱਕੇ ਨਾਲ ਇਕ ਮੁਸਲਮਾਨ ਵੱਲੋਂ ਆਪਣੇ ਘਰ ਵਸਾਈ ਹੋਈ ਇਸ ਬੁਰੇ-ਹਾਲ ਔਰਤ ਨੂੰ ਜਦੋਂ ਉਸ ਵਰਗੀਆਂ ਉਧਾਲੀਆਂ ਔਰਤਾਂ ਵਾਪਸ ਪਰਤਾਉਣ ਦੀ ਸਰਕਾਰੀ ਨੀਤੀ ਅਧੀਨ ਭਾਰਤੀ ਸੈਨਾ ਦਾ ਅਧਿਕਾਰੀ ਉਸਨੂੰ ਲੈਣ ਜਾਂਦਾ ਹੈ ਤਾਂ ਉਹ ਆਪਣੀ ਮੰਦੀ ਹਾਲਤ ਵਿਚ ਵੀ ਇਕ ਆਸ ਦੀ ਚਿਣਗ ਲੱਭ ਲੈਂਦੀ ਹੈ।ਭਾਰਤੀ ਫੌਜੀ ਅਫਸਰ ਦੀ ਸੁਰੱਖਿਆ ਵਿਚ ਉਸ ਨਾਲ ਚੜ੍ਹਦੇ ਪੰਜਾਬ ਪਰਤਣ ਦੀ ਥਾ ਸਗੋਂ ਉਸ ਅੱਗੇ ਇਕ ਅਨੋਖੀ ਮੰਗ ਰੱਖਦੀ ਹੋਈ ਉਹ ਆਖਦੀ ਹੈ:"ਤੂੰ ਮੇਰਾ ਸਿੱਖ ਭਰਾ ਏਂ। ਮੈਂ ਵੀ ਕਦੀ ਸਿੱਖ ਹੁੰਦੀ ਸਾਂ।ਹੁਣ ਤੇ ਮੈਂ ਮੁਸਲਮਾਨ ਹੋ ਗਈ ਹੋਈ ਹਾਂ।... ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਬਾਰਾਂ ਚੱਕ ਵਾਲੇ ਲੈ ਗਏ ਹੋਏ ਨੀ।ਉਸ ਦਿਨ ਹਮਲੇ ਵਿਚ ਸਭ ਤੋਂ ਵੱਡੀ ਧਾੜ ਉਹਨਾਂ ਦੀ ਹੀ ਸੀ ਤੇ ਉਹ ਹੀ ਉਸਨੂੰ ਲੈ ਗਏ ਨੀ।ਤੇਰੀ ਐਸ ਵੇਲੇ ਮੈਨੂ ਬੜੀ ਚੌਧਰ ਜਾਪਦੀ ਏ।ਤੂੰ ਉਹਨੂੰ ਮੇਰੇ ਕੋਲ ਲਿਆ ਦੇ...ਮੈਂ ਉਸਦੀ ਭਰਜਾਈ ਆਂ।ਮੈਂ ਉਹਨੂੰ ਹੱਥੀਂ ਪਾਲਿਆ ਏ,ਮਾਂ ਬਰੋਬਰ ਆਂ।ਉਹ ਮੇਰੇ

ਕੋਲ ਆਏਗੀ। ਮੈਂ ਆਪਣੀ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ। ਮੇਰੀ ਸਾਂਝ ਵਧੇਗੀ,ਮੇਰੀਆਂ ਬਾਹੀਂ ਬਣਨਗੀਆਂ। ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ "।

ਇੰਝ ਹੀ ਦੇਸ਼- ਵੰਡ ਉਪਰੰਤ ਕਿਵੇਂ ਨਾ ਕਿਵੇਂ ਦਿੱਲੀ ਪਹੁੰਚੇ ਅਸਲੋਂ ਹੀ ਮੰਦੀ ਹਾਲਤ ਵਿਚ ਮਹਿਜ਼ ਦਿਨ-ਕਟੀ ਕਰ ਰਹੇ, ਇਕਲਾਪੇ ਦੇ ਮਾਰੇ, 'ਮੈਨੂੰ ਜਾਣਨੈ?' ਕਹਾਣੀ ਵਿਚਲੇ ਬੇਹਿਸ ਸ਼ਰਨਾਰਥੀ ਨੂੰ ਜਦੋਂ ਥੋੜ੍ਹੀ ਜਿਹੀ ਵੀ ਜਾਣ-ਪਛਾਣ ਦਾ ਸਹਾਰਾ ਮਿਲਦਾ ਹੈ ਤਾਂ ਉਸ ਵਿਚ ਜ਼ਿੰਦਗੀ ਜਿਵੇਂ ਮੁੜ ਅੰਗੜਾਈਆਂ ਲੈਣ ਲਗਦੀ ਹੈ ਅਤੇ ਕੁਝ ਹੀ ਦਿਨਾਂ ਵਿਚ ਉਹ ਹੋਰ ਦਾ ਹੋਰ ਬਣ ਜਾਂਦਾ ਹੈ। ਉਸ ਦਾ ਕਹਿਣਾ ਹੈ ਕਿ 'ਮੈਨੂੰ ਤੇ ਸੁਰਤ ਈ ਹੁਣ ਆਈ ਏ,ਜਿਉਂ ਦਾ ਪਾਰ ਟੱਪਿਆਂ। ਮੈਨੂੰ ਤੇ ਜਾਣਦਾ ਈ ਕੋਈ ਨਹੀਂ ਸੀ '। ਏਸੇ ਤਰ੍ਹਾਂ 'ਓਪਰੀ ਧਰਤੀ'. 'ਉਲ੍ਹਾਮਾ', 'ਮੁਰਦੇ ਦੀ ਤਾਕਤ','ਕੁੜੀ ਦਾ ਦਾਜ' ਤੇ 'ਮੁਕਤਸਰ' ਸਿਰਲੇਖ ਵਾਲੀਆਂ ਕਹਾਣੀਆਂ ਵਿਚ ਬਟਵਾਰੇ ਦਾ ਦੁਖਾਂਤ ਰੁਦਨ ਵਾਲੀ ਸੁਰ ਵਿਚ ਢਿੱਲੀ ਤੇ ਨਿਰਾਸਕੁਨ ਗੱਲ ਕਰਨ ਦੀ ਥਾਂ ਮਾੜੀਆਂ ਹਾਲਤਾਂ ਵਿਚ ਵੀ ਮਨੁੱਖੀ ਚਰਿੱਤਰ ਦੀ ਵਡਿਆਈ ਨੂੰ ਪੇਸ਼ ਕਰਨ ਦਾ ਵਾਹਨ ਬਣਦਾ ਹੈ।

ਵਾਸਤਵ ਵਿਚ ਸਾਧਾਰਨ ਮਨੁੱਖਾਂ ਰਾਹੀਂ ਇਨਸਾਨੀ ਚਰਿੱਤਰ ਦੀਆਂ ਵੱਖ ਵੱਖ ਪਰਤਾਂ ਉੱਤੇ ਝਾਤ ਪੁਆਉਣਾ ਹੀ ਵਿਰਕ ਦੀ ਕਹਾਣੀ ਦਾ ਵੱਡਾ ਪਛਾਣ-ਚਿੰਨ੍ਹ ਹੈ। ਇਸ ਤਰ੍ਹਾਂ ਦੇ ਚਰਿੱਤਰ ਦੀ ਪੇਸ਼ਕਾਰੀ ਵਿਚ ਮਨੁੱਖ ਦੀ ਜਾਤ,ਜਮਾਤ,ਉਚ-ਨੀਚ, ਚੰਗ-ਮੰਦ ਆਦਿ ਦਾ ਪੱਖ ਪਿਛੋਕੜ ਵਿਚ ਚਲਿਆ ਜਾਂਦਾ ਹੈ। ਇਕ ਨਿਸਚਤ ਪਰਿਵੇਸ਼ ਵਿਚ ਵਿਚਰਦੇ ਮਨੁੱਖ ਦੇ ਧੁਰ ਅੰਦਰ ਤਕ ਜਾ ਕੇ ਉਸਦੇ ਦਿਸਦੇ ਵਿਹਾਰ ਨੂੰ ਵਿਖਾਉਣਾ ਅਤੇ ਉਸ ਪਿੱਛੇ ਕਾਰਜਸ਼ੀਲ ਕਾਰਕਾਂ ਦਾ ਸੰਕੇਤ ਦੇਣਾ ਹੀ ਉਸਦਾ ਉਦੇਸ਼ ਹੋ ਨਿਬੜਦਾ ਹੈ। ਬਾਕੀ ਸਾਰਾ ਨਿਰਣਾ ਉਹ ਪਾਠਕ ਉੱਤੇ ਛੱਡ ਦਿੰਦਾ ਹੈ। ਵਿਰਕ ਲਈ ਕੋਈ ਵੀ ਪਾਤਰ ਖਲਨਾਇਕ ਨਹੀਂ। ਪ੍ਰਵਾਨਤ ਸਦਾਚਾਰ ਦੀ ਉਲੰਘਣਾ ਕਰਨ ਵਾਲੇ ਪਾਤਰ ਵੀ ਪਿਆਰ ਤੇ ਹਮਦਰਦੀ ਦੇ ਪਾਤਰ ਬਣੇ ਰਹਿੰਦੇ ਹਨ। ਪਾਤਰਾਂ ਨਾਲ ਡੂੰਘੀ ਨਿਜੀ ਸਾਂਝ ਪਾ ਕੇ ਵਿਰਕ ਨੇ ਉਹਨਾਂ ਨੂੰ ਇਉਂ ਪੇਸ਼ ਕੀਤਾ ਹੈ ਕਿ ਆਪਣੀਆਂ ਤਰੁਟੀਆਂ, ਕਮਜ਼ੋਰੀਆਂ, ਹਾਰਾਂ, ਥੁੜਾਂ ਦੇ ਬਾਵਜੂਦ ਉਹ ਸਾਨੂੰ ਆਪਣੇ, ਸਾਡੇ ਹੀ ਨੇੜੇ ਦੇ, ਜੀਵ ਲਗਦੇ ਹਨ।

'ਓਪਰੀ ਧਰਤੀ' ਦੇ ਹਜ਼ਾਰਾ ਸਿੰਘ ਦਾ ਚੋਰ ਹੋਣਾ ਵਸਤੂ ਵਜੋਂ ਇਸ ਕਹਾਣੀ ਦਾ ਮੁਖ ਸਰੋਕਾਰ ਨਹੀਂ। ਚੋਰੀ ਦੀ ਉਸਦੀ ਇਸ ਆਦਤ ਦਾ ਵੇਰਵਾ ਤਾਂ ਵਿਰਕ ਟੱਪੇ ਦੇ ਜੱਟ ਭਾਈਚਾਰੇ ਦੀ ਇਕ ਖਾਸੀਅਤ ਨੂੰ ਉਜਾਗਰ ਕਰਨ ਵਜੋਂ ਹੈ। ਕਹਾਣੀ ਵਿਚ ਹਜ਼ਾਰਾ ਸਿੰਘ ਸਗੋਂ ਹਮਦਰਦੀ ਦੇ ਪਾਤਰ ਵਜੋਂ ਉਭਰਦਾ ਹੈ ਜਿਸਨੂੰ ਆਪਣੇ ਕਸਬ ਲਈ ਨਵੀਂ ਧਰਤੀ ਰਾਸ ਨਹੀਂ ਆਉਂਦੀ। ਸ਼ੇਖੂਪੁਰੇ ਦੀ ਧਰਤੀ ਤੋਂ ਉਜੜਕੇ ਕਰਨਾਲ ਪਹੁੰਚਿਆ ਹਜ਼ਾਰਾ ਸਿੰਘ ਜਿਵੇਂ ਗਿਲੇ ਤੇ ਅਫਸੋਸ ਦੇ ਭਾਵ ਨਾਲ ਬੋਲਦਾ ਹੈ,"ਏਸ ਓਪਰੀ ਧਰਤੀ 'ਤੇ ਤਾਂ ਅਸਲੋਂ ਮੇਰਾ ਪੈਰ ਈ ਨਹੀਂ ਉਠਦਾ,ਚੋਰੀ ਮੈਂ ਕੀ ਕਰਨੀ ਏ"। ਪੇਂਡੂ ਸਮਾਜ ਦੇ ਪਿਛਕੋੜ ਵਿਚੋਂ ਉਭਰਦੇ 'ਉਜਾੜ' ਕਹਾਣੀ ਵਿਚਲੇ ਆਲਾ ਸਿੰਘ ਅਤੇ 'ਧਰਤੀ ਹੇਠਲਾ ਬੌਲਦ' ਵਿਚਲੇ ਬਜ਼ੁਰਗ ਬਾਪੂ ਵਰਗੇ ਪ੍ਰਤੀਨਿਧ ਪਾਤਰ ਤਾਂ ਕਿਸੇ ਸਮੇਂ ਯਾਦਾਂ ਦੀ ਪਿੱਠਭੂਮੀ ਵਿਚ ਜਾ ਸਕਦੇ ਹਨ, ਪਰ ਤੀਵੀਂ ਲਈ ਮਰਦ ਦੀ ਸਦੀਵੀ ਸਿੱਕ ਨੂੰ ਦਰਸਾਉਂਦਾ, ਕਲਪਤ ਚਾਚੀ ਨਾਲ ਜੋੜਕੇ ਆਪਣੀਆਂ ਕਹਾਣੀਆਂ ਸੁਣਾਉਣ ਵਾਲਾ 'ਚਾਚਾ' ਤਾਂ ਕਦੇ ਵੀ ਸਿਮਰਤੀ ਤੋਂ ਬਾਹਰ ਨਹੀਂ ਜਾ ਸਕਦਾ।'' ਮੈਂ ਤੇ ਤੇਰੀ ਚਾਚੀ ਇਕ ਵੇਰੀ ਚਲੇ ਮੱਸਿਆ ਅੰਬਰਸਰ ਦੀ। ਟੇਸ਼ਨ ਦੀ ਅਜੇ ਅੱਧੀ ਕੁ ਵਾਟ ਵੀ ਨਹੀਂ ਸਾਂ ਗਏ ਤੇ ਪੋਲਾ ਜਿਹਾ ਮੂੰਹ ਬਣਾਕੇ ਆਖਣ ਲੱਗੀ, 'ਲੈ ਆਹ ਜ਼ਰਾ ਮੁੰਡਾ ਤੇ ਫੜ, ਮੇਰੀ ਤੇ ਬਾਂਹ ਵੀ ਆਕੜ ਗਈ ਏ।' ਵਿਚੋਂ ਤੇ ਡਰ ਇਹ ਸਾਸੂ ਜੇ ਮੁੰਡੇ ਨੇ ਮੂਤਰਿਆ ਤਾਂ ਸੁੱਚੇ ਕਪੜੇ ਗਵੀਚ ਜਾਣਗੇ"।

ਸ਼ਹਿਰੀ ਪਰਿਵੇਸ਼ ਵਿਚੋਂ ਵੀ ਬਹੁਤ ਸਾਧਾਰਨ ਜਾਪਦੇ ਪਰ ਅਸਾਧਾਰਨ ਗੱਲਾਂ ਕਰ ਜਾਣ ਵਾਲੇ ਕਿੰਨੇ ਹੀ ਪਾਤਰ ਵਿਰਕ ਦੀਆਂ ਕਹਾਣੀਆਂ ਵਿਚੋਂ ਝਾਤੀ ਮਾਰਦੇ ਹਨ। ਮੁਟਿਆਰ 'ਵਿੰਕੀ'

ਅਜਿਹੀ ਹੀ ਇਕ ਪਾਤਰ ਹੈ ਜਿਸ ਦੇ ਵਿਆਹ ਦੀਆਂ ਘਰ ਵਿਚ ਤਿਆਰੀਆਂ ਹੋ ਰਹੀਆਂ ਹਨ। ਲੇਖਕ ਦਾ ਦੱਸਣਾ ਹੈ ਕਿ 'ਆਮ ਜੁਆਨ ਕੁੜੀਆਂ ਮਾਪਿਆਂ ਦੇ ਘਰੀਂ ਡਾਢੀਆਂ ਔਕੀਆਂ ਹੁੰਦੀਆਂ ਨੇ ਤੇ ਵਿਆਹ ਦੀਆਂ ਸੋਆਂ ਤੇ ਬੜੀਆਂ ਖੁਸ਼ ਹੁੰਦੀਆਂ ਨੇ। ਪਰ ਵਿੰਕੀ ਨੂੰ ਕੋਈ ਚਾਅ ਨਹੀਂ ਸੀ'। ਕਾਰਨ ਇਹ ਕਿ ਸੁਦੀਪ ਨਾਂ ਦੇ ਇਕ ਮੁੰਡੇ ਨਾਲ ਉਸਦਾ ਪਿਆਰ ਸੀ। ਘਰ ਵਾਲੇ ਸੁਦੀਪ ਵੱਲੋਂ ਉਸਨੂੰ ਮੋੜਨ ਲਈ ਜਾਂ ਫਿਰ ਉਸ ਦੇ ਪਿਆਰ ਦੀ ਸੱਚਾਈ ਦਾ ਨਿਖੇੜਾ ਕਰਨ ਲਈ ਵਿੰਕੀ ਨੂੰ ਸਲਾਹ ਦਿੰਦੇ ਹਨ ਕਿ ਉਹ ਸੁਦੀਪ ਨੂੰ ਝੂਠ ਮੂਠ ਦਾ ਡਰਾਵਾ ਦੇਵੇ ਕਿ ਜੇ ਉਹ ਤਟਫਟ ਉਸ ਨਾਲ ਸ਼ਾਦੀ ਨਹੀਂ ਰਚਾਉਂਦਾ ਤਾਂ ਉਹ ਘਰ ਦਿਆਂ ਦੀ ਪਸੰਦ ਵਾਲੇ ਮੁੰਡੇ ਨਾਲ ਵਿਆਹ ਕਰ ਲਵੇਗੀ। ਆਪਣੇ ਪਿਆਰ ਵਿਚ ਪਰਿਪੱਕ ਵਿੰਕੀ ਲਈ ਇਹ ਸਲਾਹ ਨਿਰਮੂਲ ਹੈ,ਕਿਉਂਕਿ ਉਸ ਅਨੁਸਾਰ "ਜਿਹੜੀ ਗੱਲ ਮੈਂ ਅਸਲ ਵਿਚ ਕਰਨੀ ਨਹੀਂ,ਉਹ ਮੈਂ ਕਹਿ ਕਿਵੇਂ ਸਕਦੀ ਹਾਂ"। ਅਤੇ ਵਿੰਕੀ ਵਰਗੀ ਹੀ ਇਕ ਹੋਰ ਮੁਟਿਆਰ ਹੈ 'ਸਤਿਜੁਗ' ਕਹਾਣੀ ਵਿਚਲੀ ਨਿੰਮੀ। ਆਪਣੀਆਂ ਦੂਸਰੀਆਂ ਭੈਣਾਂ ਸੰਗ ਬਾਜ਼ਾਰ ਵਿਚ ਜਾਂਦਿਆਂ ਕਿਸੇ ਮੁੰਡੇ ਦੇ ਰਤਾ ਛੇੜਖਾਨੀ ਕਰ ਜਾਣ 'ਤੇ ਬਾਕੀ ਭੈਣਾਂ ਵਾਂਗ ਛੇੜਖਾਨੀ ਕਰਨ ਵਾਲੇ ਮੁੰਡੇ ਨੂੰ ਨਾ ਕੁੱਟਣ 'ਤੇ ਉਸਦਾ ਤਰਕ ਹੈ -- "ਨਹੀਂ ਭੈਣ ਜੀ ਤੁਸੀਂ ਗੁੱਸਾ ਨਾ ਕਰਨਾ, ਮੇਰੇ ਵੱਸ ਦੀ ਗੱਲ ਨਹੀਂ ਸੀ। ਮੇਰੇ ਕੋਲੋਂ ਕਿਸੇ ਨੂੰ ਦੁੱਖ ਨਹੀਂ ਦਿੱਤਾ ਜਾਂਦਾ"। ਆਖਰ ਕਥਾ ਕਰਦਿਆਂ ਪੰਡਤ ਜੀ ਨੇ ਇਹੀ ਤੱਤ ਤਾਂ ਕੱਢਿਆ ਸੀ ਕਿ,ਅਸਲ ਵਿਚ ਲੋਕਾਂ ਨੂੰ ਦੁੱਖ ਦੇਣ, ਉਹਨਾਂ ਦਾ ਦਿਲ ਦੁਖਾਣ ਦਾ ਨਾਂ ਹੀ ਕਲਜੁਗ ਹੈ'। ਅਤੇ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਕਿ ਇਸ 'ਸਤਿਜੁਗੀ' ਮੁਟਿਆਰ ਨਿੰਮੀ ਨੂੰ ਗੱਭਰੂ ਮੁੰਡੇ ਦਾ ਛੇੜਨਾ ਚੰਗਾ ਲੱਗਿਆ ਹੋਵੇਗਾ।

ਵਿਰਕ ਬਹੁਤ ਘੱਟ ਬੋਲਣ ਵਾਲਾ ਵਿਅਕਤੀ ਸੀ। ਕਿਸੇ ਮਹਿਫਲ ਵਿਚ ਵੀ ਅਕਸਰ ਚੁੱਪ ਰਹਿਕੇ ਜਾਂ ਬਹੁਤ ਹੀ ਘੱਟ ਬੋਲ ਕੇ ਦੂਸਰਿਆਂ ਦੀ ਗੱਲਬਾਤ ਸੁਣਦੇ ਜਾਣਾ ਅਤੇ ਉਹਨਾਂ ਦੇ ਵਿਹਾਰ ਨੂੰ ਵਾਚਣਾ ਉਸਦੇ ਸੁਭਾਅ ਦੇ ਨੇੜੇ ਸੀ। ਉਸਦਾ ਇਹ ਸੁਭਾਅ ਇਕ ਕਹਾਣੀਕਾਰ ਵਜੋਂ ਬਹੁਤ ਵੱਡਾ ਗੁਣ ਸਾਬਤ ਹੋਇਆ ਹੈ। ਉਸਦੀ ਕੋਈ ਵੀ ਕਹਾਣੀ ਆਕਾਰ ਵਿਚ ਪੁਸਤਕ ਦੇ ਪੰਜ ਛੇ ਸਫਿਆਂ ਤੋਂ ਵੱਧ ਨਹੀਂ। ਸੰਜਮਤਾ, ਸਹਿਜਤਾ ਤੇ ਸੂਖਮਤਾ ਉਸਦੀ ਕਹਾਣੀ ਦੇ ਵਿਸ਼ੇਸ਼ ਪਛਾਣ-ਚਿੰਨ੍ਹ ਹਨ। ਨਿੱਕੀਆਂ ਨਿੱਕੀਆਂ, ਆਮ ਲੋਕਾਂ ਦੀ ਨਜ਼ਰ ਤੋਂ ਉਹਲੇ ਰਹਿ ਜਾਣ ਵਾਲੀਆਂ, ਗੱਲਾਂ ਉਸਦੀਆਂ ਕਹਾਣੀਆਂ ਦਾ ਅੰਗ ਬਣਕੇ ਬਹੁਤ ਵੱਡੇ ਅਰਥ ਦੇ ਜਾਂਦੀਆਂ ਹਨ, ਜਿਵੇਂ 'ਦੋ ਆਨੇ ਦਾ ਘਾਹ' ਨਾਂ ਦੀ ਚਰਚਤ ਕਹਾਣੀ ਵਿਚ ਪੇਂਡੂ ਪਿਛੋਕੜ ਵਾਲੇ, ਸ਼ਹਿਰ ਦੀ ਕਮੇਟੀ ਦੇ ਪ੍ਰਧਾਨ ਵਕੀਲ ਸਰਦਾਰ ਬੂਟਾ ਸਿੰਘ ਦੀ ਸੁਭਾਵਕ ਕਮਜ਼ੋਰੀ। ਬਚਪਨ ਵਿਚ ਮੱਝੀਂ ਚਾਰਨ ਦਾ ਸ਼ੌਕ ਤੇ ਚੱਜ ਰੱਖਣ ਵਾਲਾ ਸ਼ਹਿਰ ਦਾ ਇਹ ਪਤਵੰਤਾ, ਗੁਆਂਢੀ ਰਾਇ ਬਹਾਦਰ ਅਮੋਲਕ ਰਾਮ ਨਾਲ ਆਪਣੀ ਡੂੰਘੀ ਸਾਂਝ ਦੇ ਬਾਵਜੂਦ ਉਸ ਦੀ ਮੱਝ ਦਾ ਆਪਣੀ ਕੋਠੀ ਦੇ ਘਾਹ ਵਿਚ ਮੂੰਹ ਮਾਰਨਾ ਬਰਦਾਸ਼ਤ ਨਹੀਂ ਕਰ ਸਕਦਾ। ਉਸਦੀ ਕੋਠੀ ਦੇ ਪਿਛਵਾੜੇ ਚਰ ਰਹੀ ਮੱਝ ਆਖਰ ਕਿੰਨਾ ਕੁ ਘਾਹ ਖਾ ਜਾਵੇਗੀ,ਉਨਾ ਕੁ ਜਿੰਨਾ ਮੰਡੀ ਵਿਚੋਂ ਦੋ ਆਨਿਆਂ ਵਿਚ ਮਿਲ ਜਾਵੇ। ਪਰ ਬਿਗਾਨੀ ਮੱਝ ਦਾ ਉਸਦੀ ਕੋਠੀ ਵਿਚਲੇ ਘਾਹ ਵਿਚ ਮੂੰਹ ਮਾਰਨਾ ਉਸਨੂੰ ਇੰਝ ਲਗਦਾ ਹੈ 'ਜਿਵੇਂ ਕੋਈ ਉਸਦੇ ਨੋਟਾਂ ਦੇ ਸੰਦੂਕ ਵਿਚੋਂ ਆਪਣੀਆਂ ਜੇਬਾਂ ਭਰੀ ਜਾ ਰਿਹਾ ਹੋਵੇ, ਜਾਂ ਕਾਹਲੀ ਕਾਹਲੀ ਉਸਦੀ ਕੋਠੀ ਦੀਆਂ ਨੀਹਾਂ ਢਾਹੀ ਜਾ ਰਿਹਾ ਹੋਵੇ'। ਅਤੇ ਉਹ ਆਪਣੇ ਮਿੱਤਰ ਗੁਆਂਢੀ ਦੀ ਮੱਝ ਨੂੰ ਸ਼ਿਸ਼ਕੇਰ ਕੇ ਹੀ ਹਟਦਾ ਹੈ, ਭਾਵੇਂ ਇਸ ਗੱਲ ਦਾ ਉਸਨੂੰ ਤੌਖਲਾ ਵੀ ਰਹਿੰਦਾ ਹੈ ਕਿ ਇਸ ਤਰ੍ਹਾਂ ਕਰਦਿਆਂ ਕਿਸੇ ਨੇ ਉਸਨੂੰ ਦੇਖ ਤਾਂ ਨਹੀਂ ਲਿਆ। ਮਨੁੱਖ ਦੇ ਵਿਹਾਰ ਦੀਆਂ ਅੰਦਰੂਨੀ ਪਰਤਾਂ ਨੂੰ ਪਕੜਨ ਵਾਲੀ ਇਹ ਵਿਰਕ ਦੀ ਇਕ ਸ੍ਰੇਸ਼ਟ ਮਨੋਵਿਗਿਆਨਕ ਕਹਾਣੀ ਹੈ ਜਿਸ ਦੀ ਕਲਾਤਮਕਤਾ ਦੀ ਪਛਾਣ ਨਾ ਕਰ ਸਕਣ ਕਾਰਨ ਭੁਲੇਖੇ ਵਸ ਕੋਈ ਇਸ ਵਿਚੋਂ ਵਕੀਲ ਬੂਟਾ ਸਿੰਘ ਦੇ ਵਿਹਾਰ ਨੂੰ ਉਸਦੀ ਪੂੰਜੀਵਾਦੀ ਲਾਲਚੀ ਬਿਰਤੀ ਵਜੋਂ ਵੇਖ ਸਕਦਾ ਹੈ।

ਇੰਝ ਹੀ 'ਦਾਤੇ' ਸਿਰਲੇਖ ਵਾਲੀ ਕਹਾਣੀ ਵਿਚਲੇ ਬੱਚਿਆਂ ਦੀ ਮਾਸੂਮੀਅਤ ਸਾਹਮਣੇ ਆਉਂਦੀ ਹੈ। ਗ਼ਰੀਬੀ ਵਿਚ ਮਸਾਂ ਘਰ ਦਾ ਗੁਜ਼ਾਰਾ ਤੋਰਦੀ ਆਪਣੀ ਮਾਂ ਨੂੰ ਚੀਜ਼ ਵਸਤ ਖਰੀਦਣ ਸਮੇਂ ਬੱਚੇ ਅਕਸਰ ਆਪਣੀ ਨਿਜੀ ਲੋੜ ਦੀ ਚੀਜ਼ ਖਰੀਦਣ ਤੋਂ ਹਿਚਕਚਾਉਂਦਿਆਂ ਵੇਖਦੇ ਰਹੇ ਹਨ। ਇਹਨਾਂ ਮਾਸੂਮਾਂ ਨੂੰ ਘਰ ਦੀ ਗ਼ਰੀਬੀ ਦਾ ਅਹਿਸਾਸ ਨਹੀਂ। ਇਕ ਦਿਨ ਘਰ ਦੀਆਂ ਲੋੜਾਂ ਲਈ ਮਾਂ ਵੱਲੋਂ ਸੰਭਾਲ ਕੇ ਰੱਖੇ ਦਸ ਰੁਪਏ ਹੱਥ ਆ ਜਾਣ 'ਤੇ ਉਹ ਬਾਜ਼ਾਰ ਜਾ ਕੇ ਚਾਈਂ ਚਾਈਂ ਮਾਂ ਲਈ ਸੁਗਾਤਾਂ ਖਰੀਦਦੇ ਹੋਏ ਸੋਚ ਰਹੇ ਹਨ ਕਿ "ਅੱਜ ਅਸਾਂ ਮੰਮੀ ਨੂੰ ਖੁਸ਼ ਕਰ ਦੇਣਾ ਏ"। ਬੱਚਿਆਂ ਦੀ ਮਾਨਸਿਕਤਾ ਦਾ ਹੀ ਇਕ ਹੋਰ ਖੂਬਸੂਰਤ ਪ੍ਰਗਟਾਅ ਹੈ 'ਮਿੰਨੀ ਦੀ ਸਲੇਟ' ਨਾਂ ਦੀ ਕਹਾਣੀ ਵਿਚਲੀ ਮਿੰਨੀ। ਮਿੰਨੀ ਦੇ ਪਿਤਾ ਗਿੱਲ ਸਾਹਿਬ ਨੇ ਅੱਜ ਜ਼ਿਲ੍ਹਾ ਪ੍ਰੀਸ਼ਦ ਦੀ ਪ੍ਰਧਾਨਗੀ ਦੀ ਚੋਣ ਵਿਚ ਜਿੱਤ ਹਾਸਲ ਕੀਤੀ ਹੈ। ਸੁਭਾਵਕ ਹੀ ਉਹ ਬਹੁਤ ਖੁਸ਼ ਹਨ ਅਤੇ ਗਿੱਲ ਕਾਟੇਜ ਦੇ ਲਾਅਨ ਵਿਚ ਬੈਠੇ ਲੋਕਾਂ ਤੋਂ ਵਧਾਈਆਂ ਲੈਣ ਵਿਚ ਰੁੱਝੇ ਹੋਏ ਹਨ। ਮਿੰਨੀ ਵੀ ਗਿੱਲ ਸਾਹਿਬ ਨਾਲ ਖੁਸ਼ੀ ਸਾਂਝੀ ਕਰਨੀ ਚਾਹੁੰਦੀ ਹੈ, ਜੋ ਅੱਜ ਦੇ ਦਿਨ ਪ੍ਰਧਾਨਗੀ ਮਿਲਣ ਦੀ ਘਟਨਾ ਤੋਂ ਬਿਨਾਂ ਭਲਾ ਹੋਰ ਕੀ ਹੋ ਸਕਦੀ ਹੈ! ਵਧਾਈਆਂ ਦੇਣ ਵਾਲਿਆਂ ਵਿਚ ਘਿਰੇ ਗਿੱਲ ਸਾਹਿਬ ਗੱਲ ਕਰਨ ਲਈ ਉਡੀਕਦੀ ਬੱਚੀ ਨੂੰ ਖੁਸ਼ੀ ਦੇ ਰਉਂ ਵਿਚ ਆਪਣੇ ਕੋਲ ਆਉਣ ਦਿੰਦੇ ਹਨ। ਪਰ ਮਿੰਨੀ ਲਈ ਤਾਂ ਆਪਣੇ ਪਿਤਾ ਨਾਲ ਸਾਂਝੀ ਕਰਨ ਲਈ ਖੁਸ਼ੀ ਵਾਲੀ ਜ਼ਰੂਰੀ ਖਬਰ ਇਹ ਹੈ ਕਿ:"ਪਿਤਾ ਜੀ ਬੀਨਾ ਭੈਣ ਜੀ ਨੇ ਨਵੀਂ ਜਮਾਤ ਦੀਆਂ ਕਿਤਾਬਾਂ ਲੈ ਲਈਆਂ ਨੇ ਤੇ ਉਸ ਦੀ ਸਲੇਟ ਬੀਬੀ ਜੀ ਨੇ ਮੈਨੂੰ ਦੇ ਦਿੱਤੀ ਏ"।

ਬਹੁਤ ਸਹਿਜ ਨਾਲ ਹੀ ਕਹਾਣੀ ਵਿਚ ਵੱਡੇ ਅਰਥਾਂ ਵਾਲੀਆਂ ਗੱਲਾਂ ਕਰ ਜਾਣ ਦੀ ਵਿਰਕ ਦੀ ਜੁਗਤ ਤਾਂ ਉਸ ਦੀ ਲਗਪਗ ਹਰ ਕਹਾਣੀ ਵਿਚ ਹੀ ਵੇਖੀ ਜਾ ਸਕਦੀ ਹੈ ਪਰ ਉਦਾਹਰਨ ਮਾਤਰ ਦੋ ਤਿੰਨ ਹੋਰ ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪੜ੍ਹ-ਲਿਖਕੇ ਵੱਡਾ ਆਦਮੀ ਬਣ ਗਿਆ 'ਬੈਰਿਸਟਰ ਸਾਹਿਬ' ਕਹਾਣੀ ਵਿਚਲਾ ਮੁਖ ਪਾਤਰ ਪਸ਼ਚਾਤਾਪ ਜਿਹੇ ਦੇ ਭਾਵਾਂ ਵਿਚ ਵਿਚਰਦਾ ਹੈ। ਕਰਨ ਇਹ ਹੈ ਕਿ ਵੱਡਾ ਆਦਮੀ ਬਣ ਜਾਣ ਨਾਲ ਆਪਣੇ ਸਭ ਸਕਿਆਂ ਤੋਂ ਉਸਦੀ ਵਿੱਥ ਸਥਪਤ ਹੋ ਗਈ ਹੈ, ਜੋ ਉਸਨੇ ਖੁਦ ਕਾਇਮ ਨਹੀਂ ਕੀਤੀ। ਸਾਰੇ ਸਕੇ ਸੰਬੰਧੀ ਉਸ ਨੂੰ ਆਦਰ ਵਾਲੀ ਵਿੱਥ ਨਾਲ ਮਿਲਦੇ ਤੇ ਇਸੇ ਤਰ੍ਹਾਂ ਹੀ ਗੱਲ ਕਰਦੇ ਹਨ। ਜਦੋਂ ਮਾਂ ਵੀ ਪੁੱਤਰ ਨੂੰ ਓਪਰੇਪਨ ਵਾਲੇ ਇਸੇ ਤਰ੍ਹਾਂ ਦੇ ਸਤਿਕਾਰ-ਭਾਵ ਨਾਲ ਬੁਲਾਉਂਦੀ ਹੈ ਤਾਂ ਬੈਰਿਸਟਰ ਸਾਹਿਬ ਪਰੇਸ਼ਾਨੀ ਦੇ ਭਾਵ ਨਾਲ ਸੋਚਦੇ ਹਨ ਕਿ 'ਭੈਣ ਭਰਾ ਤੇ ਮਾਮਿਆਂ ਦੇ ਨਾਲ ਨਾਲ ਉਹ ਤਾਂ ਆਪਣੀ ਮਾਤਾ ਤੋਂ ਵੀ ਨਿਖੜਿਆ ਹੋਇਆ ਹੈ'। 'ਬਾਲਗ' ਕਹਾਣੀ ਦਾ ਮੁਖ ਪਾਤਰ ਨੌਜਵਾਨ ਤੇ ਕਾਂਤਾ ਗਵਾਂਢੀ ਸੀ। ਜਦੋਂ ਉਹ ਨਾਲ ਦੀ ਕੋਠੀ ਵਿਚ ਆ ਕੇ ਗਵਾਂਢੀ ਬਣੇ ਉਦੋਂ ਉਹ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ ਤੇ ਕਾਂਤਾ ਪੰਜਵੀਂ ਵਿਚ। ਉਸਨੂੰ ਕਾਂਤਾ ਦੇ ਕੁੜੀ ਹੋਣ ਦਾ ਅਹਿਸਾਸ ਸੀ, ਪਰ ਬਹੁਤਾ ਨਹੀਂ। ਮਾਸੀ ਜੀ ਯਾਨੀ ਕਾਂਤਾ ਦੀ ਮਾਂ ਦੋਨਾਂ ਦੇ ਨੇੜ ਤੋਂ ਕੁਝ ਫਿਕਰਮੰਦ ਹੁੰਦੀ ਜਿਸ ਕਰਕੇ ਉਹ ਬਿਨਾਂ ਕੋਈ ਕਸੂਰ ਕਰਨ ਦੇ ਹੀ ਕਸੂਰਵਾਰ ਅਨੁਭਵ ਕਰਦਾ ਰਹਿੰਦਾ। ਚੋਰ ਨਾ ਹੁੰਦਿਆਂ ਵੀ ਉਹ ਆਪਣੇ ਆਪ ਨੂੰ ਚੋਰ ਮਹਿਸੂਸ ਕਰਦਾ। ਆਪਣੀ ਬੇਇਜ਼ਤੀ ਨਾਲੋਂ ਉਸਨੂੰ ਕਾਂਤਾ ਦੀ ਮਾਂ ਦੇ ਮਾਨਸਿਕ ਦੁੱਖ ਦਾ ਵਧੇਰੇ ਫਿਕਰ ਹੁੰਦਾ। ਕੁਝ ਸਮੇਂ ਲਈ ਕਹਾਣੀ ਦੇ ਇਸ ਨੌਜਵਾਨ ਪਾਤਰ ਦੇ ਬਾਹਰ ਗਏ ਹੋਣ ਦੌਰਾਨ ਕਾਂਤਾ ਦਾ ਕਿਸੇ ਮੁੰਡੇ ਨਾਲ ਪਿਆਰ ਹੋ ਗਿਆ। ਕਾਂਤਾ ਨੇ ਐਲਾਨੀਆ ਕਹਿ ਵੀ ਦਿੱਤਾ ਕਿ ਉਸਨੇ ਵਿਆਹ ਵੀ ਉਸੇ ਮੁੰਡੇ ਨਾਲ ਹੀ ਕਰਾਣਾ ਹੈ। ਇਸ ਪਿਛੋਕੜ ਵਿਚ ਜਦੋਂ ਕਹਾਣੀ ਵਿਚਲਾ ਇਹ ਨੌਜਵਾਨ ਮੁਖ ਪਾਤਰ ਕਾਂਤਾ ਨੂੰ ਮਿਲਣ ਆਇਆ ਤਾਂ ਪਹਿਲਾਂ ਸੂਹਾਂ ਰਖਦੀ ਰਹਿੰਦੀ ਮਾਸੀ ਨੂੰ ਉਹਨਾਂ ਦੇ ਆਪਸ ਵਿਚ ਮਿਲ ਬੈਠਣ 'ਤੇ ਹੁਣ ਕੋਈ ਚਿੰਤਾ ਨਹੀਂ ਸੀ। ਬੈਠਕ ਵਿਚ ਉਹਨਾਂ ਨੂੰ ਇਕੱਠਿਆਂ ਬੈਠੇ ਵੇਖਕੇ ਹੁਣ ਮਾਸੀ ਨੇ ਸਹਿਜ ਨਾਲ ਆਖਿਆ-

-'ਚੰਗਾ ਤੁਸੀਂ ਕਰੋ ਗੱਲਬਾਤ। ਮੈਂ ਤੇ ਕਮਰਾ ਝਾੜਨ ਵਾਸਤੇ ਆਈ ਸਾਂ। ਫੇਰ ਝਾੜ ਲਵਾਂਗੀ।' ਲੇਖਕ ਦੇ ਕਹਿਣ ਮੁਤਾਬਕ 'ਪਿਆਰ ਪਾ ਲੈਣ ਕਰਕੇ ਕਾਂਤਾ ਇਹਨਾਂ ਦੋ ਤਿੰਨ ਮਹੀਨਿਆਂ ਵਿਚ ਹੀ ਬਾਲਗ ਹੋ ਗਈ ਸੀ' ਅਤੇ ਇਸ ਲਈ ਹੁਣ ਮਾਂ ਨੂੰ ਉਸ ਬਾਰੇ ਬਹੁਤਾ ਫਿਕਰ ਕਰਨ ਦੀ ਲੋੜ ਨਹੀਂ ਸੀ ਰਹੀ।

'ਪਤੀ' ਕਹਾਣੀ ਦੀ ਮੁਖ ਪਾਤਰ ਮਿੰਨੀ ਆਪਣੇ ਢਿੱਲੇ ਆਚਰਣ ਕਰਕੇ ਮੁਹੱਲੇ ਵਿਚ ਕਾਫੀ ਬਦਨਾਮ ਸੀ। ਆਪਣੇ ਪਤੀ ਨਾਲ ਉਸਦਾ ਕੋਈ ਬਹੁਤਾ ਸਨੇਹ ਵੀ ਨਹੀਂ ਸੀ। ਪਰ ਕਿਸੇ ਦੁਕਾਨਦਾਰ ਨਾਲ ਝਗੜੇ ਤੋਂ ਪਤੀ ਦੇ ਹਵਾਲਾਤ ਵਿਚ ਡੱਕੇ ਹੋਣ 'ਤੇ ਇਹ ਔਰਤ ਸੱਚਮੁੱਚ ਦੀ ਪਰੇਸ਼ਾਨੀ ਵਿਚ ਆਖਦੀ ਹੈ,'ਹਵਾਲਾਤ ਵਿਚ ਖਬਰੇ ਉਹਨਾਂ ਨੂੰ ਰੋਟੀ ਮਿਲਦੀ ਹੈ ਕਿ ਨਹੀਂ"। ਇਹਨਾਂ ਦਿਨਾਂ ਵਿਚ ਹੋਰਨਾਂ ਦੇ ਟਾਕਰੇ ਵਧੇਰੇ ਨੇੜਲੇ ਆਪਣੇ ਜਾਣੂੰ ਕਹਾਣੀ ਦੇ ਪ੍ਰਵਕਤਾ ਨੂੰ ਉਸਦਾ ਕਹਿਣਾ ਹੈ,"ਨਹੀਂ ਨਹੀਂ ਤੁਸੀਂ ਗੁੱਸੇ ਨਾ ਹੋਵੋ। ਇਹ ਮੇਰੇ ਵੱਸ ਦੀ ਗੱਲ ਨਹੀਂ। ਉਹਨਾਂ ਦਾ ਹਾਲ ਜਾਣੇ ਬਿਨਾਂ ਮੈਥੋਂ ਅੱਜ ਰੋਟੀ ਨਹੀਂ ਖਾਧੀ ਜਾਂਦੀ"। 'ਪ੍ਰੋਫੈਸਰ ਸਾਹਿਬ' ਨਾਂ ਦੀ ਕਹਾਣੀ ਵਿਚਲਾ ਪ੍ਰੋਫੈਸਰ ਪ੍ਰੋਫੈਸਰਾਂ ਦੇ ਟਕਸਾਲੀ ਬਿੰਬ ਮੁਤਾਬਕ ਸੱਚਮੁੱਚ ਕੁਝ ਜ਼ਿਆਦਾ ਹੀ ਬੁੱਧੀਮਾਨ ਹੈ! ਉਸ ਦਾ ਆਪਣੀ ਬੀਵੀ ਨਾਲ ਇੱਟ-ਖੜੱਕਾ ਰਹਿੰਦਾ ਸੀ। ਇਕ ਵਾਰ ਬੋਲ-ਬੁਲਾਰੇ ਪਿੱਛੋਂ ਪਤੀ ਪਤਨੀ ਵਜੋਂ ਆਪਣੇ ਸੰਬੰਧਾਂ ਦੇ ਤੋੜ-ਵਿਛੋੜੇ ਦਾ ਐਲਾਨ ਕਰਕੇ ਘਰੋਂ ਤੁਰੀ ਪਤਨੀ ਨੂੰ ਜਦੋਂ ਸਾਂਝੇ ਮਿੱਤਰ ਵੱਲੋਂ ਵਾਪਸ ਘਰ ਲਿਆਂਦਾ ਗਿਆ ਤਾਂ ਮੰਨ-ਮਨਾਈ ਦੇ ਰਉਂ ਵਿਚ ਪਤਨੀ ਆਖਦੀ ਹੈ,"ਮੈਂ ਤੇ ਸੌ ਪੱਜ ਪਾਏ, ਇਹ ਗੱਲ ਹੀ ਨਹੀਂ ਸੀ ਗੌਲਦੇ। ਜੇ ਰਿਕਸ਼ਾ ਸੱਦਣ ਹੀ ਆਪ ਤੁਰ ਪੈਂਦੇ ਤਾਂ ਮੈਂ ਕੋਈ ਨਹੀਂ ਸੀ ਜਾਣਾ"। ਇਸਦੇ ਜਵਾਬ ਵਿਚ ਪ੍ਰੋਫੈਸਰ ਸਹਿਬ ਦਾ ਕਹਿਣਾ ਹੈ, "ਜਦ ਇਹ ਮੇਰੀ ਪਤਨੀ ਹੀ ਨਹੀਂ ਸੀ ਤਾਂ ਮੈਂ ਇਸ ਲਈ ਰਿਕਸ਼ਾ ਲੈਣ ਕਿਉਂ ਜਾਂਦਾ"? ਇੰਝ ਹੀ 'ਘਰ' ਦੇ ਸੰਕੇਤਕ ਨਾਂ ਵਾਲੀ ਕਹਾਣੀ ਵਿਚ ਆਪਣੇ ਪਤੀ ਤੋਂ ਤੋੜ-ਵਿਛੋੜਾ ਕਰਨ ਜਾ ਰਹੀ ਸ਼ਹਿਰੀ ਮਧ ਵਰਗ ਦੀ ਇਕ ਔਰਤ ਆਪਣੇ ਮਰਦ ਪ੍ਰੇਮੀ ਨੂੰ ਇਸ ਤਜਵੀਜ਼ ਨਾਲ ਆਪਣਾ ਘਰ ਵਿਖਾਉਂਦੀ ਹੈ ਕਿ ਉਹ ਉਸਦੇ ਘਰ ਵਿਚ ਆ ਜਾਵੇ। ਅਚੇਤ ਹੀ ਔਰਤ ਉਸ ਸਭ ਕੁਝ 'ਤੇ ਆਪਣੇ ਇਸ ਪ੍ਰੇਮੀ ਦੀ ਝਾਤ ਪੁਆਉਂਦੀ ਹੈ ਜਿਸ ਉੱਤੇ ਉਸ ਔਰਤ ਤੇ ਉਸਦੇ ਪਤੀ ਦੀ ਸਾਂਝ ਦੀ ਮੁਹਰ-ਛਾਪ ਹੈ। ਉਹ ਰੀਝ ਨਾਲ ਦੱਸਦੀ ਹੈ ਕਿ ਘਰ ਦੀ ਕਿਹੜੀ ਚੀਜ਼ ਉਸਦੇ ਪਤੀ ਨੇ ਜਾਂ ਉਹਨਾਂ ਦੋਹਾਂ ਨੇ ਕਿਸ ਖਾਸ ਸਮੇਂ ਉੱਤੇ ਕਿਵੇਂ ਖਰੀਦੀ ਜਾਂ ਬਣਾਈ ਸੀ। ਅੰਦਰਲੇ ਵਸਤਰਾਂ ਸਮੇਤ ਦੋਹਾਂ ਜੀਆਂ ਦੇ ਕਪੜੇ ਵੀ ਇਕ ਅਲਮਾਰੀ ਵਿਚ ਆਪੋ ਵਿਚ ਉਲਝੇ ਪਏ ਹਨ। ਇਹ ਸਭ ਕੁਝ ਚੰਗੀ ਤਰ੍ਹਾਂ ਵੇਖ ਸਮਝ ਲੈਣ ਪਿੱਛੋਂ ਇਸ ਮਰਦ ਦਾ ਕਥਨ ਹੈ,"ਘਰ ਵੇਖਣ ਪਿੱਛੋਂ ਕੋਈ ਤਾਕਤ ਮੈਨੂੰ ਘਰੋਂ ਬਾਹਰ ਵੱਲ ਨੂੰ ਧੱਕ ਰਹੀ ਸੀ। ਉਸ ਦਾ ਇੰਚ ਇੰਚ ਸਦਾ ਲਈ ਮੱਲਿਆ ਹੋਇਆ ਲਗਦਾ ਸੀ। ਮੇਰੇ ਲਈ ਓਥੇ ਠਹਿਰਨਾ ਵੀ ਔਖਾ ਹੋ ਰਿਹਾ ਸੀ। ਆ ਕੇ ਉਸ ਘਰ ਨੂੰ ਮੱਲਣਾ ਤੇ ਹੋਰ ਵੀ ਔਖਾ ਸੀ"।

ਲਗਪਗ ਭਰੀ ਹੋਈ ਬੱਸ ਵਿਚ ਸਫਰ ਕਰ ਰਹੇ 'ਬਾਬੂ ਰਾਮ ਸਰੂਪ' ਦੀ ਨਾਲ ਵਾਲੀ ਸੀਟ ਖਾਲੀ ਸੀ ਜਦੋਂ ਇਕ ਮੁਟਿਆਰ ਬੱਸ ਵਿਚ ਚੜ੍ਹੀ। ਇਕ ਸੁੰਦਰ ਮੁਟਿਆਰ ਨੂੰ ਆਂਪਣੇ ਨਾਲ ਦੀ ਸੀਟ 'ਤੇ ਬਿਠਾਕੇ ਭਲਾ ਕੌਣ ਖੁਸ਼ ਨਹੀਂ ਹੋਵਗਾ! ਪਰ ਬਾਬੂ ਰਾਮ ਸਰੂਪ ਲਈ ਮੁਟਿਆਰ ਦਾ ਨਾਲ ਬੈਠਣਾ ਖੁਸ਼ੀ ਨਾਲੋਂ ਵੱਧ ਪਰੇਸ਼ਾਨੀ ਦਾ ਬਾਇਸ ਬਣਦਾ ਹੈ। ਇਕ ਹੋਰ ਖਾਲੀ ਪਈ ਸੀਟ ਦੇ ਨਾਲ ਇਕ ਨੌਜਵਾਨ ਬੈਠਾ ਸੀ ਜਿਸ ਉੱਤੇ ਬੈਠਣ ਦੀ ਥਾਂ,ਪ੍ਰਤੱਖ.ਹੀ, ਬਾਬੂ ਰਾਮ ਸਰੂਪ ਦੇ ਚਿੱਟੇ ਹੋਏ ਵਾਲਾਂ ਨੂੰ ਉਸਦੇ ਜ਼ਿੰਮੇਵਾਰ ਹੋਣ ਦਾ ਸਰਟੀਫੀਕੇਟ ਸਮਝਕੇ ਕੁੜੀ ਨੇ ਉਸ ਵਾਲੀ ਸੀਟ ਚੁਣੀ ਸੀ। ਇਹੀ ਵਜ੍ਹਾ ਹੈ ਬਾਬੂ ਰਾਮ ਸਰੂਪ ਦੀ ਪਰੇਸ਼ਾਨੀ ਦੀ। "ਬੱਸ ਵਿਚ ਚੜ੍ਹਨ ਵਾਲੀ ਕੁੜੀ ਵੱਲੋਂ ਨਾਲ ਦੀ ਸੀਟ 'ਤੇ ਬੈਠਣ ਲਈ ਪੁੜਪੁੜੀ ਉਤਲੀ ਚਿੱਟੀ ਲਸ ਦਾ ਆਸਰਾ ਲੈਣਾ ਬਾਬੂ ਹੁਰਾਂ ਨੂੰ ਬਹੁਤ ਦੁਖੀ ਕਰ ਰਿਹਾ ਸੀ। ਉਹਨਾਂ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਇਕ ਅੱਖ ਦੇ ਫੋਰ ਵਿਚ ਉਹ ਕਈ ਵਰ੍ਹੇ ਹੋਰ ਬੁੱਢੇ ਹੋ ਗਏ ਸਨ।"

ਸਹਿਜ ਸੰਜਮੀ ਬਿਰਤਾਂਤ ਦੇ ਨਾਲ ਸੂਖਮ ਵਿਅੰਗ ਅਤੇ ਪੇਂਡੂ ਜੀਵਨ-ਯਥਾਰਥ 'ਚੋਂ ਲਈਆਂ ਖ਼ੂਬਸੂਰਤ ਢੁਕਵੀਆਂ ਉਪਮਾਵਾਂ ਵੀ ਵਿਰਕ ਦੀ ਕਹਾਣੀ ਨੂੰ ਵਿਲੱਖਣ ਬਣਾਉਂਦੀਆਂ ਹਨ। 'ਛਾਹ ਵੇਲਾ' ਵਿਚ ਤੇਜੂ ਤੇ ਉਸਦੀ ਭਰਜਾਈ ਲਈ ਗੱਲਬਾਤ ਦਾ ਮਾਧਿਅਮ ਬੱਚਾ ਹੈ। ਤੇਜੂ ਬੱਚੇ ਨੂੰ ਸੰਬੋਧਤ ਹੁੰਦਾ ਹੈ ਤੇ ਭਰਜਾਈ ਬੱਚੇ ਰਾਹੀ ਉਸਦਾ ਬੋਲ ਮੋੜਦੀ ਹੈ: "ਓਠ ਕੇ ਗੁੱਠਾਂ ਗੋਡ ਓਏ ਕਹੀ ਲੈਕੇ, ਕੁੱਛੜ ਈ ਚੜ੍ਹਿਆ ਰਹਿਨਾ ਏਂ ਹਰ ਵੇਲੇ"। "ਆਖ ਚਾਚਾ ਵੱਡਾ ਹੋਵਾਂਗਾ ਤਾਂ ਗੋਡਾ ਈ ਕਰਾਂਗਾ ਨਾ"। ਅਤੇ ਇਸ ਤਰ੍ਹਾਂ ਦੀ ਗੱਲਬਾਤ ਉਪਰੰਤ ਤੇਜੂ ਹੇਠਾਂ ਉੜਕੇ ਭਰਜਾਈ ਕੋਲੋਂ 'ਇਸ ਮਾਸੂਮ ਜਿਹੇ ਡਾਕ ਦੇ ਮਹਿਕਮੇ ਨੂੰ' ਕੁੱਛੜ ਚੁੱਕ ਲੈਂਦਾ ਹੈ। ਕਮੇਟੀ ਦੇ ਪ੍ਰਧਾਨ ਦੇ ਮੁੰਡੇ ਨੂੰ ਚਪੇੜ ਮਾਰਨ ਕਰਕੇ ਇਕ ਸਕੂਲ 'ਚੋਂ ਕੱਢੇ ਜਾ ਚੁੱਕੇ ਹੋਣ ਕਰਕੇ ਮੁੜ ਬੇਰੁਜ਼ਗਾਰ ਹੋਣ ਦੇ ਤੌਖਲੇ ਵਿਚ ਫਾਥੇ ਬਹੁਤ ਹੀ ਡਰਾਕਲ ਗ਼ਰੀਬ ਸਕੂਲ 'ਮਾਸਟਰ ਭੋਲਾ ਰਾਮ' ਲਈ ਹੁਣ ਜਮਾਤ ਵਿਚ ਰੌਲਾ ਪਾਉਂਦੇ ਜਾਂ ਡਸਪਿਲਨ ਦੀ ਪਰਵਾਹ ਨਾ ਕਰਦੇ ਸਕੂਲੀ ਬੱਚੇ ਹੀ ਹਊਆ ਬਣੇ ਹੋਏ ਹਨ। ਕਮਿਊਨਿਸਟ ਵਿਚਾਰਧਾਰਾ ਦੀ ਚੜ੍ਹਤ ਵਾਲੇ ਚੁਫੇਰੇ ਦੇ ਵਾਤਾਵਰਣ ਵਿਚ ਉਸਨੂੰ ਜਾਪਦਾ ਹੈ ਜਿਵੇਂ ਬੱਚੇ ਕਹਿ ਰਹੇ ਹੋਣ ਕਿ 'ਸਕੂਲ ਸਾਡਾ ਏ.' ਤੇ ਉਸ ਅਨੁਸਾਰ 'ਇਹ ਸਭ ਕੁਝ ਕਮਿਊਨਿਸਟਾਂ ਨੇ ਹੀ ਇਹਨਾਂ ਨੂੰ ਸਿਖਾਇਆ ਏ'। ਕੋਈ ਨਿੱਕੀ ਮੋਟੀ ਮੰਗ ਲਈ ਰਿਹਾੜ ਕਰ ਰਹੇ ਆਪਣੇ ਨਿੱਕੇ ਜਿਹੇ ਪੁੱਤਰ ਉੱਤੇ ਖਿਝਿਆ ਮਾਸਟਰ ਭੋਲਾ ਰਾਮ ਸੋਚਦਾ ਹੈ ਜਿਵੇਂ ਉਸਦਾ ਇਹ ਪੁੱਤਰ ਵੀ ਸਕੂਲੀ ਬੱਚਿਆਂ ਵਾਂਗ ਕਮਿਊਨਿਸਟ ਤੇ ਬਾਗੀ ਹੋ ਗਿਆ ਹੈ! ਇਸ ਤਰ੍ਹਾਂ ਦਾ ਹੀ ਵਿਅੰਗ ਬਸਤੀਵਾਦੀ ਹਕੂਮਤ ਦੇ ਜਮਾਤੀ ਚਰਿੱਤਰ ਬਾਰੇ 'ਨਮਸਕਾਰ' ਕਹਾਣੀ ਵਿਚਲੀ ਨਿਮਨ ਲਿਖਤ ਟਿੱਪਣੀ ਵਿਚ ਹੈ:'ਸਟਾਲਨ ਅਤੇ ਹਿਟਲਰ, ਮੋਚੀ ਛੀਂਬੇ ਕਿਸਮ ਦੇ ਆਦਮੀਆਂ ਦੇ ਸੰਸਾਰ ਵਿਚ ਪ੍ਰਗਟ ਹੋਣ ਤੋਂ ਪਿੱਛੋਂ ਵੀ ਅਜੇ ਇਹ ਖਿਆਲ ਆਮ ਸੀ ਕਿ ਅੰਗਰੇਜ਼ ਕੇਵਲ ਖਾਂਦੇ ਪੀਂਦੇ ਹਿੰਦੁਸਤਾਨੀਆਂ ਨੂੰ ਹੀ ਅਫਸਰੀ ਦੇ ਯੋਗ ਸਮਝਦੇ ਸਨ।' ਸਾਰੀ ਉਮਰ ਪਤੀ ਦੇ ਪਿਆਰ ਤੋਂ ਅਣਜਾਣ ਰਹੀ 'ਰਣਬੀਰ ਕੌਰ' ਉਸ ਵੱਲ ਪਰਤ ਰਹੇ ਪਤੀ ਦੇ ਪਿਆਰ ਨੂੰ ਪਛਾਣ ਨਹੀਂ ਸਕਦੀ। ਮਾਮੂਲ ਤੋਂ ਉਲਟ ਆਪਣੇ ਪਤੀ ਦੇ ਪਿਆਰ ਭਰੇ ਬੋਲਾਂ ਨੂੰ ਭੂਤ ਸਮਝਕੇ ਉਹ ਬੁਰੜਾ ਉੱਠਦੀ ਹੈ, "ਹਾਇ ਮੈਂ ਮਰ ਗਈ, ਇਹ ਤੁਹਾਨੂੰ ਕੀ ਹੋ ਗਿਆ ਏ? ਤੁਸੀਂ ਤੇ ਫਿਰ ਪਹਿਲੇ ਜਿਹੀਆਂ ਗੱਲਾਂ ਕਰਨ ਲੱਗ ਪਏ ਓ"। ਨੌਕਰੀ-ਪੇਸ਼ਾ ਅਤੇ ਟਟਪੂੰਜੀਆ ਬਿਰਤੀ ਵਾਲੇ ਮਧ ਵਰਗੀ ਲੋਕਾਂ ਦੇ ਵਿਹਾਰ ਅਤੇ ਉਹਨਾਂ ਦੇ ਸਰੋਕਾਰਾਂ ਉੱਤੇ ਇਸ ਤਰ੍ਹਾਂ ਦੇ ਵਿਅੰਗ ਦੀਆਂ ਉਦਾਹਰਨਾਂ 'ਮੱਛਰ', 'ਨੌਕਰੀ','ਇਕ ਫੇਰੀ', 'ਐਤਵਾਰ ਸਵੇਰੇ', 'ਹਾਰ' ਆਦਿ ਕਹਾਣੀਆਂ ਵਿਚ ਵੀ ਵੇਖੀਆਂ ਜਾ ਸਕਦੀਆਂ ਹਨ।

'ਭੁੱਖ' ਨਾਂ ਦੀ ਕਹਾਣੀ ਵਿਚ ਇਸਤਰ੍ਹਾਂ ਦੀ ਟਿੱਪਣੀ ਹੈ, 'ਹਰ ਇਕ ਆਦਮੀ ਤਸੀਲਦਾਰੀ ਤੇ ਕਰ ਸਕਦਾ ਹੈ ਪਰ ਕਹਾਣੀਆਂ ਤੇ ਨਹੀਂ ਨਾ ਲਿਖ ਸਕਦਾ'। ਲੇਖਕ ਦੀ ਸੱਚਮੁੱਚ ਦੀ ਰੋਟੀ ਦੀ ਭੁੱਖ ਇਕ ਨੌਜਵਾਨ ਵੱਲੋਂ ਮਿਲੀ ਪ੍ਰਸ਼ੰਸਾ ਨਾਲ ਹੀ ਕਿਧਰੇ ਗੁੰਮ-ਗੁਆ ਜਾਂਦੀ ਹੈ, 'ਜੋ ਕਹਾਣੀਕਾਰਾਂ ਨੂੰ ਖਾਸਾ ਜਵਾਹਰ ਲਾਲ ਨਹਿਰੂ ਸਮਝਦਾ ਹੈ'। ਅਤੇ ਪ੍ਰਕਾਸ਼ਕ ਤੋਂ ਪੈਸੇ ਮੰਗਣ ਗਿਆ ਇਹ ਲੇਖਕ ਇਹ ਮੰਗ ਕਰਨ ਤੋਂ ਬਿਨਾਂ ਹੀ ਮੁੜ ਆਉਂਦਾ ਹੈ। 'ਸਾਬਣ ਦੀ ਚਿੱਪਰ' ਨਾਂ ਦੀ ਕਹਾਣੀ ਵਿਚ ਉਪਰਲੀ ਸ਼੍ਰੇਣੀ ਦੇ ਅਖੌਤੀ ਪ੍ਰਗਤੀਵਾਦੀ ਅਛੋਪਲੇ ਜਿਹੇ ਹੀ ਵਿਰਕ ਦੇ ਸੂਖਮ ਵਿਅੰਗ ਦੀ ਮਾਰ ਹੇਠ ਆ ਜਾਂਦੇ ਹਨ:'ਨਰਿੰਦਰ ਸਰਦਾਰਾਂ ਦਾ ਮੁੰਡਾ ਸੀ। ਹੁਣ ਕਹਾਣੀਆਂ ਲਿਖਣ ਲੱਗ ਪਿਆ ਸੀ। ਇਹ ਤੇ ਕੋਈ ਅਨੋਖੀ ਗੱਲ ਨਹੀਂ ਸੀ। ਸਰਦਾਰਾਂ ਦੇ ਮੁੰਡਿਆਂ ਤੋਂ ਕਿਹੜਾ ਕੰਮ ਭੁੱਲਿਆ ਹੋਇਆ ਏ। ਆਪਣੀਆਂ ਪੈਲੀਆਂ ਦੀ ਵੱਟ ਵੀ ਮਾਰਦੇ ਨੇ ਤੇ ਵਜ਼ੀਰੀਆਂ ਵੀ ਕਰਦੇ ਨੇ। ਮਜ਼ੇ ਦੀ ਗੱਲ ਤੇ ਇਹ ਸੀ ਕਿ ਉਸ ਦੀਆਂ ਕਹਾਣੀਆਂ ਮਾਰਕਸ ਦੇ ਸ਼ਬਦਾਂ ਵਿਚ 'ਲੁੱਟੇ ਹੋਏ ਲੋਕਾਂ' ਦਾ ਪੱਖ ਪੂਰਦੀਆਂ ਸਨ'। ਇੰਞਾਣਾ ਖਿਡਾਂਦੀ ਮਾਂ ਤੇ ਮੁਕਲਾਵੇ ਜਾਂਦੀ ਵਹੁਟੀ ਦੇ ਸਵਾਦ ਨੂੰ ਦੁਨੀਆਂ ਦੇ ਦੋ ਸਭ ਤੋਂ ਉਤਮ ਸਵਾਦ ਮੰਨਣ ਵਾਲੇ ਇਸ 'ਪ੍ਰਗਤੀਵਾਦੀ' ਕਾਕੇ ਨੂੰ ਘਰ ਦੀ ਮੁਟਿਆਰ ਨੌਕਰਾਣੀ

ਦਾ ਨੇੜ ਹਾਸਲ ਕਰਨ 'ਤੇ ਕੋਈ ਪਰੇਸ਼ਾਨੀ ਨਹੀਂ', ਜਿਸ ਵਿਚਾਰੀ ਦੀ ਨਿਗਾਹ ਸਿਰਫ ਸਾਬਣ ਦੀ ਟਿੱਕੀ 'ਤੇ ਹੈ। ਅਤੇ ਅਜਿਹੇ 'ਪ੍ਰਗਤੀਵਾਦੀ' ਬੁੱਧੀਜੀਵੀਆਂ ਦਾ ਬੌਧਿਕ ਸੰਵਾਦ ਇਥੇ ਮੁਕਦਾ ਹੈ --'ਜਦੋਂ ਕੁਝ ਲੋਕਾਂ ਲਈ ਥੁੜਾਂ ਸਰੀਰ ਦੇ ਹੋਰ ਸਾਰੇ ਰਸਤੇ ਤੇ ਸੁਆਦ ਬੰਦ ਕਰ ਦੇਣ ਤਾਂ ਬਾਕੀ ਦੇ ਲੋਕਾਂ ਨੂੰ ਕੁਝ ਚਿਰ ਹੋਰ ਗੱਲਾਂ ਬੰਦ ਕਰ ਦੇਣੀਆਂ ਚਾਹੀਦੀਆ ਨੇ'। 'ਬਿਗਾਨੀ ਚੀਜ਼' ਨਾਂ ਦੀ ਕਹਾਣੀ ਵਿਚ ਬੱਸ ਦੇ ਸਫਰ ਵਿਚ ਬੱਚੇ ਨੂੰ ਲੱਭੀ ਪੈਨਸਲ ਬਿਗਾਨੀ ਆਖਕੇ ਮੋੜਨ ਲਈ ਆਖਣ ਵਾਲੇ ਪਾਤਰ ਦਾ 'ਦਿਆਨਤਦਾਰ' ਹੋਣ ਦੇ ਅਹਿਸਾਸ ਨਾਲ ਚਿਹਰਾ ਦਗ ਦਗ ਕਰ ਰਿਹਾ ਸੀ। ਪਰ ਅਜਿਹੇ ਦਿਆਨਤਦਾਰ ਪਾਤਰ ਦੀ ਯੂ.ਪੀ. ਵਿਚ ਮੁਰੱਬੇ ਲੈਕੇ ਮਜ਼ਦੂਰਾਂ ਦੇ ਕੀਤੇ ਕੰਮ ਦੇ ਹਿਸਾਬ ਕਿਤਾਬ ਵਿਚ ਹੇਰਾਫੇਰੀ ਨਾਲ ਜ਼ਿਆਦਾ ਪੈਸੇ ਬਣਾਉਣ ਦੀ ਤਮੰਨਾ ਵੀ ਬਹੁਤ ਪ੍ਰਬਲ ਹੈ। ਇਸ ਤਰ੍ਹਾਂ ਵਿਰਕ ਨੇ ਧੀਮੀ ਸੁਰ ਵਿਚ ਵਿਅਕਤੀ ਪੱਧਰ 'ਤੇ ਵੀ ਅਤੇ ਸਮੂਹਕ ਪੱਧਰ 'ਤੇ ਵੀ ਆਲੋਚਨਾ ਦੀ ਮਾਰ ਹੇਠ ਆਉਣ ਵਾਲੇ ਕਿਰਦਾਰ, ਵਿਹਾਰ ਤੇ ਵਰਤਾਰੇ ਉੱਤੇ ਸੂਖਮ ਪਰ ਕਾਟਵਾਂ ਵਿਅੰਗ ਕੀਤਾ ਹੈ, ਜਿਸਦੀ ਚੋਭ ਦਾ ਪਤਾ ਕੁਝ ਦੇਰ ਪਿੱਛੋਂ ਹੀ ਲਗਦਾ ਹੈ।

ਕਹਾਣੀ ਕਹਿਣ ਲਈ ਅਕਸਰ ਉਸਨੇ ਉਤਮਪੁਰਖੀ ਬਿਰਤਾਂਤਕਾਰ ਦੀ ਜੁਗਤ ਦੀ ਵਧੇਰੇ ਵਰਤੋਂ ਕੀਤੀ ਹੈ। ਇਹ ਜੁਗਤ ਸਹਿਜ ਕਲਾਤਮਕ ਚਿਤਰਨ ਲਈ ਬਹੁਤ ਢੁਕਵੀਂ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਲੇਖਕ ਬਿਨਾਂ ਕਿਸੇ ਉਚੇਚ ਦੇ ਹੌਲੀ ਹੌਲੀ ਗੱਲ ਕਰ ਰਿਹਾ ਹੋਵੇ। ਇਸ ਤਰ੍ਹਾਂ ਕਹਾਣੀ ਗੁੰਦਣ ਵਿਚ ਲੋੜ ਅਨੁਸਾਰ ਅੱਗੇ ਪਿੱਛੇ ਜਾਣਾ, ਲਮਕਾ ਜਾਂ ਠਹਿਰਾ ਲਿਆਉਣਾ ਬਹੁਤ ਸਹਿਲ ਹੋ ਜਾਂਦਾ ਹੈ। ਇਸ ਜੁਗਤ ਨਾਲ ਲੇਖਕ ਦੇ ਨਿੱਜ ਦੇ ਕਹਾਣੀ ਵਿਚ ਦਾਖਲ ਹੋਏ ਬਗ਼ੈਰ ਉਸਦਾ ਦ੍ਰਿਸ਼ਟੀਕੋਣ ਵੀ ਭਲੀ ਭਾਂਤ ਰੂਪਮਾਨ ਹੋ ਜਾਂਦਾ ਹੈ ਅਤੇ ਪਾਠਕ ਨਾਲ ਰਿਸ਼ਤਾ ਵਧੇਰੇ ਅਪਣੱਤ ਵਾਲਾ ਹੋ ਜਾਂਦਾ ਹੈ। ਜਦੋਂ ਉਤਮਪੁਰਖੀ ਬਿਰਤਾਂਤਕਾਰ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ:

'ਇਹ ਗੱਲ ਮੈਨੂੰ ਮੇਰੇ ਇਕ ਬੰਗਾਲੀ ਮਿੱਤਰ ਨੇ ਚਿਰ ਹੋਇਆ ਸੁਣਾਈ ਸੀ'

'ਸਾਡੇ ਲਿਖਣ ਵਾਲਿਆਂ ਦੀ ਇਹ ਕਮਜ਼ੋਰੀ ਹੁੰਦੀ ਹੈ ਕਿ ਸਾਨੂੰ ਜਿੰਨਾ ਸਵਾਦ ਲੇਖਕਾਂ ਕੋਲ ਬਹਿਕੇ ਤੇ ਉਹਨਾਂ ਨਾਲ ਗੱਲਾਂ ਕਰਕੇ ਆਉਂਦਾ ਹੈ ਓਨਾ ਹੋਰ ਕਿਧਰੇ ਨਹੀਂ ਆਉਂਦਾ ਤੇ ਜੇ ਲੇਖਕ ਕੋਈ ਇਸਤਰੀ ਹੋਵੇ,ਫਿਰ ਤੇ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਇਕ ਵੱਖਰੀ ਦੁਨੀਆ ਦਾ ਬੂਹਾ ਖੁਲ੍ਹ ਗਿਆ'

'ਇਕ ਕੰਮ ਜਿਹੜਾ ਮੈਂ ਹੋਰ ਕੰਮਾਂ ਨਾਲੋਂ ਚੰਗੀ ਤਰ੍ਹਾਂ ਕਰ ਸਕਦਾ ਹਾਂ, ਉਹ ਮੱਝੀਂ ਚਾਰਨਾ ਹੈ'

'ਜੋ ਕੁਝ ਲਿਖਾਰੀ ਬੜੇ ਔਖੇ ਹੋ ਕੇ ਕਿਤਾਬਾਂ ਵਿਚ ਲਿਖਦੇ ਨੇ ਉਹੋ ਜਿਹੀਆ ਗੱਲਾਂ ਉਹ ਸਹਿਜ ਸੁਭਾ ਕਹਿ ਜਾਂਦੀ ਸੀ'

'ਇਕ ਸਵਾਦੀ ਗੱਲ ਮੈਨੂੰ ਹੁਣ ਹੋਰ ਗੱਲਾਂ ਤੋਂ ਪਹਿਲਾਂ ਚੇਤੇ ਆਈ ਹੈ'

'ਸਾੜ੍ਹੀ ਦੇ ਭੇਤਾਂ ਵਿਚ ਭਾਈਵਾਲ ਬਣਾਏ ਜਾਣ ਕਰਕੇ ਮੈਂ ਹੁਣ ਹੋਰ ਗੱਲਾਂ ਵੀ ਕਰ ਸਦਕਾ ਸਾਂ'

'ਇਹ ਗੱਲ ਲਿਖਣ ਲੱਗਿਆਂ ਤੇ ਮੈਂ ਸਹਿਜੇ ਹੀ ਲਿਖ ਗਿਆ ਹਾਂ ਪਰ ਉਸ ਵੇਲੇ ਇਸ ਗਿਆਨ ਨੇ ਮੈਨੂੰ ਡਾਹਡਾ ਧੱਕਾ ਮਾਰਿਆ'

ਤਾਂ ਉਹ ਕਹਾਣੀ ਵਿਚਲੇ ਵਸਤੂ-ਯਥਾਰਥ ਨੂੰ ਹੀ ਵਧੇਰੇ ਮੰਨਣਯੋਗ ਨਹੀਂ ਬਣਾ ਰਿਹਾ ਹੁੰਦਾ,ਇਸ ਨਾਲ ਕਹਾਣੀ ਨੂੰ ਵਧੇਰੇ ਰਸਦਾਇਕ ਵੀ ਬਣਾ ਰਿਹਾ ਹੁੰਦਾ ਹੈ। ਸਹਿਜ ਬਿਰਤਾਂਤ ਦੇ ਨਾਲ ਨਾਲ ਉਸ ਵੱਲੋਂ ਵਰਤੀਆਂ ਜਾਂਦੀਆਂ ਅਸਲੋਂ ਨਿਵੇਕਲੀਆਂ ਉਪਮਾਵਾਂ ਵੀ ਵਿਰਕ ਦੀ ਕਹਾਣੀ ਨੂੰ ਰੋਚਿਕ ਬਣਾਉਣ ਵਿਚ ਵੱਡਾ ਹਿੱਸਾ ਪਾਉਂਦੀਆਂ ਹਨ। ਜਿਵੇਂ ਉਸਨੇ ਖੁਦ ਹੀ ਦੱਸਿਆ ਹੈ,ਕਿਸੇ ਵੀ ਉਪਮਾ ਦੀ ਚੋਣ ਲਈ ਉਹ ਅਕਸਰ ਪਿੰਡ ਦੇ ਜੀਵਨ ਤੇ ਕਿਸਾਨੀ ਰਹਿਤਲ ਵੱਲ ਮੁੜਦਾ ਸੀ। ਪੇਂਡੂ ਜੀਵਨ ਵਿਚੋਂ ਆਈਆਂ ਅਜਿਹੀਆਂ ਉਪਮਾਵਾਂ ਕਈ ਵਾਰ ਅਟਪਟੀਆਂ ਜਾਪਣ ਦੇ ਬਾਵਜੂਦ ਆਪਣੀ ਮੌਲਿਕਤਾ ਸਦਕਾ ਹੀ ਵਿਰਕ ਦੀ ਕਹਾਣੀ ਦਾ ਰੰਗ ਉਘਾੜ ਜਾਂਦੀਆਂ ਹਨ:

'ਜਿਸ ਤਰ੍ਹਾਂ ਅੱਗ ਨਾਲ ਗੱਲਾਂ ਕੀਤਿਆਂ ਦਾਲ ਵਧੇਰੇ ਸਵਾਦ ਬਣਨ ਦੀ ਕੋਈ ਸੰਭਾਵਨਾ

ਨਹੀਂ ਤੇ ਨਾ ਤਵੇ ਨਾਲ ਗੱਲਾਂ ਕੀਤਿਆਂ ਰੋਟੀ ਛੇਤੀ ਪੱਕਣ ਦੀ, ਇਸੇ ਤਰ੍ਹਾਂ ਰਾਮ ਸਿੰਘ ਨਾਲ ਗੱਲਾਂ ਕਰਨਾ ਵੀ ਸਾਨੂੰ ਵਿਅਰਥ ਲਗਦਾ ਸੀ' (ਏਕਸ ਕੇ ਹਮ ਬਾਰਿਕ)

'ਉਹ ਜੀਵਨ ਨੂੰ ਮੁੱਠ ਵਿਚ ਘੁੱਟਕੇ, ਠੰਡੇ ਦਿਲ ਬੈਠੇ ਸਨ, ਜਿਸ ਤਰ੍ਹਾਂ ਤੂੜੀ ਦੀ ਕਿਸੇ ਧੜ ਵਿਚੋਂ ਫੋਲ ਕੇ ਇਕ ਲਾਲ ਲੱਭਣ ਦੇ ਮੁਕਾਬਲੇ ਵਿਚ ਉਹ ਜਿੱਤ ਗਏ ਹੋਣ' (ਪਹਾੜਨ ਤੇ ਚਪੜਾਸੀ)

'ਸਾਹਮਣੇ ਦੇ ਪਰਬਤੀ ਦ੍ਰਿਸ਼ ਵੱਲ ਉਹ ਇਸ ਤਰ੍ਹਾਂ ਵੇਖਦੇ ਜਿਸ ਤਰ੍ਹਾਂ ਇਕ ਰੱਜਿਆ ਹੋਇਆ ਢੱਗਾ ਤੂੜੀ ਵੱਲ ਵੇਖਦਾ ਹੈ' (ਮਿਹਰ ਗੁਲ)

'ਸੁੰਦਰ ਔਰਤ ਵੇਖਕੇ ਮੈਨੂੰ ਇਸ ਤਰ੍ਹਾਂ ਲਗਦਾ ਜਿਵੇਂ ਘਾਹ ਵਾਲੀ ਕਿਸੇ ਵੱਡੀ ਰੱਖ ਵਿਚ ਮੈਨੂੰ ਆਪਣੀਆਂ ਮੱਝਾਂ ਚਾਰਨ ਦੀ ਖੁਲ੍ਹ ਮਿਲ ਗਈ ਹੋਵੇ' (ਪਾਪਣ)

'ਤਾਰਾ ਜਾਣਦਾ ਸੀ ਕਿ ਕਈ ਜ਼ਨਾਨੀਆਂ ਦੂਸਰੀਆਂ ਤੋਂ ਸੋਹਣੀਆਂ ਹੁੰਦੀਆਂ ਨੇ,ਜਿਸ ਤਰ੍ਹਾਂ ਕਈ ਢੱਗੇ ਦੂਸਰਿਆਂ ਤੋਂ ਤ੍ਰਿਖੇ ਹੁੰਦੇ ਨੇ' (ਬਹੁਤ ਨੇੜੇ-ਬਹੁਤ ਦੂਰ)

'ਖੁਸ਼ੀ ਚੀਜ਼ ਕੀ ਹੈ?--ਜਿਵੇਂ ਕਪੜੇ ਨੂੰ ਰੰਗ ਚੜ੍ਹ ਜਾਂਦਾ ਹੈ? ਜਾਂ ਇਸ ਤਰ੍ਹਾਂ ਜਿਵੇਂ ਕਿਸੇ ਲੰਮੀ ਚੌੜੀ ਮਸ਼ੀਨ ਦੇ ਪੁਰਜ਼ੇ ਆਪੋ ਵਿਚ ਫਿੱਟ ਬੈਠ ਜਾਣ?--ਜਾਂ ਫਿਰ ਜਿਵੇਂ ਅੰਬ ਪੱਕ ਜਾਂਦਾ ਹੈ? ਜਾਂ ਜਿਵੇਂ ਕੋਈ ਬੱਦਲੀ ਵਸਣ ਲੱਗ ਪੈਂਦੀ ਹੈ?'

'ਪਿਆਰ ਇਸ ਤਰ੍ਹਾਂ ਨਹੀਂ ਪਕਦਾ ਜਿਵੇਂ ਕਣਕ ਪਕਦੀ ਹੈ। ਪਹਿਲਾਂ ਬੀਜੀ ਜਾਏਗੀ,ਫਿਰ ਉੱਗੇਗੀ,ਵੱਡੀ ਹੋਵੇਗੀ,ਸਿੱਟੇ ਪੈਣਗੇ,ਲਾਲੀ ਫਿਰੇਗੀ,ਤਾਂ ਪੱਕੇਗੀ। ਇਹ ਇਕ ਝਟਪਟ ਦੀ ਖੇਡ ਵੀ ਹੋ ਸਕਦੀ ਸੀ ਜਿਵੇਂ ਪਹਿਲਿਆਂ ਵਿਚ ਲੋਕਾਂ ਨੂੰ ਕਿੱਲੇ ਠੋਕਦਿਆਂ ਮੁਹਰਾਂ ਦੇ ਭਰੇ ਹੋਏ ਭਾਂਡੇ ਲੱਭ ਪੈਂਦੇ ਸਨ'

'ਇਸ ਨਿੱਕੀ ਜਿਹੀ ਮੁਲਾਕਾਤ ਨਾਲ ਹੀ ਸਾਗਰ ਮਧੋਲਿਆ ਗਿਆ ਜਿਵੇਂ ਫਲ੍ਹੇ ਵਾਹੁੰਦਿਆਂ ਫਲ੍ਹਾ ਉਸ ਦੇ ਉੱਤੋਂ ਦੀ ਲੰਘ ਗਿਆ ਹੋਵੇ'

ਪ੍ਰੋਫੈਸਰ ਸਾਗਰ ਦਾ ਇਕ ਹੋਰ ਕੁੜੀ ਨਾਲ ਮੇਲ ਹੋ ਗਿਆ। ਇਹ ਕੁੜੀ ਬਿਲਕੁਲ ਹੋਰ ਤਰ੍ਹਾਂ ਦੀ ਸੀ। ਬਗ਼ੈਰ ਹੱਥ ਲਾਣ ਦੇ ਵੀ ਉਸਦੀ ਸੀ ਜਿਵੇਂ ਕਿਸੇ ਜੱਟ ਦੀ ਜੱਦੀ ਜ਼ਮੀਨ' (ਸਾਗਰ ਤੇ ਨਿਰਮਲਾ)

ਘਰਦਿਆਂ ਦੇ ਖਿਆਲ ਵਿਚ 'ਉਹਨਾਂ ਦੀ ਗਊ ਧੀ ਨੂੰ ਵੱਗ ਨਾਲੋਂ ਨਿਖੜਕੇ ਸੋਟੇ ਬਹੁਤ ਪਏ ਹਨ, ਪੱਠੇ ਚਰਨ ਨੂੰ ਘੱਟ ਮਿਲੇ ਹਨ' (ਗਊ)

ਵਿਰਕ ਦੀਆਂ ਸਾਰੀਆਂ ਕਹਾਣੀਆਂ ਨੂੰ ਇਕ ਵਾਰ ਨਹੀਂ ਕਈ ਕਈ ਵਾਰ ਪੜ੍ਹਿਆ ਹੈ। ਸਮੇਂ ਦੇ ਵਕਫੇ ਨਾਲ ਪੜ੍ਹਨ 'ਤੇ ਨਾ ਕੇਵਲ ਇਹਨਾਂ ਦੀ ਪੜ੍ਹਤ ਪਹਿਲਾਂ ਵਾਂਗ ਹੀ ਦਿਲਚਸਪ ਹੁੰਦੀ ਰਹੀ ਹੈ,ਇਹਨਾਂ ਵਿਚੋਂ ਮਾਨਵੀ ਮੁੱਲਾਂ ਨੂੰ ਅੱਗੇ ਵਧਾਉਣ ਵਾਲੇ ਪਹਿਲਾਂ ਗੁੱਝੇ ਰਹਿ ਗਏ ਨਵੇਂ ਅਰਥ ਵੀ ਲੱਭਦੇ ਰਹੇ ਹਨ। ਦਿਲ ਕਰਦਾ ਹੈ ਕਿ ਵੱਧ ਤੋਂ ਵੱਧ ਕਹਾਣੀਆਂ ਦੇ ਹਵਾਲੇ ਨਾਲ ਗੱਲ ਅਗਾਂਹ ਤੁਰਦੀ ਰੱਖੀ ਜਾਵੇ। ਪਰ ਸੈਮੀਨਾਰ ਦੇ ਸਰੋਤਿਆਂ ਜਾਂ ਪਾਠਕਾਂ ਦੇ ਸਬਰ ਦਾ ਇਸ ਹੱਦ ਤਕ ਇਮਤਿਹਾਨ ਨਹੀਂ ਲਿਆ ਜਾ ਸਕਦਾ ਕਿ ਉਹਨਾਂ ਨੂੰ ਵਿਰਕ ਦੀਆਂ ਕਹਾਣੀਆਂ ਦੀ ਥਾਂ ਉਹਨਾਂ ਬਾਰੇ ਗੱਲਾਂ ਹੀ ਪਰੋਸ ਕੇ ਦੇ ਦਿੱਤੀਆਂ ਜਾਂਦੀਆਂ ਰਹਿਣ। ਸੂਝਵਾਨਾਂ ਲਈ ਵਿਰਕ ਦੀ ਕਹਾਣੀ ਦਾ ਆਨੰਦ ਤੇ ਅਰਥ ਉਸਦੇ ਪੜ੍ਹਨ ਵਿਚ ਹੈ। ਪੇਂਡੂ ਜ਼ਿੰਦਗੀ ਦਾ ਭਰਪੂਰ ਚਿਤਰ ਪੇਸ਼ ਕਰਕੇ, ਸ਼ਹਿਰੀ ਜੀਵਨ-ਯਥਾਰਥ ਦੀ ਬਦਲਦੀ ਨੁਹਾਰ ਦਿਖਾਕੇ, ਔਰਤ ਦੀ ਸਥਿਤੀ ਅਤੇ ਪਿਆਰ ਤੇ ਕਾਮ ਦੇ ਮਾਮਲੇ ਵਿਚ ਨਵੇਂ ਸੰਕਲਪਾਂ ਦੀ ਹਮਾਇਤ ਕਰਕੇ, ਸਮੂਹਕ ਨੇਈਅਤ ਦੇ ਸਰੋਕਾਰਾਂ ਵੱਲ ਯਥਾਯੋਗ ਧਿਆਨ ਦੇ ਕੇ,ਅਣਗੌਲੀਆਂ ਰਹਿ ਜਾਣ ਵਾਲੀਆਂ ਗੱਲਾਂ ਨੂੰ ਲੱਭਕੇ ਅਤੇ ਨਿੱਕੀਆਂ ਗੱਲਾਂ ਵਿਚ ਵੱਡੇ ਅਰਥਾਂ ਦਾ ਸੰਚਾਰ ਕਰ ਕੇ ਵਿਰਕ ਨੇ ਆਪਣੀ ਕਹਾਣੀ ਰਾਹੀਂ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਜੋ ਕੁਝ ਪਾਇਆ ਹੈ, ਉਸਨੂੰ ਨਮਸਕਾਰ ਕਰਕੇ ਆਪਣੀ ਗੱਲ ਏਥੇ ਹੀ ਸਮਾਪਤ ਕਰਨ ਦੀ ਆਗਿਆ ਚਾਹਾਂਗਾ। ☐☐

{ 1728,ਸੈਕਟਰ 43-ਬੀ, ਚੰਡੀਗੜ੍ਹ }

ਮੰਗਾ ਬਾਸੀ : ਮਾਨਵੀ ਬੋਲਾਂ ਦਾ ਸ਼ਾਇਰ

ਚੰਦਰ ਮੋਹਨ

ਆਰਥਿਕ ਖੁਸ਼ਹਾਲੀ ਦੀ ਭਾਲ ਲਈ ਪੰਜਾਬ ਵਿਚੋਂ ਬਹੁਤ ਸਾਰੇ ਲੋਕ ਵਿਦੇਸ਼ਾਂ ਨੂੰ ਗਏ। ਪਿਛਲੇ ਚਾਰ ਕੁ ਦਹਾਕਿਆਂ ਤੋਂ ਵਿਦੇਸ਼ਾਂ ਨੂੰ ਜਾਣ ਵਾਲੇ ਇਹਨਾਂ ਲੋਕਾਂ ਵਿਚ ਸਾਹਿਤਕ ਰੁਚੀ ਰੱਖਣ ਵਾਲੇ ਲੋਕ ਵੀ ਸ਼ਾਮਲ ਹੁੰਦੇ ਗਏ। ਵਿਦੇਸ਼ ਜਾ ਕੇ ਉਹਨਾਂ ਆਪਣੀ ਰਚਨਾਤਮਕ ਪ੍ਰਤਿਭਾ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਣਾ ਸ਼ੁਰੂ ਕਰ ਦਿੱਤਾ। ਇੰਝ ਪਰਵਾਸੀ ਪੰਜਾਬੀ ਸਾਹਿਤ ਦਾ ਉਦੈ ਹੋ ਗਿਆ। ਮੰਗਾ ਬਾਸੀ ਵੀ ਵਿਦੇਸ਼ ਗਿਆਂ ਉਹਨਾਂ ਵਿਅਕਤੀਆਂ ਵਿਚੋਂ ਇਕ ਹੈ ਜਿਹੜਾ ਅੱਜੋਕੇ ਸਮੇਂ ਵਿਚ ਇਕ ਸਮਰੱਥ ਪੰਜਾਬੀ ਕਵੀ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ ਹੈ। ਕੈਨੇਡਾ ਵਿਚਲਾ ਉਸਦਾ ਅਨੁਭਵ ਉਸਦੀ ਕਵਿਤਾ ਦਾ ਯਥਾਰਥ ਬਣਿਆ ਹੈ। ਉਸਦੇ ਪਰਵਾਸ-ਅਨੁਭਵ ਦਾ ਪਛਾਣ-ਚਿੰਨ੍ਹ ਕੈਨੇਡੀਅਨ ਪੰਜਾਬੀ ਜੀਵਨ-ਯਥਾਰਥ ਹੈ।

ਕੈਨੇਡੀਅਨ ਪੰਜਾਬੀ ਜੀਵਨ-ਯਥਾਰਥ ਨੂੰ ਪੇਸ਼ ਕਰਨ ਵਾਲੀ ਪੰਜਾਬੀ ਕਵਿਤਾ ਦੀ ਸਿਰਜਣਧਾਰਾ ਵਿਚ ਮੰਗਾ ਬਾਸੀ ਵਿਸ਼ੇਸ਼ ਹਸਤਾਖਰ ਹੈ। ਵਿਸ਼ੇਸ਼ਤਾ ਦਾ ਕਾਰਨ ਉਸਦੇ 1992, 1994, 2003 ਅਤੇ 2007 ਵਿਚ ਕ੍ਰਮਵਾਰ ਛਪੇ 'ਬਰਫ਼ ਦਾ ਮਾਰੂਥਲ', 'ਵਿਚ ਪ੍ਰਦੇਸਾਂ ਦੇ', 'ਮੈਂ ਤੇ ਕਵਿਤਾ' ਅਤੇ 'ਕੂੰਜਾਂ ਦੇ ਸਿਰਨਾਵੇਂ' ਕਾਵਿ ਸੰਗ੍ਰਹਿਆਂ ਵਿਚਲੀ ਕਾਵਿ-ਵਸਤੂ ਬਣਦਾ ਹੈ। ਇਹਨਾਂ ਚਾਰ ਸੰਗ੍ਰਹਿਆਂ ਵਿਚ ਪਰਵਾਸੀ ਵਿਅਕਤੀ ਦਾ ਸਭਿਆਚਾਰਕ ਮੋਹ-ਵਸ ਰੁਦਨ ਜਾਂ ਤਾਂ ਗ਼ਾਇਬ ਹੈ ਜਾਂ ਫਿਰ ਅਲਪ ਮਾਤਰਾ ਵਿਚ ਹੀ ਪੇਸ਼ ਹੋਇਆ ਹੈ, ਜਿਸ ਦੁਆਲੇ ਮੁੱਢਲੀ ਪਰਵਾਸੀ ਕਵਿਤਾ ਰਚੀ ਗਈ ਹੈ। ਇਕ ਹੋਰ ਕੈਨੇਡੀਅਨ ਪੰਜਾਬੀ ਕਵੀ, ਸਾਧੂ ਬਿਨਿੰਗ, ਵਾਂਗ ਮੰਗਾ ਬਾਸੀ ਦੀ ਕਵਿਤਾ ਵਿਚੋਂ ਵੀ ਪਰਵਾਸ ਵਾਲੀ ਕੈਨੇਡੀਅਨ ਧਰਤੀ ਨਾਲ ਅਤੇ ਦੇਸ਼-ਕਾਲ ਤੋਂ ਮੁਕਤ ਮਾਨਵਤਾ ਨਾਲ ਮੋਹ ਪਾਲਣ ਦਾ ਦਿੱਤਾ ਸੰਦੇਸ਼ ਲੱਭਦਾ ਹੈ।

ਮੰਗਾ ਬਾਸੀ ਜਦੋਂ ਕਵਿਤਾ ਦੀ ਸਿਰਜਣਾ ਕਰਦਾ ਹੈ ਤਾਂ ਉਸ ਸਾਹਵੇਂ ਪੰਜਾਬ, ਹਿੰਦ ਅਤੇ ਸੱਤ-ਸਮੁੰਦਰ ਪਾਰ ਦੇ ਸਥਿਤੀਮੁਖ ਪਾਸਾਰ ਹੁੰਦੇ ਹਨ, ਜਿਹਨਾਂ ਉੱਤੇ ਉਡਾਣ ਭਰਦੀ ਉਸਦੀ ਦ੍ਰਿਸ਼ਟੀ ਸਮੂਲਚੀ ਮਾਨਵਤਾ ਸੰਗ ਗਲਵੱਕੜੀ ਪਾਉਣ ਦਾ ਸੰਦੇਸ਼ ਦਿੰਦੀ ਹੈ, ਜਿਵੇਂ ਕਿ ਇਕ ਬੋਲੀ ਵਿਚ ਦਿੱਤਾ ਗਿਆ ਹੈ:

ਮਿਟ ਜਾਵਣ ਦੇਸ਼ਾਂ ਦੀਆਂ ਲੀਕਾਂ, ਦੁਨੀਆਂ ਇਕ ਹੋ ਜਾਵੇ
ਚਾਰ ਦਿਸ਼ਾਵੀਂ ਸਾਂਝਾਂ ਗੂੰਜਣ, ਨਫ਼ਰਤ ਨਾਦ ਨਾ ਭਾਵੇ
ਪੀਂਘ ਅੰਬਰ 'ਤੇ ਮਾਨਵਤਾ ਦੀ, ਔਰਤ ਮਰਦ ਚੜ੍ਹਾਵੇ
ਹਰ ਥਾਂ ਬੀਜਣ ਬੀਜ ਹੱਕਾਂ ਦੇ, ਮਜ਼੍ਹਬ ਨਸਲ ਨਾ ਗਾਵੇ
ਵਿਹੜੇ ਧਰਤੀ ਦੇ, ਅਮਨ ਬੋਲੀਆਂ ਪਾਵੇ...

ਮੰਗਾ ਬਾਸੀ ਮੂਲ ਰੂਪ ਵਿਚ ਅਮਨ, ਸਾਂਝ ਤੇ ਏਕੇ ਦੇ ਸਰੋਕਾਰਾਂ ਨੂੰ ਪਰਨਾਇਆ ਕਵੀ ਹੈ। ਪ੍ਰਮਾਣ ਵਜੋਂ ਗੰਜ਼ਰਵ, ਅੰਗਿਆਰ, ਰਿਸ਼ਮਾਂ, ਦੋ ਇਨਸਾਨ, ਸਾਂਝਾਂ ਅਤੇ ਲੋਕ ਸਿਰਲੇਖਾਂ ਵਾਲੀਆਂ ਕਵਿਤਾਵਾਂ ਦੀ ਵਸਤੂ ਨੂੰ ਵਿਚਾਰਿਆ ਜਾ ਸਕਦਾ ਹੈ। ਇਸੇ ਤਰ੍ਹਾਂ ਨਜ਼ਮ ਦੀ ਫਸਲ, ਦਸਵੇਂ ਸਾਲ ਦੇ ਨਾਂ, ਅਧੂਰੇ ਖਾਬ, ਭਾਂਬੜ ਅਤੇ ਮੁੜ ਵਤਨਾਂ ਨੂੰ ਚੱਲੀਏ! ਕਵਿਤਾਵਾਂ ਵਿਚ ਜਿੱਥੇ ਉਸਨੇ ਪੰਜਾਬ ਸੰਕਟ ਦੇ ਦੌਰ ਨਾਲ ਸੰਬੰਧਤ ਫਿਰਕੂ ਜਨੂੰਨ ਤੇ ਖੂਨੀ ਦੰਗਿਆਂ ਦੇ ਦ੍ਰਿਸ਼ਟਾਂਤਕ ਵੇਰਵੇ ਕਰੁਣਾਮਈ ਸੁਰ ਵਿਚ ਪੇਸ਼

ਕੀਤੇ ਹਨ, ਉਥੇ ਨੈਲਸਨ ਮੰਡੇਲਾ ਨੂੰ, *ਹੱਕਾਂ ਦਾ ਸੂਰਜ* ਅਤੇ *ਅਮਨ ਨਦੀ ਵਿਚ ਤਰੀਏ* ਕਵਿਤਾਵਾਂ ਰਾਹੀਂ ਦੱਖਣੀ ਅਫਰੀਕਾ ਦੇ ਨਸਲੀ ਵਿਤਕਰੇ ਖਿਲਾਫ ਲੜਨ ਵਾਲੇ ਲੋਕ-ਨੇਤਾ 'ਨੈਲਸਨ ਮੰਡੇਲਾ' ਦੇ ਮਨੁੱਖਤਾਵਾਦੀ ਕਾਰਨਾਮਿਆਂ ਨੂੰ ਸੰਸਾਰ ਪੱਧਰ ਉੱਤੇ ਮਨੁੱਖਤਾ ਲਈ ਲੜਨ ਵਾਲੇ ਸੂਰਬੀਰਾਂ ਸਾਹਵੇਂ ਮਾਡਲ ਵਜੋਂ ਪੇਸ਼ ਕੀਤਾ ਹੈ।

ਮੰਗਾ ਬਾਸੀ ਨੇ ਆਪਣੀ ਕਾਵਿ ਸਿਰਜਣਾ ਰਾਹੀਂ ਪਰਵਾਸੀ ਵਿਅਕਤੀਆਂ ਦੇ ਜੀਵਨ ਦੇ ਭਾਵੁਕ, ਮਾਨਸਿਕ, ਆਰਥਿਕ, ਸਮਾਜਕ, ਰਾਜਨੀਤਕ ਇਤਿਆਦਿ ਪਹਿਲੂਆਂ ਵਿਚੋਂ ਉਭਰਦੇ ਦੁੱਖਾਂ ਨੂੰ ਵੀ ਫਰੋਲਿਆ ਹੈ। ਪਰਦੇਸ ਰਹਿੰਦੇ ਪੰਜਾਬੀ ਵਿਅਕਤੀ ਨੂੰ ਜਿਉਂ ਜਿਉਂ ਵਤਨ ਦੇ ਹਿਜਰ ਦਾ ਪਾਰਾ ਚੜ੍ਹਦਾ ਹੈ ਉਵੇਂ ਉਵੇਂ ਹੀ ਉਹ ਆਪਣੇ ਵਤਨ ਨੂੰ ਮੁੜਨ ਲਈ ਤਾਂਘਦਾ ਤਾਂ ਹੈ, ਪਰ ਆਰਥਿਕ ਮਜਬੂਰੀ ਵਸ ਪਾਈ ਡਾਲਰ ਨਾਲ ਯਾਰੀ ਉਸਨੂੰ ਵਾਪਸ ਆਪਣੇ ਵਤਨ ਨਹੀਂ ਪਰਤਣ ਦਿੰਦੀ। ਕਵੀ ਦੀ ਨਜ਼ਰ ਵਿਚ ਉਸਦਾ ਜੀਵਨ-ਯਥਾਰਥ 'ਬਰਫ਼ ਦਾ ਮਾਰੂਥਲ' ਬਣ ਜਾਂਦਾ ਹੈ। ਕਿਉਂਜੁ, ਵਿਕਸਤ ਪੂੰਜੀਵਾਦੀ ਵਿਵਸਥਾ ਉਸਦੇ ਅਰਮਾਨਾਂ ਉੱਤੇ ਨਾਗਾਂ ਵਾਂਗ ਡੰਗ ਚਲਾ ਕੇ ਉਸਨੂੰ ਮਦ-ਮਸਤ ਕਰੀ ਰੱਖਦੀ ਹੈ। ਸ਼ਾਇਦ ਇਸੇ ਲਈ ਕਵੀ ਨੂੰ ਜਾਪਦਾ ਹੈ ਕਿ ਉਸਦਾ ਪੰਜਾਬੀ ਵਿਰਸਾ ਪੱਛਮ ਦੀ ਝੋਲੀ ਵਿਚ ਕਿਰ ਗਿਆ ਹੈ। *ਵਾਪਸੀ ਤੋਂ ਬਾਅਦ, ਪਰਦੇਸ ਤੋਂ ਦੇਸ* ਅਤੇ *ਵਾਪਸ ਨਹੀਂ ਪਰਤਣਾ* ਕਵਿਤਾਵਾਂ ਵਿਚਲਾ ਬਿਰਤਾਂਤਕ ਫੈਲਾਅ ਕਵੀ ਦੇ ਜ਼ਿਹਨ ਵਿਚ ਵਗਦੇ ਉਦਾਸੀ ਦੇ ਦਰਿਆ ਦੇ ਵਹਾਅ ਨੂੰ ਇਸੇ ਪ੍ਰਸੰਗ 'ਚ ਹੀ ਮੂਰਤੀਮਾਨ ਕਰਦਾ ਹੈ। ਕਵੀ ਨੂੰ ਉਦਾਸੀ ਦੇ ਦਰਿਆ ਵਿਚ ਆਪਣਾ ਪਿੰਡ ਡੁੱਬਾ ਜਾਪਦਾ ਹੈ, ਪੁਰਖਿਆਂ ਦੀ ਜੂਹ ਡੁੱਬੀ ਜਾਪਦੀ ਹੈ। ਤਾਸ਼ ਖੇਡਦੀਆਂ ਢਾਣੀਆਂ, ਦਾਣੇ ਭੁੰਨਣ ਵਾਲੀਆਂ ਭੱਠੀਆਂ, ਬਾਤਾਂ ਪਾਉਂਦੀਆਂ ਰਾਤਾਂ ਵਾਲਾ ਦੇਸੀ ਸਭਿਆਚਾਰ ਅਲੋਪ ਹੋ ਗਿਆ ਜਾਪਦਾ ਹੈ। ਕਿਉਂਕਿ, ਪਰਵਾਸੀ ਜੀਵਨ ਦੀ ਆਮਦ ਨਾਲ ਉਸਦੇ ਜ਼ਿਹਨ ਵਿਚ ਉਦਾਸੀ ਦੀਆਂ ਲਹਿਰਾਂ ਨੇ ਸਿਰਜਿਆ ਹੈ-ਤਾਂਡਵ ਨਾਚ। ਇਹ ਤਾਂਡਵ ਨਾਚ ਪਰਵਾਸੀ ਮਾਨਵ ਦੀ ਸੋਚ ਦਾ ਪ੍ਰਤੀਕ ਹੈ। ਇਸ ਨਾਚ ਵਿਚ ਦੇਸ ਵਿਚਲੇ ਟਾਹਲੀ ਵਾਲੇ ਖੇਤ ਵਿਚ ਥਰੈਸ਼ਰ ਦਾ ਤੂੜੀ ਤੋਂ ਦਾਣੇ ਵੱਖ ਕਰਨ ਅਤੇ ਟਿਊਬਵੈੱਲ 'ਚੋਂ ਵਗਦੇ ਪਾਣੀ ਦਾ ਸ਼ੋਰ ਰਲ ਕੇ ਪਰਵਾਸੀ ਜੀਵਨ ਨਾਲ ਸਮਝੌਤਾਵਾਦੀ ਸ਼ੋਰ ਦੇ ਰੂਪ ਵਿਚ ਇੰਝ ਬਦਲ ਗਿਆ ਹੈ:

ਹੁਣ ਇਹ ਦੇਸ ਪਰਦੇਸ ਨਹੀ/ਮੇਰਾ ਦੇਸ ਬਣ ਗਿਆ ਹੈ
ਜਿੱਥੇ ਮੈਂ/ਸੁਪਨਿਆਂ ਦੇ ਫੁੱਲਾਂ ਦਾ/ਗੀਤ ਲਿਖ ਰਿਹਾ ਹਾਂ...

ਮੇਰੇ ਚੁਗਿਰਦੇ ਵਿਚ/ਨਿਤਰੇ ਹੋਏ ਪਾਣੀ ਦੀਆਂ ਵਗਦੀਆਂ ਕੂਲਾਂ
ਬੇਈਂ ਨਦੀ ਵਰਗੀਆਂ ਹੀ ਲਗਦੀਆਂ ਨੇ

ਉਪਰੋਕਤ ਦੋਵੇਂ ਕਾਵਿ-ਟੋਟਿਆਂ ਵਿਚਲਾ ਵਸਤੂ-ਸੰਦੇਸ਼ ਦਰਸਾਉਂਦਾ ਹੈ ਕਿ ਪਰਵਾਸੀ ਪੰਜਾਬੀ ਵਿਅਕਤੀ ਪੱਛਮ ਦੇ ਜਟਿਲ ਸਭਿਆਚਾਰਕ ਵਰਤਾਰੇ ਨੂੰ ਕਬੂਲਦਾ ਹੋਇਆ ਆਪਣੇ ਅਸਤਿਤਵ ਦੀ ਪਛਾਣ-ਸੀਮਾ ਨਿਰਧਾਰਤ ਕਰ ਰਿਹਾ ਹੈ। ਪੱਛਮ ਦੇ ਆਧੁਨਿਕੀਕਰਣ ਵਾਲੇ ਵਿਕਸਤ ਸਭਿਆਚਾਰ ਦੇ ਸਮਾਨੰਤਰ ਉਸਨੂੰ ਦੇਸ ਵਿਚਲੇ ਤੰਗੀ-ਤੁਰਸ਼ੀ ਦੇ ਘਰੇਲੂ ਵਾਤਾਵਰਣ ਵਿਚ ਰੀਂਗਦੀ ਜ਼ਿੰਦਗੀ ਵਿਚ ਫੁੱਲਾਂ ਦੀ ਮਹਿਕ ਦਾ ਅਹਿਸਾਸ ਹੁੰਦਾ ਹੈ। ਪਰ ਪਰਦੇਸ ਵਿਚਲੀ ਮਾਨਵੀ ਰਿਸ਼ਤਿਆਂ ਤੋਂ ਬੰਜਰ ਧਰਤੀ ਦੀ ਬੁੱਕਲ ਵਿਚ ਸਮਾਉਣ ਦੀ ਕਾਵਿਕ ਚੇਤਨਾ ਕਵੀ ਮੰਗਾ ਬਾਸੀ ਦੀ ਕਾਵਿ-ਦ੍ਰਿਸ਼ਟੀ ਦਾ ਮੁਹਾਂਦਰਾ ਅਜਨਬੀਅਤ ਵਾਲਾ ਘੜ ਦਿੰਦੀ ਹੈ। ਅਜਨਬੀ ਤੱਤ ਦੀ ਕਾਵਿ-ਸਿਰਜਣਾ ਪਰਵਾਸੀ ਪੰਜਾਬੀ ਕਵਿਤਾ ਦੀ ਨਵੀਂ ਦਿਸ਼ਾ ਦਾ ਸੰਕੇਤ ਇੰਝ ਦਿੰਦੀ ਹੈ:

ਵਾਪਸ ਪਰਤਣ ਦੀ ਤਮੰਨਾ ਹੁਣ
ਹਰਿਆਵਲ ਵਿਚ ਬਦਲ ਗਈ ਏ!
ਬੀੜ ਬੰਸੀਆਂ ਤੋਂ ਵੈਨਕੂਵਰ ਦਾ ਸਫ਼ਰ ਤੈਅ ਕਰ
ਨੁਹਾਰ ਬਦਲ ਬੈਠੀ ਏ!
ਹੁਣ ਵਾਪਸ ਕਿਸ ਨੇ ਜਾਣਾ ਹੈ?

'ਬੀੜ ਬੰਸੀਆਂ' ਮੰਗਾ ਬਾਸੀ ਦਾ ਜੱਦੀ ਪਿੰਡ ਹੈ ਜਦਕਿ ਉਹ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਰਹਿ ਕੇ ਪਰਵਾਸੀ ਜੀਵਨ ਬਿਤਾ ਰਿਹਾ ਹੈ। ਪਰਵਾਸੀ ਚੌਗਿਰਦੇ ਨੇ ਉਸਦੇ ਕਾਵਿ-ਮਨ ਨੂੰ ਕਵਿਤਾ ਲਿਖਣ ਲਈ ਪ੍ਰੇਰਿਆ। ਮੰਗਾ ਬਾਸੀ ਦੇ ਸਭਿਆਚਾਰਕ ਅਵਚੇਤਨ ਵਿਚ ਪਿਆ ਸੱਸੀ ਪੁੰਨੂੰ ਦਾ ਪ੍ਰੇਮ-ਸੰਕਲਪ ਪਰਵਾਸੀ ਵਿਅਕਤੀ ਦੇ ਮਨ ਵਿਚ ਦੇਸ ਅਤੇ ਪਰਦੇਸ ਦੇ ਅਟੁੱਟ ਪ੍ਰੇਮ ਵਿਚ ਵਟ ਕੇ ਨਵੇਂ ਅਰਥਾਂ ਦਾ ਸੰਚਾਰ ਕਰ ਜਾਂਦਾ ਹੈ। 'ਮੇਰੇ ਮਨ' ਕਵਿਤਾ ਦੀ ਸਿਰਜਣਾ ਇਸ ਅਵਚੇਤਨੀ ਦਸ਼ਾ ਦਾ ਕਾਵਿ-ਰੂਪਾਂਤਰਣ ਹੈ। ਇਸ ਕਵਿਤਾ ਵਿਚ ਉਸਨੇ ਸੱਸੀ ਪੁੰਨੂੰ ਦੀ ਪ੍ਰੀਤ ਕਹਾਣੀ ਦੇ ਕਾਵਿ-ਬਿੰਬ ਦੀ ਸਿਰਜਣਾ ਦੇਸੀ ਅਤੇ ਪਰਦੇਸੀ ਦੋ ਸਭਿਆਚਾਰਕ ਜੁੱਟਾਂ ਵਿਚ ਫਾਥੇ ਪਰਵਾਸੀ ਪੰਜਾਬੀ ਵਿਅਕਤੀ ਨੂੰ ਰਸਤਾ ਦਿਖਾਉਣ ਲਈ ਕੀਤੀ ਹੈ, ਕਿਉਂਕਿ ਪਰਦੇਸੀ ਵਿਅਕਤੀ ਇਹਨਾਂ ਦੋਹਾਂ ਜੁੱਟਾਂ ਥੀਂ ਅਪਣੱਤ ਅਤੇ ਵਿਰੋਧ ਦੀ ਭਾਵਨਾ ਦਾ ਸ਼ਿਕਾਰ ਜਾਪਦਾ ਹੈ। ਦੋਹਾਂ ਵਿਚੋਂ ਇਕ ਦਾ ਲੜ ਫੜਨ ਦਾ ਸੰਦੇਸ਼ *"ਛੱਡ ਹੁਣ ਕਿਸੇ ਪੁੰਨੂੰ ਦਾ ਖੁਰਾ ਢੂੰਡਣ ਦੀ ਗੱਲ"* ਕਾਵਿ-ਸਤਰਾਂ ਰਾਹੀਂ ਦੇ ਗਿਆ ਹੈ। *'ਬਿਰਖ'* ਤੇ *'ਜਾਲ'* ਨਾਮਕ ਕਵਿਤਾਵਾਂ ਦੀ ਸ਼ਬਦ-ਵਿਵਸਥਾ ਰਾਹੀਂ ਨਵੇਂ ਪਰਵਾਸੀ ਜੀਵਨ-ਅਨੁਭਵ ਦੇ ਸੰਕਲਪ ਦੀ ਸਿਰਜਣਾ ਕਵੀ ਇੰਝ ਕਰ ਰਿਹਾ ਹੈ:

ਸਮੁੰਦਰ ਦੀ ਡੂੰਘਾਈ ਵਿਚੋਂ ਉਪਜੇ/ਜ਼ਿੰਦਗੀ ਦੇ ਅਰਥਾਂ ਨੂੰ ਸਮਝ
ਮਨੁੱਖ ਦੇ ਹੱਥਾਂ ਵਿਚ ਹੱਥ ਪਾ/ਜੀਵਨ ਦੇ ਗੀਤ ਗਾਈਏ
ਧਰਤੀ ਤੇ ਆਕਾਸ਼ਾਂ ਦੇ ਰੰਗਾਂ ਵਿਚ/ਰੰਗੀਨ ਹੋ, ਨੱਚਣ ਦੀ ਗੱਲ ਕਰੀਏ!!

ਪਰਵਾਸੀ ਲੋਕਾਂ ਨੂੰ ਮਾਨਵਤਾ ਦਾ ਪਾਠ ਪੜ੍ਹਾਉਂਦਿਆਂ ਮੰਗਾ ਬਾਸੀ ਮਜ਼ਬੀ, ਰਵਾਇਤੀ ਤੇ ਨਸਲੀ ਘੁਰਨਿਆਂ ਵਿਚ ਘਿਰੀ ਜ਼ਿੰਦਗੀ ਨੂੰ ਤਿਲਾਂਜਲੀ ਦੇਣ ਵਾਲੇ ਦ੍ਰਿਸ਼ਟੀ-ਬਿੰਦੂਆਂ ਦੀ ਪਛਾਣ ਦਿੰਦਾ ਹੈ। ਪਰਵਾਸੀ ਲੋਕਾਂ ਨੂੰ ਸੋਚਾਂ ਦੇ ਮਿਸ਼ਰਣ ਤੇ ਸੁਪਨਿਆਂ ਦੀ ਜੂਹ ਵਿਚੋਂ ਨਿਕਲਣ ਦਾ ਰਸਤਾ ਸੁਝਾਉਂਦਾ ਹੈ:

ਮੈਂ ਵਰਤਮਾਨ ਦੇ ਮੋਢੀਂ ਚੜ੍ਹ
ਭਵਿੱਖ ਦਾ ਕੱਦ ਮਿਣਿਆ ਹੈ
ਨਕਸ਼ ਦੇਖੇ ਨੇ, ਸੰਵਾਦ ਰਚਾਇਆ ਹੈ

ਪਰਵਾਸੀ ਕਵਿਤਾ ਦੇ ਮੰਨੇ ਗਏ ਕਾਵਿ-ਸੂਤਰਾਂ ਵਿਚ ਵਾਧਾ ਕਰਦਿਆਂ ਹੋਇਆਂ ਮੰਗਾ ਬਾਸੀ ਦੀ ਕਵਿਤਾ ਨੇ ਤਿੰਨ ਕਾਵਿ-ਸੂਤਰ ਪ੍ਰਸਤੁਤ ਕੀਤੇ ਹਨ। ਪਹਿਲਾ, ਪਰਵਾਸੀ ਪੰਜਾਬੀਆਂ ਨੂੰ ਵਰਤਮਾਨ ਦੇ ਮੋਢੀਂ ਚੜ੍ਹਨ ਵਾਲੇ ਸੂਰਮਿਆਂ ਦੇ ਰੂਪ ਵਿਚ ਦੇਖਣ ਵਾਲਾ। ਦੂਸਰਾ, ਭਵਿੱਖ ਦਾ ਕੱਦ ਮਾਪਣ ਵਾਲੇ ਸ਼ਕਤੀਸ਼ਾਲੀ ਯੋਧਿਆਂ ਦੇ ਰੂਪ ਵਿਚ ਰੂਪਾਂਤਰਤ ਕਰਨ ਦਾ। ਤੀਸਰਾ, ਸਮੁੱਚੇ ਬ੍ਰਹਿਮੰਡ ਨਾਲ ਸੰਵਾਦ ਰਚਾਉਣ ਵਾਲੇ ਗਿਆਨੀ/ਵਿਗਿਆਨੀ ਦੇ ਰੂਪ ਵਿਚ ਪਰਵਾਸੀ ਪੰਜਾਬੀਆਂ ਨੂੰ ਦੇਖਣ ਵਾਲਾ। ਇਹਨਾਂ ਕਾਵਿ-ਸੂਤਰਾਂ ਨੂੰ ਆਪਣੀ ਕਵਿਤਾ ਵਿਚ ਉਘਾੜਨ ਲਈ ਅਤੇ ਪਰਵਾਸੀ ਪੰਜਾਬੀ ਜੀਵਨ ਵਿਚੋਂ ਪਛਾਣਨ ਲਈ ਮੰਗਾ ਬਾਸੀ ਦੀ ਕਵਿਤਾ ਉਸ ਪਰਵਾਸੀ ਵਿਅਕਤੀ ਨੂੰ ਸੰਬੋਧਤ ਹੁੰਦੀ ਹੈ,

ਜਿਹੜਾ ਪੂਰਬ ਤੇ ਪੱਛਮ ਦੇ ਘਣੇ ਜੰਗਲਾਂ ਵਿਚ ਗੁਆਚਾ, ਜੰਗਲੀ ਆਵਾਜ਼ਾਂ ਦਾ ਗੁਲਾਮ ਬਣ, ਵਸਲ ਦੇ ਪਰਛਾਵੇਂ ਤੋਂ ਦੂਰ, ਇਕੱਲਤਾ ਦੇ ਹਨੇਰ ਵਿਚ ਕੈਦ ਹੋਇਆ, ਯਾਦਾਂ ਦੇ ਪਰਦੇ ਤੋਂ ਮੇਜ਼ਬਾਨ (ਪਰਵਾਸੀ ਜੀਵਨ-ਯਥਾਰਥ) ਦੇ ਪਿਆਰ ਭਿੱਜੇ ਸ਼ਬਦਾਂ ਨੂੰ ਇਕੱਠੇ ਕਰ, ਕਿਸੇ ਕਹਾਣੀ ਨੂੰ ਜਨਮ ਦੇ ਰਿਹਾ ਹੈ। ਮੰਗਾ ਬਾਸੀ ਦੀ ਕਾਵਿ-ਮੈਂ ਵੀ ਇਸ ਕਹਾਣੀ ਨੂੰ ਜਨਮ ਦੇਣ ਵਾਲੇ ਪਰਵਾਸੀ ਵਿਅਕਤੀ ਦੇ ਜੀਵਨ ਤੋਂ ਮੁਕਤ ਨਹੀਂ ਜਾਪਦੀ:

ਹੁਣ ਮੈਂ ਘਰ ਤੋਂ ਦੂਰ ਘਰ ਬਣਾ ਕੇ
ਨ੍ਹੇਰਿਆਂ 'ਚੋਂ ਗੁਜ਼ਰ, ਅਵਾਸੀ ਤੋਂ ਵਾਸੀ ਬਣ
ਚਾਨਣ ਨੂੰ ਪਾਉਣ ਦੀ ਕਹਾਣੀ ਰਚ ਰਿਹਾ ਹਾਂ

ਪਰਵਾਸੀ ਪੰਜਾਬੀ ਕਵਿਤਾ ਦੀ ਵਸਤੂ ਬਣੇ ਵਿਸ਼ੇ, ਜਿਵੇਂ ਨਸਲੀ ਵਿਤਕਰਾ, ਭੌਂ-ਹੇਰਵਾ, ਪੀੜ੍ਹੀ-ਪਾੜਾ, ਆਰਥਿਕ ਮੁਸੀਬਤਾਂ, ਸਮਾਜਕ ਸਭਿਆਚਾਰਕ ਕੀਮਤਾਂ ਵਿਚਲਾ ਤਨਾਉ ਆਦਿ ਤੋਂ ਨਿਵੇਕਲੇ ਵਿਸ਼ੇ ਦੀ ਸਿਰਜਣਾ ਵੱਲ ਅਹੁਲਦੀ ਹੈ ਮੰਗਾ ਬਾਸੀ ਦੀ ਕਵਿਤਾ। ਉਪਰ ਦੱਸੇ ਪਰਵਾਸੀ ਕਾਵਿ-ਸਰੋਕਾਰਾਂ ਨੂੰ ਦੁਹਰਾਉਣ ਦੀ ਬਜਾਏ, ਮੰਗਾ ਬਾਸੀ ਨੇ ਨਵਾਂ ਕਾਵਿ-ਸੰਦਰਭ ਉਭਾਰਿਆ ਹੈ। ਕਵੀ ਦੀ ਭਾਵਨਾ ਤੇ ਕਲਪਨਾ ਦੀ ਪ੍ਰਕਿਰਤੀ ਵਿਚੋਂ ਉਗਮਦੀ ਕਵਿਤਾ ਸਮੇਂ, ਸਥਾਨ ਅਤੇ ਪਰਿਸਥਿਤੀ ਦੇ ਬੰਧਨਾਂ ਤੋਂ ਮੁਕਤ ਹੋਣ ਦੇ ਸੰਘਰਸ਼ ਵਿਚ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਧੁਨ ਅਲਾਪਦੀ ਹੋਈ ਉਤਸ਼ਾਹੀ ਜੀਵਨ ਜਿਊਣ ਦਾ ਹੋਕਾ ਦਿੰਦੀ ਹੈ। ਇਸੇ ਹੋਕੇ ਵਿਚ ਕਵਿਤਾ ਦਾ ਸੁਹਜ ਪੱਖ ਛੁਪਿਆ ਹੋਇਆ ਹੈ। ਇਸ ਦੀ ਉਤਮ ਮਿਸਾਲ *'ਬਿਰਖ'* ਕਵਿਤਾ ਹੈ। ਇਸ ਕਵਿਤਾ ਦੀ ਸ਼ਬਦ-ਸਿਰਜਣਾ ਵਿਚੋਂ ਪੈਦਾ ਹੋਇਆ ਅਰਥ-ਸੰਕਲਪ ਕਵੀ ਦੀ ਮਾਨਵਵਾਦੀ ਕਾਵਿ-ਸੁਰ ਦੀ ਪ੍ਰਤੀਤੀ ਕਰਾਉਂਦਾ ਜਾਪਦਾ ਹੈ। ਅਰਥ-ਵਖਰੇਵੇਂ ਦੀ ਜੁਗਤ ਰਾਹੀਂ ਕਵਿਤਾ ਦਾ ਸੁਹਜ-ਸੁਆਦ ਹੋਰ ਵੀ ਨਿਖਰਦਾ ਜਾਪਦਾ ਹੈ ਅਤੇ ਕਵੀ ਮੰਗਾ ਬਾਸੀ ਨੂੰ ਦੇਸ਼ ਕਾਲ ਦੀ ਕੈਦ ਤੋਂ ਮੁਕਤ ਸਮੁੱਚੀ ਮਾਨਵਤਾ ਦਾ ਕਵੀ ਬਣਾ ਜਾਂਦਾ ਹੈ। ਮਿਸਾਲ ਲਈ, *'ਧਰਤੀ ਦੀ ਪੁਕਾਰ'* ਕਵਿਤਾ ਵਿਚ ਕਵੀ ਨੇ ਐਟਮੀ ਬੰਬਾਂ ਦੀ ਤਬਾਹੀ ਦੀ ਗੱਲ ਕਰਦਿਆਂ ਇਸਨੂੰ ਸਮੁੱਚੀ ਮਨੁੱਖਤਾ ਦੇ ਨਾਸ਼ ਲਈ ਇਕ ਕੋਝੀ ਅਮਾਨਵੀ ਹਰਕਤ ਦੱਸਿਆ ਹੈ। ਧਰਤੀ ਉੱਤੇ ਹੁੰਦੇ ਐਟਮੀ ਤਜਰਬੇ ਹੱਸਦੀ ਜ਼ਿੰਦਗੀ ਨੂੰ ਬੇਜਾਨ ਕਰਨ ਲਈ ਕਾਫੀ ਹਨ। ਕਵੀ ਦੀ ਨਜ਼ਰ ਵਿਚ *"ਧਰਤੀ, ਜਿਉਣ ਦੇ ਅਰਥਾਂ ਦੀ ਤਲਾਸ਼ ਵਿਚ, ਮਨੁੱਖ ਨਾਲ ਗੁਫ਼ਤਗੂ ਕਰਨ ਲਈ ਪੁਕਾਰ ਕਰ ਰਹੀ ਹੈ।"*

ਪਰ ਪਰਵਾਸੀ ਲੋਕਾਂ ਦਾ ਰੁਝੇਵਿਆਂ ਭਰਪੂਰ ਜੀਵਨ ਇਸ ਗੁਫ਼ਤਗੂ ਲਈ ਕੰਧ ਬਣਿਆ ਖੜ੍ਹਾ ਹੈ-ਮਸ਼ੀਨ ਬਣਿਆ ਜੀਵਨ। ਮਸ਼ੀਨੀਕ੍ਰਿਤ ਜੀਵਨ ਭੋਗਣਾ ਪਰਵਾਸੀ ਪੰਜਾਬੀ ਲੋਕਾਂ ਦੀ ਹੋਣੀ ਦਾ ਪ੍ਰਮੁੱਖ ਲੱਛਣ ਹੈ। *'ਨੋਟਿਸ ਬੋਰਡ'*, *'ਰੁਝੇਵਿਆਂ ਦਾ ਜੰਗਲ'* ਅਤੇ *'ਘਰ ਦੇ ਦਰਵਾਜ਼ੇ ਅੰਦਰ'* ਕਵਿਤਾਵਾਂ ਵਿਚਲਾ ਕਾਵਿਕ-ਵਾਤਾਵਰਣ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ:

ਮੈਂ ਘਰ ਦੇ ਦਰਵਾਜ਼ੇ ਅੰਦਰ
ਸਵੈ-ਸਿਰਜੇ ਮੌਸਮ ਵਿਚ ਜੀਅ ਰਿਹਾ ਹਾਂ

ਕਵੀ ਦੀ ਨਜ਼ਰ ਵਿਚ ਪਰਵਾਸੀਆਂ ਦੁਆਰਾ ਸਵੈ-ਸਿਰਜਿਆ ਵਾਤਾਵਰਣ ਉਹਨਾਂ ਦੇ ਪਰਿਵੇਸ਼ਗਤ ਵਾਤਾਵਰਣ ਤੋਂ ਅਭਿੰਨ ਹੁੰਦਾ ਹੈ। ਇਸੇ ਲਈ ਤਾਂ ਉਹ ਪਰਵਾਸੀ ਜੀਵਨ ਦੀ ਚਟਾਨ ਸੰਗ ਖਹਿਣ ਦੇ ਕਾਬਿਲ ਬਣਦੇ ਹਨ ਅਤੇ ਬੀਤੇ ਦੀਆਂ ਪੈੜਾਂ ਭੁੱਲਣ ਦੇ ਯੋਗ ਸਿੱਧ ਹੁੰਦੇ ਹਨ। ਕਵੀ ਨੇ ਪਰਵਾਸੀ ਜ਼ਿੰਦਗੀ ਦੀ ਪਰਿਭਾਸ਼ਾ ਦਾ ਕਾਵਿ-ਰੂਪਾਂਤਰਣ *'ਜ਼ਿੰਦਗੀ'* ਨਾਮਕ ਕਵਿਤਾ ਵਿਚ ਇੰਝ ਕੀਤਾ

ਹੈ:

ਪਰਵਾ ੍ਹ ਜ਼ਿੰਦਗੀ/ਸਮੁੰਦਰ 'ਚੋਂ ਉੱਠੀ ਉਹ ਲਹਿਰ ਹੈ
ਜੋ ਸਾਗਰ ਦੀ ਹਿੱਕ 'ਤੇ ਅਠ ੇ ਿਆਂ ਕਰਦੀ
ਕੰਢਿਆਂ ਸੰਗ ਟਕਰਾ ਕੇ/ ਸਾਗਰ ਦੇ ਤਲ ਤੋਂ ਵੱਖ ਨਹੀਂ ਹੁੰਦੀ

'ਰਿਸ਼ਤੇ' ਨਾਮੀਂ ਕਵਿਤਾ ਵਿਚ ਪਰਵਾਸੀ ਪੰਜਾਬੀ ਜ਼ਿੰਦਗੀ ਦੀ ਅਸਲ ਨੁਹਾਰ ਦੀ ਪੇਸ਼ਕਾਰੀ ਬੇ ਮਿਸਾਲ ਹੈ। ਇਸ ਕਵਿਤਾ ਵਿਚ ਗਰਮੀ, ਸਰਦੀ, ਪੱਤਝੜ ਤੇ ਬਹਾਰ ਦੇ ਪ੍ਰਕਿਰਤਕ ਨਜ਼ਾਰਿਆਂ ਸੰਗ ਪਰਵਾਸੀ ਪੰਜਾਬੀ ਜੀਵਨ ਦੇ ਮਾਨਵੀ ਰਿਸ਼ਤਿਆਂ ਨੂੰ ਤੁਲਨਾਇਆ ਹੈ। ਅਤੇ ਸਮੇਂ ਦੇ ਬਦਲਦੇ ਮੁਹਾਂਦਰੇ ਰਾਹੀਂ ਇਹਨਾਂ ਦੇ ਬਦਲਦੇ ਅਰਥਾਂ ਦੀ ਪਹਿਚਾਣ ਕਰਵਾਈ ਹੈ। ਕਵੀ ਮੰਗਾ ਬਾਸੀ ਪਰਵਾਸੀ ਜੀਵਨ ਹੰਢਾਉਂਦਾ ਹੋਇਆ ਜਦੋਂ ਉਥੋਂ ਦੇ ਪ੍ਰਕਿਰਤਕ, ਸਭਿਆਚਾਰਕ ਨਜ਼ਾਰਿਆਂ ਅਤੇ ਮਾਨਵੀ ਰਿਸ਼ਤਿਆਂ ਸੰਗ ਤੁਰਦਾ ਹੈ ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਉਸਦੀ ਕਵਿਤਾ ਵਿਚ ਇਹਨਾਂ ਦੀ ਗਹਿਰਾਈ ਆਪ-ਮੁਹਾਰੇ ਉੱਤਰ ਕੇ 'ਜ਼ਿੰਦਗੀ ਦਾ ਗੀਤ ਅਲਾਪਦੀ' ਜਾ ਰਹੀ ਹੈ।

ਮੰਗਾ ਬਾਸੀ ਨੇ ਬੋਲੀਕਾਰ ਦੇ ਰੂਪ ਵਿਚ ਵੀ ਜ਼ਿੰਦਗੀ ਦਾ ਗੀਤ ਅਲਾਪਿਆ ਹੈ। ਕਵੀ ਤੋਂ ਬੋਲੀਕਾਰ ਦਾ ਰਚਨਾਤਮਕ ਸਫ਼ਰ ਜਿੱਥੇ ਉਸਦੇ ਅਵਚੇਤਨ ਵਿਚ ਬੈਠੇ ਪੰਜਾਬੀ ਸਭਿਆਚਾਰ ਦੇ ਨਾਲ ਮੋਹ ਨੂੰ ਦਰਸਾਉਂਦਾ ਹੈ, ਉੱਥੇ ਪਰੰਪਰਕ ਪੰਜਾਬੀ ਲੋਕ ਕਾਵਿ-ਰੂਪ "ਬੋਲੀ" ਨੂੰ ਅੱਜੋਕੇ ਵਿਅਕਤੀ ਦੇ ਜੀਵਨ-ਯਥਾਰਥ ਨੂੰ ਪੇਸ਼ ਕਰਨ ਲਈ ਵੀ ਜਾਇਜ਼ ਠਹਿਰਾਉਂਦਾ ਹੈ।

ਅੱਜੋਕੇ ਪਰਵਾਸੀ ਵਿਅਕਤੀ ਦੀ ਜੀਵਨ-ਸਥਿਤੀ ਨੂੰ ਬੋਲੀਕਾਰ ਮੰਗਾ ਬਾਸੀ ਨੇ ਇਹਨਾਂ ਸ਼ਬਦਾਂ ਰਾਹੀਂ ਕੈਦ ਕੀਤਾ ਹੈ, *"ਕੂੰਜਾਂ ਵਾਂਗੂੰ ਸਾਡੇ ਲੇਖੀਂ, ਦੇਸ ਕੋਈ ਨਾ ਆਇਆ।"* ਇਹਨਾਂ ਸਤਰਾਂ ਦਾ ਉਚਾਰ ਇਕ ਤਰ੍ਹਾਂ ਨਾਲ ਮੰਗਾ ਬਾਸੀ ਦੀ ਸਭਿਆਚਾਰਕ ਮੋਹ ਵਾਲੀ ਸਵੈ-ਚੇਤਨਾ ਦਾ ਹੀ ਪ੍ਰਗਟਾਉ ਹੈ ਜਿਸਨੂੰ ਉਸਨੇ ਲੋਕ-ਕਾਵਿ ਦੇ ਸੁਤੰਤਰ ਰੂਪਾਂ ਵਿਚੋਂ ਨਿੱਕੀ ਤੇ ਲੰਮੀ ਬੋਲੀ ਦੇ ਰੂਪਾਕਾਰ ਰਾਹੀਂ ਪੇਸ਼ ਕੀਤਾ ਹੈ। ਬੋਲੀ ਰੂਪਾਕਾਰ ਦੀ ਰੂਪਾਤਮਕ ਚੇਤਨਾ ਤੋਂ ਮੰਗਾ ਬਾਸੀ ਪੂਰਨ ਭਾਂਤ ਚੇਤੰਨ ਹੈ। ਉਸਦੀ ਅਜਿਹੀ ਚੇਤਨਾ ਦਾ ਪ੍ਰਮਾਣ ਹੇਠਲੀਆਂ ਸਤਰਾਂ ਵਿਚੋਂ ਮਿਲਦਾ ਹੈ:

ਬੋਲੀ ਮੇਰੀ ਭੈਣ ਨਜ਼ਮ ਦੀ/ ਪਰ ਗਿੱਧਿਆਂ ਦੀ ਰਾਣੀ
ਕਵਿਤਾ, ਗੀਤ, ਬੈਂਤ ਦੇ ਵਰਗੀ/ਸਮੇਂ ਸਾਡੇ ਦੀ ਹਾਣੀ

ਮੰਗਾ ਬਾਸੀ ਦੀਆਂ ਬੋਲੀਆਂ ਵਿਚ ਖੁੱਲ੍ਹੀ ਕਵਿਤਾ ਵਰਗੀ ਲੈਅ, ਗੀਤ ਵਰਗਾ ਵਲਵਲਾ, ਬੈਂਤ ਵਰਗੀ ਰਵਾਨਗੀ, ਨਜ਼ਮ ਵਿਚਲੀ ਨਜ਼ਮੀਅਤ ਤੇ ਗਿੱਧੇ ਵਰਗੀ ਤਾਲ ਦਾ ਕਲਾਤਮਕ ਸੰਗਮ ਹੋਇਆ ਹੈ। ਕਾਵਿ ਤੇ ਨਾਚ ਦੀ ਅਜਿਹੀ ਸੁਮਿਸ਼ਰਤ ਰੂਪਾਤਮਕ ਚੇਤਨਾ ਦੀ ਵਰਤੋਂ ਮੰਗਾ ਬਾਸੀ ਨੇ ਅੱਜੋਕੇ ਪੂਰਬੀ ਤੇ ਪੱਛਮੀ ਸਮਾਜ ਵਿਚਲੇ ਸਮੇਂ ਦੀ ਰੂਹ ਨੂੰ ਪਛਾਣਨ ਲਈ ਕੀਤੀ ਹੈ। ਇਸ ਰੂਹ ਦਾ ਸਰੂਪ ਉਹਨਾਂ ਯਾਦਾਂ ਵਿਚ ਵੀ ਨਿਹਿਤ ਹੈ ਜਿਹੜੀਆਂ ਮੰਗਾ ਬਾਸੀ ਦੇ ਰੋਮ ਰੋਮ ਨੂੰ ਨਸ਼ਿਆ ਕੇ ਬੋਲੀ ਲਿਖਣ ਤੇ ਪਾਉਣ ਲਈ ਮਜਬੂਰ ਕਰਦੀਆਂ ਹਨ। ਐਪਰ ਉਸਦੀ ਬੋਲੀ ਦਾ ਰਚਨਾਤਮਕ ਅਮਲ ਉਸਦੇ ਸਵੈ ਤੋਂ ਪਰ ਵੱਲ ਨਿਰੰਤਰ ਵਿਗਸਦਾ ਰਹਿੰਦਾ ਹੈ, ਜਿਹੜਾ ਉਸਦੇ ਵਿਅਕਤੀਮੁਖ ਉਚਾਰ ਨੂੰ ਸਮੂਹਕ ਉਚਾਰ ਦੇ ਰੂਪ ਵਿਚ ਸਹਿਜੇ ਹੀ ਤਬਦੀਲ ਕਰ ਦਿੰਦਾ ਹੈ। ਕਿਉਂਜੁ, ਬੋਲੀਆਂ ਦੇ ਕੇਂਦਰ ਵਿਚ 'ਸੱਜਣ' ਵਿਚਰਦਾ ਹੈ।

ਬੋਲੀਆਂ ਵਿਚ ਅਚੇਤ ਤੌਰ 'ਤੇ ਦੋ ਧਿਰਾਂ ਕਾਰਜਸ਼ੀਲ ਹਨ। ਇਕ ਧਿਰ ਮੰਗਾ ਬਾਸੀ ਦੀ ਕਾਵਿ-ਦ੍ਰਿਸ਼ਟੀ ਹੈ ਅਤੇ ਦੂਸਰੀ ਧਿਰ ਬੋਲੀਆਂ ਵਿਚ ਸਿਰਜਿਆ ਉਸਦੇ 'ਸੱਜਣ' ਦਾ ਵਸਤੂਗਤ ਜੀਵਨ-ਯਥਾਰਥ। ਬੋਲੀਕਾਰ ਨੇ ਜਿੱਥੇ ਇਹਨਾਂ ਬੋਲੀਆਂ ਵਿਚ ਕੈਨੇਡੀਅਨ ਪੰਜਾਬੀਆਂ (ਸੱਜਣਾਂ)

ਦੀ ਪਦਾਰਥਕ ਤੇ ਰਾਜਨੀਤਕ ਚੜ੍ਹਤ ਨੂੰ ਪ੍ਰਸ਼ੰਸਨੀ ਸੁਰ ਪ੍ਰਦਾਨ ਕੀਤੀ ਹੈ, ਉੱਥੇ ਉਹਨਾਂ ਦੇ ਮਨ ਦੇ ਬਾਗਾਂ ਵਿਚਲੀ ਨਿਰਾਸ਼ਾਮਈ ਅਵਸਥਾ ਨੂੰ ਵੀ ਪਕੜਿਆ ਹੈ।

ਬੋਲੀਆਂ ਵਿਚ ਵੱਖ ਵੱਖ ਆਮ ਤੇ ਖਾਸ ਨਾਵਾਂ ਵਾਲੇ ਵਿਅਕਤੀਆਂ ਨੂੰ ਪਾਤਰਾਂ (ਸੱਜਣਾਂ) ਦੇ ਰੂਪ ਵਿਚ ਪੇਸ਼ ਕਰਨ ਵਾਲੀ ਜੁਗਤ ਰਾਹੀਂ ਮੰਗਾ ਬਾਸੀ ਨੇ ਕੈਨੇਡੀਅਨ ਪੰਜਾਬੀ ਜੀਵਨ ਦੇ ਵਸਤੂਗਤ ਸੱਚ ਦੀ ਪਛਾਣ ਕਰਵਾਈ ਹੈ। ਦੋ ਮਿਸਾਲਾਂ ਲੈਂਦੇ ਹਾਂ:

ਪਹਿਲੀ:

ਆਰਾ ਆਰਾ ਆਰਾ
ਹਿੰਦੀਆਂ ਨੇ ਰਲ ਮਿਲ ਕੇ/ ਕੰਮ ਕਾਜ ਸਾਂਭ ਲਿਆ ਸਾਰਾ
ਹੁਣ ਪਰਦੇਸ ਨਾ ਲੱਗੇ/ ਸੱਚਮੁੱਚ ਇਹ ਵਤਨ ਪਿਆਰਾ
ਨਾਂ ਉੱਚਾ ਦੁਨੀਆਂ ਤੋਂ/ ਇਹਦਾ ਚੰਦ ਵਰਗਾ ਲਿਸ਼ਕਾਰਾ
'ਹੈਰੀ' ਤੇ 'ਸਹੋਤਾ' ਚਮਕੇ/ ਸਾਡਾ ਬਣ ਗਿਆ 'ਉੱਜਲ' ਸਿਤਾਰਾ
ਬੋਲੀ ਪਾਉਣ ਸਾਂਝਾਂ ਦੀ/ ਦਿੰਦੇ ਸਭ ਨੂੰ ਮਾਨਵੀ ਨਾਹਰਾ
ਘੱਟ ਨਾ ਪੰਜਾਬ ਦੇਸ਼ ਤੋਂ / ਬੀ. ਸੀ. ਸੋਹਣਿਆ ਯਾਰਾ

ਦੂਸਰਾ:

ਇਹ ਵੀ ਧਰਤੀ, ਉਹ ਵੀ ਧਰਤੀ/ ਨਾ ਵਿਚ ਫ਼ਰਕ ਹਵਾਵਾਂ
ਉੱਥੇ ਭਈਏ ਕਰਨ ਸਫ਼ਾਈਆਂ/ ਏਥੇ ਮੈਂ ਕੰਮ ਆਵਾਂ
ਕੰਤ ਬੇਦਰਦੀ, ਦਰਦ ਵਿਹੂਣਾ/ ਕਿਸ ਨੂੰ ਖੋਲ੍ਹ ਸੁਣਾਵਾਂ
ਸੁਪਨੇ ਸੁਰਗਾਂ ਦੇ/ ਖਿੱਚ ਧੂਹ ਉਮਰ ਲੰਘਾਵਾਂ

ਪਹਿਲੀ ਮਿਸਾਲ ਵਿਚ ਪਰਵਾਸੀ ਮਰਦ ਦਾ ਪ੍ਰਸ਼ੰਸਾਮਈ ਚਿਤਰਣ ਕੀਤਾ ਮਿਲਦਾ ਹੈ ਤੇ ਦੂਸਰੀ ਵਿਚ ਪਰਵਾਸੀ ਔਰਤ ਦਾ ਦੁਖਾਂਤਕ ਚਿਤਰਣ। ਸੁੱਖ ਤੇ ਦੁੱਖ ਦਾ ਘੋਲ ਹੀ ਬੋਲੀਆਂ ਦੀ ਬਣਤਰ ਨੂੰ ਭਾਵਨਾਤਮਕ ਤੌਰ 'ਤੇ ਨਿਰਧਾਰਤ ਕਰ ਰਿਹਾ ਹੈ। ਕੈਨੇਡੀਅਨ ਪੰਜਾਬ ਦੀਆਂ ਰੌਣਕਾਂ ਨੂੰ ਬੋਲ ਪ੍ਰਦਾਨ ਕਰਦੀਆਂ ਬੋਲੀਆਂ ਇਹ ਵੀ ਦੱਸ ਪਾ ਰਹੀਆਂ ਹਨ ਕਿ ਕੈਨੇਡਾ ਵਿਚ ਵੀ ਪੰਜਾਬ ਵਾਂਗ ਛਿੰਝਾਂ ਪੈਂਦੀਆਂ ਤੇ ਮੇਲੇ ਲਗਦੇ ਹਨ। ਦੁਕਾਨਾਂ ਉੱਤੇ ਰੇਸ਼ਮੀ ਲਹਿੰਗੇ ਵਿਕਦੇ ਹਨ। ਸਭਿਆਚਾਰਕ ਰੌਣਕਾਂ ਤਾਂ ਲਗਦੀਆਂ ਹੀ ਹਨ, ਇਹ ਰੌਣਕਾਂ ਉਦੋਂ ਹੋਰ ਰੌਣਕਈ ਹੋ ਉਠਦੀਆਂ ਹਨ ਜਦੋਂ ਕੈਨੇਡਾ ਦੀਆਂ ਰਾਜਸੀ ਤੇ ਪ੍ਰਸ਼ਾਸਕੀ ਵਿਵਸਥਾਵਾਂ ਉੱਤੇ ਪੰਜਾਬੀ ਮੂਲ ਦੇ ਵਿਅਕਤੀ ਜੱਜ, ਮੁੱਖ ਮੰਤਰੀ, ਮੰਤਰੀ, ਐੱਮ. ਪੀ., ਐੱਮ. ਐੱਲ. ਏ., ਬਣ ਕੇ ਪੰਜ ਦਰਿਆਵਾਂ ਦੀ ਧਰਤੀ ਦਾ ਝੰਡਾ ਕੈਨੇਡਾ ਦੀ ਧਰਤੀ ਉੱਤੇ ਗੱਡ ਦਿੰਦੇ ਹਨ। ਬੋਲੀਆਂ ਵਿਚ ਪੰਜਾਬੀ ਲੋਕਾਂ ਦਾ ਅਜਿਹਾ ਜੀਵਨ ਚਿਤਰਣ ਬੋਲੀਕਾਰ ਦੀ ਹਉਂ 'ਚੋਂ ਨਹੀ , ਨਿਰਮਾਣ ਸੋਚ ਵਿਚੋਂ ਸਾਕਾਰ ਹੋਇਆ ਹੈ।

ਮੰਗਾ ਬਾਸੀ ਦੀ ਨਿਰਮਾਣ ਸੋਚ ਹੀ ਵਿਅਕਤੀਆਂ ਨੂੰ ਪਿਆਰ ਦੀਆਂ ਗੱਲਾਂ ਕਰਨ ਦਾ ਸੁਨੇਹਾ ਪ੍ਰਦਾਨ ਕਰਦੀ ਹੋਈ ਉਹਨਾਂ ਨੂੰ ਮਾਨਵਤਾ ਦਾ ਪਾਠ ਵੀ ਪੜ੍ਹਾਉਂਦੀ ਹੈ। ਸਾਗਰ ਵਰਗੀਆਂ ਗਹਿਰਾਈਆਂ, ਅਸਮਾਨ ਜਿੱਡੀਆਂ ਉੱਚੀਆਂ ਅਤੇ ਨਦੀ ਦੀਆਂ ਨਿਰਛਲ ਛੱਲਾਂ ਵਰਗੀਆਂ ਗੱਲਾਂ ਸਹਿਤ ਮੰਗਾ ਬਾਸੀ ਦੀਆਂ ਪਾਈਆਂ ਬੋਲੀਆਂ ਜਿੱਥੇ ਸੁਹਜਾਤਮਕ ਸ਼ਿੰਗਾਰ ਬਣਦੀਆਂ ਹਨ ਉੱਥੇ ਦੇਸ਼-ਕਾਲ ਦੀ ਸੀਮਾ ਤੋਂ ਮੁਕਤ ਮਾਨਵਤਾ ਦੇ ਪ੍ਰਸੰਗਾਂ ਨੂੰ ਉਘਾੜਣ ਕਰਕੇ ਸਮੁੱਚੇ ਬ੍ਰਹਿਮੰਡਕ ਸਮਾਜ ਲਈ ਕਲਿਆਣਕਾਰੀ ਉਪਹਾਰ ਵੀ ਬਣਦੀਆਂ ਹਨ। ਵੇਖੋ ਦੋ ਮਿਸਾਲਾਂ:

ਪਹਿਲੀ:

ਨਵੀਂ ਸਦੀ ਦੇ ਗਲ੍ਹ ਲੱਗ ਗਾਈਏ/ ਦੁਨੀਆਂ ਇਕ ਹੋ ਜਾਵੇ
ਨਸਲੀ ਰੰਗ ਤੇ ਮਜ਼੍ਹਬੀ ਝਗੜੇ/ ਨਾ ਕੋਈ ਹੋਰ ਦੁਹਰਾਵੇ
ਹਰ ਥਾਂ ਆਉਣ ਫੁੱਲਾਂ ਦੀਆਂ ਮਹਿਕਾਂ/ ਨਾ ਕੋਈ ਥੋਹਰ ਲਗਾਵੇ
ਐਟਮ ਬੰਬ ਨੂਕਲੀਅਰ ਤੋਪਾਂ/ ਨਾ ਕੋਈ ਹੋਰ ਬਣਾਵੇ
ਵਿਹੜੇ ਧਰਤੀ ਦੇ/ ਅਮਨ ਬੋਲੀਆਂ ਪਾਵੇ...

ਦੂਸਰੀ

ਗੋਰੇ ਲੋਕ ਕਨੇਡਾ ਵਾਸੀ/ ਦਿਲ ਦਰਿਆ ਦੇ ਹਾਣੀ
ਸਾਗਰ ਟੱਪ ਕੇ ਲੱਭ ਲਈ ਧਰਤੀ/ ਨਦੀਆਂ, ਪਰਬਤ, ਪਾਣੀ
ਪੂਰਬ ਗੁੱਠੋਂ ਰਸਤੇ ਲੱਭ ਲੱਭ/ ਪੱਛਮੀ ਦਿਸ਼ਾ ਪਛਾਣੀ
ਔਝੜ ਰਾਹ ਤੇ ਸਰਦ ਹਵਾਵਾਂ/ ਚਲਦਾ ਰਿਹਾ ਪ੍ਰਾਣੀ
ਮਾਨਵਤਾ ਦੀ ਜੋਤ ਜਗਾ ਕੇ/ ਭੁੱਲ ਗਏ ਗੀਤ ਪੁਰਾਣੀ
ਮਿਲ ਕੇ ਦਿਨ ਕੱਟ ਲੈ/ ਮੁਕਣੀ ਅੰਤ ਕਹਾਣੀ

ਉਪਰੋਕਤ ਬੋਲੀਆਂ ਵਿਚ ਭਾਵ ਦੀ ਤੋਰ ਵਿਕਾਸਮਈ ਹੈ। ਇਹਨਾਂ ਵਿਚਲੀ ਨਿਰੰਤਰਤਾ ਕਿਤੇ ਵੀ ਖੰਡਤ ਨਹੀਂ ਹੁੰਦੀ ਸਗੋਂ ਬੋਲੀਕਾਰ ਦੀ ਇੱਛਾ ਕੁਲ ਦੁਨੀਆਂ ਵਿਚ ਅਮਨ ਦੇ ਵਰਤਾਰੇ ਨੂੰ ਸਿਰਜ ਕੇ 'ਮਾਨਵਤਾ ਦੀ ਜੋਤ' ਜਗਾਉਣ ਦੇ ਬਿੰਦੂ ਉੱਤੇ ਇਕਾਗਰ ਹੁੰਦੀ ਹੈ। ਅਜਿਹੀ ਇਕਾਗਰਮਈ ਸੋਚ ਸ਼ਬਦ ਦੀ ਸ਼ਕਤੀ ਦੀ ਪਛਾਣ ਵਿਚੋਂ ਜਨਮ ਲੈਂਦੀ ਹੈ। ਮੰਗਾ ਬਾਸੀ ਬੋਲੀ ਲਈ ਸ਼ਬਦ ਦੀ ਚੋਣ ਤੇ ਵਰਤੋਂ ਇਸ ਤਰੀਕੇ ਨਾਲ ਕਰਦਾ ਹੈ ਕਿ ਸ਼ਬਦ ਦੀ ਸਿਰਜਣਾਤਮਕ ਸ਼ਕਤੀ ਆਪ-ਮੁਹਾਰੇ ਪਾਠਕ ਦੀ ਸੋਚ ਸੰਗ ਲਿਪਟ ਜਾਂਦੀ ਹੈ। ਮਿਸਾਲ ਵਜੋਂ:

ਛੱਡ ਕੰਡਿਆਂ ਦੀ ਗੱਲ ਤੂੰ ਕਰਨੀ/ ਲਾ ਫੁੱਲਾਂ ਸੰਗ ਯਾਰੀ
ਕੰਡਿਆਂ ਦਾ ਕੰਮ ਚੋਭਾਂ ਲਾਉਣਾ/ ਖੁਸ਼ਬੂ ਫੁੱਲ ਖਿਲਾਰੀ
ਖਿੜਦੀਆਂ ਰੰਗ ਬਿਰੰਗੀਆਂ ਪੱਤੀਆਂ/ ਜਿਉਂ ਕੋਈ ਹੱਟ ਲਲਾਰੀ
ਵਿਹੜੇ ਸ਼ਬਦਾਂ ਦੇ/ ਬੀਜ ਮਹਿਕ ਦੀ ਕਿਆਰੀ

ਮੰਗਾ ਬਾਸੀ ਨੇ ਮਹਿਕਾਂ ਛੱਡਦੇ ਸ਼ਬਦਾਂ ਰਾਹੀਂ ਮਾਨਵੀ ਰਿਸ਼ਤਿਆਂ ਨੂੰ ਪੁਣਿਆ, ਛਾਣਿਆ ਤੇ ਬੋਲੀਆਂ ਵਿਚ ਬੀੜਿਆ ਹੈ। ਉਸ ਦੀ ਕਾਵਿ-ਦ੍ਰਿਸ਼ਟੀ , ਮਿੱਤਰਤਾ, ਭਾਈਵਾਲਤਾ ਤੇ ਸਾਂਝੀਵਾਲਤਾ ਜਿਹੇ ਮਾਨਵੀ ਸੰਕਲਪਾਂ ਤੋਂ ਵਿਚਾਰਧਾਰਕ ਸ਼ਕਤੀ ਗ੍ਰਹਿਣ ਕਰਦੀ ਹੈ। ਇਸੇ ਲਈ ਬੋਲੀ ਹੁਣ ਦੇ ਛਿਣ ਵਿਚ ਵਿਚਰਦੀ ਹੈ। ਬੋਲੀਆਂ ਦੇ ਕੇਂਦਰ ਵਿਚ ਵਰਤਮਾਨ ਟਿਕਿਆ ਹੈ।

ਅੱਜ ਦੇ ਪਲ ਨੂੰ ਮਾਨਣ ਦੀ ਗੱਲ ਕਰਦਾ ਹੋਇਆ ਉਹ ਵਤਨ ਦੀਆਂ ਯਾਦਾਂ ਦੇ ਲਾਲਾਂ ਦਾ ਸਮਾਇਆ ਸਾਂਭੀ ਰੱਖਣ ਦੀ ਵੀ ਅਪੀਲ ਕਰਦਾ ਹੈ। ਅਸਲ ਵਿਚ ਇਹ ਪਰਵਾਸੀ ਵਿਅਕਤੀ ਦੀ ਪੂਰਬੀ ਤੇ ਪੱਛਮੀ ਸਭਿਆਚਾਰਕ ਚੇਤਨਾ ਦਾ ਘੋਲ-ਮਥੋਲਾ ਹੈ ਜਿਸ ਵਿਚੋਂ ਕਦੇ ਇਕ ਅੱਗੇ ਆ ਜਾਂਦੀ ਹੈ ਤੇ ਕਦੇ ਦੂਸਰੀ। ਐਪਰ ਮੰਗਾ ਬਾਸੀ ਦੀ ਰਚਨਾ-ਦ੍ਰਿਸ਼ਟੀ ਮਾਨਵਵਾਦੀ ਕਦਰਾਂ-ਕੀਮਤਾਂ ਤਹਿਤ ਸਮਝੌਤਾਵਾਦੀ ਰੁਖ ਅਪਨਾਈ ਰਖਦੀ ਹੈ, ਜੋ ਕਿ ਅਜੋਕੇ ਪਰਵਾਸੀ ਪੰਜਾਬੀ ਸਾਹਿਤ ਦੀ ਮੂਲ ਸੁਰ ਵੀ ਹੈ। □□

[ਲੈਕਚਰਾਰ ਪੰਜਾਬੀ, ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

ਦੂਜੀ ਵਿਸ਼ਵ ਜੰਗ ਸਮੇਂ
ਲੈਨਿਨਗਰਾਦ ਦਾ ਮੁਹਾਸਰਾ ਅਤੇ ਪ੍ਰਗਤੀਵਾਦੀ ਕਲਾ

ਸੁਰਜੀਤ ਹਾਂਸ

900 ਦਿਨ : ਲੈਨਿਨਗਰਾਦ ਦਾ ਮੁਹਾਸਰਾ ਇਤਿਹਾਸ ਦੀ ਕਲਾਸਿਕ ਹੈ ਜਿਸਦਾ ਮੁਕਾਬਲਾ ਤਾਲਸਤਾਏ ਦੇ ਨਾਵਲ War and Peace ਨਾਲ ਕੀਤਾ ਜਾਂਦਾ ਹੈ। ਸ਼ਾਇਦ ਹੀ ਕੋਈ ਹੋਰ ਇਤਿਹਾਸਕ ਖੋਜ ਵਿਸ਼ਵ ਦੀ ਸਰਵੋਤਮ ਗਲਪ ਨਾਲ ਤੁਲਦੀ ਹੋਵੇ। ਨੌਂ ਸੌ ਦਿਨਾਂ ਦੇ ਇਤਿਹਾਸ ਲਈ 327 ਰੂਸੀ ਕਿਤਾਬਾਂ ਦੀ ਪੁਸਤਕਾਵਲੀ ਹੈ। ਅਰਥਾਤ ਤਿੰਨ ਦਿਨਾਂ ਲਈ ਇਕ ਕਿਤਾਬ। ਮੁੱਢ ਵਿਚ 35 ਪ੍ਰਮੁੱਖ ਪਾਤਰਾਂ ਦੀ ਸੂਚੀ ਹੈ।

ਘੇਰੇ ਦੇ ਵਰਣਨ ਵਿਚ ਕਲਾਕਾਰਾਂ ਦੀ ਭੂਮਿਕਾ ਦਾ ਵਿਸਤ੍ਰਤ ਉਲੇਖ ਹੈ ਜਿਸਦੇ ਆਧਾਰ 'ਤੇ ਮੈਂ ਪ੍ਰਗਤੀਵਾਦੀ ਕਲਾ ਬਾਰੇ ਕੇਵਲ ਦੋ ਗੱਲਾਂ ਕਹਿਣੀਆਂ ਹਨ।

0 0 0

ਜੂਨ 22, 1941 ਨੂੰ ਜਰਮਨੀ ਨੇ ਰੂਸ 'ਤੇ ਹਮਲਾ ਕਰ ਦਿੱਤਾ। ਤਕਰੀਬਨ ਦੋ ਮਹੀਨੇ ਵਿਚ ਜਰਮਨ ਫ਼ੌਜ ਨੇ ਲੈਨਿਨਗਰਾਦ ਨੂੰ ਘੇਰਾ ਪਾ ਲਿਆ। ਭੁੱਖ, ਠੰਢ, ਗੋਲਾਬਾਰੀ ਕਾਰਨ 10 ਲੱਖ ਬੰਦੇ ਮਰੇ ਜਿਹੜੇ ਪਿਕਾਰੈਵਸਕੀ ਕਬਰਸਤਾਨ ਵਿਚ ਸਾਂਝੇ ਟੋਏ 'ਚ ਦੱਬੇ ਹਨ। ਜੰਗ ਸ਼ੁਰੂ ਹੋਣ ਸਮੇਂ ਲੈਨਿਨਗਰਾਦ ਦੀ 30 ਲੱਖ ਦੀ ਆਬਾਦੀ ਸੀ।

ਜੂਨ 21 ਨੂੰ ਲੈਨਿਨਗਰਾਦ ਵਿਚ 52 ਦਿਨ ਦੀ ਖਾਦਯ ਦਾ ਪ੍ਰਬੰਧ ਸੀ ਜਿਹੜਾ ਅਗਸਤ 29 ਨੂੰ ਕੇਵਲ ਤਿੰਨ ਦਿਨਾਂ ਦਾ ਰਹਿ ਗਿਆ ਸੀ। ਪਹਿਲਾਂ ਕਾਮੇ ਨੂੰ 800 ਗਰਾਮ, ਕਲਰਕ ਨੂੰ 600 ਗਰਾਮ ਅਤੇ ਨਿਰਭਰ ਵਿਅਕਤੀ/ਬੱਚੇ ਨੂੰ 400 ਗਰਾਮ ਡਬਲ ਰੋਟੀ (Bread) ਦਾ ਰਾਸ਼ਨ ਸੀ, ਜਿਹੜਾ ਅਗਸਤ ਮਹੀਨੇ ਦੇ ਅੰਤ ਵਿਚ 500, 300, 250 ਗਰਾਮ ਹੋ ਗਿਆ। ਪੌਂਡ ਭਾਰ (ਤਕਰੀਬਨ ਅੱਧ ਸੇਰ) ਵਿਚ 450 ਗਰਾਮ ਹੁੰਦੇ। ਬੱਚੇ ਤੇ ਬਾਬੂ ਪਾਈਆ ਡੇਢ ਪਾਉ ਆਟਾ ਰੋਜ਼ ਖਾ ਕੇ ਕਿੰਨਾ ਕੁ ਚਿਰ ਜੀਂਦੇ ਰਹਿ ਸਕਦੇ ਹਨ। ਮਿਰਤਕਾਂ ਦੀ ਗਿਣਤੀ ਇੰਝ ਸੀ: ਨਵੰਬਰ 11,085, ਦਸੰਬਰ 52,881, 1942 ਜਨਵਰੀ-ਫਰਵਰੀ 1,08,500 ਤੋਂ 1,24,00 ਤਕ।

ਜਰਮਨ ਜਰਨੈਲਾਂ ਦੀ ਮਦਦ ਲਈ ਲੈਨਿਨਗਰਾਦ ਵਿਚ ਜਨਰਲ 'ਭੁੱਖ' ਦੀ ਕਾਰਵਾਈ ਚੱਲ ਰਹੀ ਸੀ। ਹਵਾਈ ਹਮਲਾ ਹੁੰਦਾ ਪਰ ਵੰਡ-ਕੇਂਦਰ ਅੱਗੇ ਬਰੈੱਡ ਲੈਂਦਾ ਕੀਊ (queue) ਭੰਗ ਨਹੀਂ ਹੁੰਦਾ ਸੀ। ਜੇ ਕੋਈ ਕੀਊ 'ਚ ਖਲੋਤਾ ਮਰਦਾ ਡਿੱਗ ਪੈਂਦਾ ਤਾਂ ਕੀਊ 'ਚ ਰਤਾ ਭੁੰਗ ਪੈ ਜਾਂਦਾ ਸੀ। ਜਿਵੇਂ ਅਸੀਂ ਮੰਗਤੇ ਨੂੰ ਵੇਖ ਬੇ-ਭਾਵਨਾ ਹੁੰਦੇ ਹਾਂ, ਇੰਝੇ ਲੈਨਿਨਗਰਾਦ ਵਾਸੀ ਮਿਰਤਕਾਂ ਨੂੰ ਵੇਖ ਭਾਵਨਾ-ਹੀਣ ਹੋ ਗਏ ਸਨ।

ਰੂਬਲ ਦੀ ਥਾਉਂ ਖਰੀਦ-ਓ-ਫਰੋਖਤ ਲਈ ਬਰੈੱਡ ਦਾ ਸਿੱਕਾ ਚੱਲ ਪਿਆ ਸੀ। ਆਮ ਤੌਰ 'ਤੇ ਬੰਦੇ ਕੀਮਤੀ ਚੀਜ਼ਾਂ, ਗਹਿਣੇ ਗੱਟੇ ਦੇ ਕੇ ਬਰੈੱਡ ਭਾਲਦੇ ਸੀ।

ਭੁੱਖਿਆਂ ਨੂੰ dystrophy ਅਤੇ ਮਰੋੜਾਂ ਨੇ ਆ ਦੱਬਿਆ ਸੀ। 'ਤਾਸ' ਸਮਾਚਾਰ ਏਜੰਸੀ ਦੇ ਪ੍ਰਤਿਨਿਧੀ ਨੂੰ ਸੜਕ 'ਤੇ ਡਿੱਗਿਆ ਬੰਦਾ ਨਜ਼ਰ ਆਇਆ। ਹੈਟ ਰਤਾ ਰੁੜ੍ਹ ਗਿਆ ਸੀ, ਬੰਦੇ ਦੇ ਵਾਲ ਖਿਲਰੇ ਹੋਏ। ਉਹ ਚੱਕਣ ਲੱਗਿਆ, ਚੱਕ ਨਾ ਹੋਇਆ, ਉਹ ਕਹੇ ਜਾਣ ਦਿਉ। 'ਤਾਸ' ਵਿਅਕਤੀ ਗੁੱਸੇ 'ਚ ਸਾਹਮਣੇ ਦਵਾਈਆਂ ਦੀ ਦੁਕਾਨ 'ਤੇ ਗਿਆ, ਸਹਾਇਕਾਂ ਨੂੰ ਕਿਹਾ ਤੁਸੀਂ ਸਾਹਮਣੇ ਪਏ ਬੰਦੇ ਦਾ ਕੋਈ ਖਿਆਲ ਨਹੀਂ ਕਰਦੇ। ਉਹਨੇ ਭੁੱਖ ਕਾਰਨ ਆਪਣੀਆਂ ਨੀਲੀਆਂ ਹੋਈਆਂ ਜੰਘਾਂ ਵੱਲ ਇਸ਼ਾਰਾ ਕੀਤਾ – ਚੱਲਣ ਫਿਰਨ ਯੋਗ ਨਹੀਂ। 'ਤਾਸ' ਦਾ ਵਿਅਕਤੀ ਅੱਗੇ ਚੱਲਕੇ ਮਦਦ ਲਈ ਸਿਪਾਹੀ ਬੁਲਾ ਲਿਆਇਆ। ਉਹ ਚੱਕਣ ਲੱਗੇ, ਇੰਨੇ ਨੂੰ ਬੰਦਾ ਮਰ ਚੁੱਕਾ ਸੀ।

● ਲੇਖਿਕਾ The Blockade ਨਾਵਲ ਦੇ ਮੁੱਢਲੇ ਪੰਨੇ ਟਾਈਪ ਕਰ ਰਹੀ ਸੀ। ਉਹਦਾ ਡੇਢ ਸਾਲਾ ਬੱਚਾ ਬਹੁਤੇ ਸਾਰੇ ਕਪੜਿਆਂ 'ਚ ਲਿਪਟਿਆ ਪਿਆ ਸੀ, ਪਰ ਮਾਂ ਦੂਸਰੇ ਕਮਰੇ 'ਚ ਭੁੱਖ ਨਾਲ ਮਰੀ ਪਈ ਸੀ। ● ਲੋੜ ਅਨੁਸਾਰ ਸਾਇੰਸਦਾਨਾਂ ਨੇ ਲੱਕੜ ਤੋਂ Cellulose (ਮੂਲੀ ਜਿਹਾ ਮਵਾਦ) ਬਣਾਉਣ ਦਾ ਤਰੀਕਾ ਕੱਢਿਆ ਤਾਂ ਜੁ ਉਹਨੂੰ ਖਾਧਾ ਜਾ ਸਕੇ। ● ਆਦਮੀ ਔਰਤ ਦੀ ਪਛਾਣ ਮੁਸ਼ਕਲ ਹੋ ਗਈ ਸੀ। ਬੰਦਿਆਂ ਵਾਲੀ ਹਿਰਸ ਵੀ ਮਰ ਗਈ ਸੀ। ਇਕ ਥਾਉਂ ਨਿਝੱਕ ਸੰਮਿਲਤ ਅਸ਼ਨਾਨ ਦਾ ਜ਼ਿਕਰ ਆਉਂਦਾ ਹੈ। ● ਘਰਾਂ, ਸੜਕਾਂ, ਥਾਉਂ ਥ੍ਰਾਂਉਂ ਮੁਰਦੇ ਖਿੰਡੇ ਪਏ ਸੀ। ਅੰਤ 'ਰਕਸ਼ਾ ਸੰਮਤੀ' ਨੂੰ ਅਭਯਾਨ ਚਲਾਉਣਾ ਪਿਆ। ਫ਼ੌਜ ਨੇ ਬਾਰੂਦ ਨਾਲ ਮਿੱਟੀ ਪੱਟ ਕੇ ਸਾਂਝੀ ਕਬਰ ਦਾ ਇੰਤਜ਼ਾਮ ਕੀਤਾ। ●ਨੀਵਾ ਦਰਿਆ ਜੰਮ ਗਿਆ ਸੀ। ਔਰਤਾਂ ਬਰਫ਼ 'ਚ ਮੋਰੀ ਕਰਕੇ ਬਾਲਟੀਆਂ ਨਾਲ ਪਾਣੀ ਕਢਦੀਆਂ ਸਨ। ਪਾਣੀ 'ਚੋਂ ਉਬਾਲਣ 'ਤੇ ਵੀ ਮੁਰਦੇ ਦੀ ਬੂ ਨਹੀਂ ਜਾਂਦੀ ਸੀ। ● ਭੁੱਖ ਨਾਲ ਮਰਨ ਵਾਲੇ ਦਾ ਚਿਹਰਾ ਨੀਲਾ ਹੋ ਜਾਂਦਾ। ਮੁਹਾਸਰੇ ਦੇ ਦਿਨਾਂ ਵਿਚ ਮੌਤ ਦੀ ਆਪਣੀ ਸ਼ਕਲ ਨਜ਼ਰ ਆਉਂਦੀ ਸੀ।

ਲੈਨਿਨਗਰਾਦ 'ਚੋਂ ਬੰਦੇ ਬਾਹਰ ਕੱਢੇ ਜਾ ਰਹੇ ਸੀ। ਜਦੋਂ ਲੈਨਿਨਗਰਾਦ-ਵਲਾਖੋਵ ਗੱਡੀ ਚੱਲਣੀ ਸ਼ੁਰੂ ਹੋਈ ਤਾਂ ਅਗਲੇ ਸਟੇਸ਼ਨ 'ਤੇ ਰੇਲ ਕਰਮਚਾਰੀ ਸਵਾਰੀਆਂ ਨੂੰ ਕਹਿੰਦੇ ਸੀ-ਮੁਰਦੇ ਲਾਹ ਦਿਉ। ਕਰਿਸਮਸ ਨੂੰ ਕਿਸੇ ਕਾਮੇ ਨੇ ਨਿਆਣੇ ਜਗਾ ਲਏ ਕਿ ਰੋਟੀ ਹੋਰ ਖਾ ਲਉ ਕਿਉਂਕਿ ਬਰੈੱਡ ਰਾਸ਼ਨ 'ਚ ਸੌ ਗਰਾਮ ਦਾ ਵਾਧਾ ਹੋ ਗਿਆ ਸੀ। ਨਿਆਣੇ ਖੁਸ਼ੀ 'ਚ ਰੋਣ ਲੱਗ ਗਏ। ਕੋਈ ਬੰਦਾ ਬੇਕਰੀ ਸਾਹਮਣੇ ਰੋਵੇ, ਹੱਸੇ, ਆਪਣੇ ਸਿਰ 'ਚ ਮੁੱਕੀਆਂ ਮਾਰੇ। ਸੌ ਗਰਾਮ ਦੇ ਵਾਧੇ ਨੇ ਉਹਨੂੰ ਨਿਰਸਥਾਨ (Ecstasy) ਕਰ ਦਿੱਤਾ ਸੀ।

0 0 0

ਲੈਨਿਨਗਰਾਦ 'ਚ ਕਾਂ ਨਹੀਂ ਦਿਸਦੇ ਸੀ। ਕੁੱਤੇ ਮੁੱਕ ਗਏ, ਕੇਵਲ ਪੁਲਸ ਕੋਲ ਪੰਜ ਸੁੰਘਣ ਵਾਲੇ ਕੁੱਤੇ ਰਹਿ ਗਏ ਸੀ। ਨਾ ਚੂਹੇ। ਚੂਹੇ ਸਿਪਾਹੀਆਂ ਦੀਆਂ ਖੰਦਕਾਂ 'ਚ ਜਾ ਵੜੇ ਸੀ। ਉੱਥੇ ਭੋਰੇ ਚੋਰੇ ਲੱਭ ਜਾਂਦੇ ਸੀ। ਇਸੇ ਕਾਰਨ ਜਰਮਨ ਮੋਰਚਿਆਂ ਵਿਚ ਰੂਸੀ ਖੰਦਕਾਂ ਨਾਲੋਂ ਜ਼ਿਆਦਾ ਚੂਹੇ ਸੀ। ਜਰਮਨਾਂ ਨੇ ਲੈਨਿਨਗਰਾਦ ਨੂੰ ਜਾਂਦੀਆਂ ਰੇਲ ਲਾਇਨਾਂ ਰੋਕ ਲਈਆਂ ਸਨ। ਇਕੋ ਆਸ 'ਲਦੋਗਾ' ਝੀਲ ਦੇ ਜੰਮਣ ਦੀ ਸੀ ਜਿਹੜੀ 125 ਮੀਲ ਲੰਬੀ 80 ਮੀਲ ਚੌੜੀ ਅਤੇ 700 ਫੁੱਟ ਡੂੰਘੀ ਲੈਨਿਨਗਰਾਦ ਦੇ ਪੂਰਬ ਵਿਚ ਹੈ। ਰੂਸੀਆਂ ਨੂੰ ਘਰੋਗੀ ਜੰਗ (Civil War) ਸਮੇਂ ਵੌਲਗਾ ਦਰਿਆ ਲੰਘਣ ਲਈ ਬਰਫਾਨੀ ਰੇਲ ਪਟੜੀ ਬਣਾਉਣ ਦਾ ਤਜਰਬਾ ਸੀ। ਵਿਗਿਆਨੀਆਂ ਨੇ ਪਤਾ ਕੀਤਾ ਕਿ ● -5^0 ਤਾਪਮਾਨ 'ਤੇ 64 ਘੰਟਿਆਂ ਵਿਚ 4 ਇੰਚ ਮੋਟੀ ਬਰਫ ਜੰਮਦੀ ਹੈ। ● -18^0 ਤਾਪਮਾਨ 'ਤੇ 34 ਘੰਟਿਆਂ ਵਿਚ 4 ਇੰਚ ਮੋਟੀ ਬਰਫ ਜੰਮਦੀ ਹੈ। ● -15^0 ਤਾਪਮਾਨ 'ਤੇ 8 ਦਿਨਾਂ ਵਿਚ 1 ਫੁੱਟ ਮੋਟੀ ਬਰਫ ਜੰਮਦੀ ਹੈ।

ਚਾਰ ਇੰਚ ਮੋਟੀ ਬਰਫ 'ਤੇ ਘੋੜਾ ਚੱਲ ਸਕਦਾ ਹੈ, 7 ਇੰਚ 'ਤੇ ਘੋੜਾ ਇਕ ਟਨ ਭਾਰ ਖਿੱਚਕੇ ਲੈ ਜਾਂਦਾ ਹੈ, 8 ਇੰਚ 'ਤੇ ਟਰੱਕ ਟਨ ਭਾਰ ਲੈ ਜਾਂਦਾ ਹੈ। ਜੇ ਬਰਫਾਨੀ ਸੜਕ ਨਾ ਚੱਲੀ ਤਾਂ 25 ਲੱਖ ਲੈਨਿਨਗਰਾਦੀ ਕੁਝ ਹਫਤਿਆਂ ਵਿਚ ਮਰ ਜਾਣਗੇ। ਫੇਰ ਝੀਲ 'ਤੇ 3 ਟਨਰ ਟਰੱਕ ਵੀ ਚੱਲਣ ਲੱਗ ਪਏ ਸੀ। ਖਾਦਯ ਸਮੱਗਰੀ ਦੀ ਘਾਟ ਦਾ ਅਨੁਮਾਨ ਇਸ ਗੱਲ ਤੋਂ ਲੱਗ ਸਕਦਾ ਸੀ ਕਿ ਪਾਰਟੀ ਮੈਂਬਰ ਇਲਾਕਾਈ ਦਫ਼ਤਰ 'ਚ ਆ ਕੇ ਆਪਣਾ ਰਾਸ਼ਨ ਕਾਰਡ ਜਮ੍ਹਾਂ ਕਰਾਉਂਦੇ ਰਹਿੰਦੇ – ਮੈਂ ਕੱਲ ਨੂੰ ਮਰ ਜਾਣਾ ਹੈ।

ਜਿੱਥੇ ਡਿਗਦੇ ਤਾਪਮਨ ਨੇ ਬਰਫਾਨੀ ਸੜਕ ਸੰਭਵ ਬਣਾਈ ਸੀ ਉੱਥੇ ਇਹੀ ਸਥਿਤੀ ਲੈਨਿਨਗਰਾਦ ਵਿਚ ਕਹਿਰ ਢਾਈ ਜਾਂਦੀ ਸੀ। ਲੋਕਾਂ ਨੇ ਲੱਕੜੀ ਦੇ ਬਣੇ ਪੁਰਾਣੇ ਘਰ ਤੋੜ ਕੇ ਜਲਾ ਲਏ ਸੀ ਜੇ ਕਿਤੇ ਜਰਮਨ ਅਗਨਿਦ (incendiary) ਬੰਬ ਸੁੱਟ ਕੇ ਅੱਗ ਲਾ ਦਿੰਦੇ ਤਾਂ ਕਈਆਂ ਨੂੰ ਅਫਸੋਸ ਥੋੜ੍ਹਾ ਅਤੇ ਨਿੱਘ ਵਧੇਰੇ ਅਨੁਭਵ ਹੁੰਦਾ। ਕਈ ਪਿਘਲੀ ਬਰਫ ਦੇ ਪਾਣੀ ਦਾ ਲਾਹਾ ਲੈਣ ਲਗਦੇ।

0 0 0

ਲੈਨਿਨਗਰਦ ਦੇ ਹੌਸਲੇ, ਉਹਦੀ ਕੁਰਬਾਨੀ, ਵੇਦਨਾ ਦੀ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਮਿਲਦੀ।

ਲੈਨਿਨਗਰਾਦ 'ਚ ਹੀਰੋਸ਼ੀਮਾ ਨਾਲੋਂ ਦਸ ਗੁਣਾਂ ਜ਼ਿਆਦਾ ਬੰਦੇ ਮਰੇ। ਪੈਰਿਸ ਕਮਿਊਨ Paris

Commune (ਸਤੰਬਰ 1870 – ਜਨਵਰੀ 1871) ਸਮੇਂ ਸ਼ਹਿਰ ਦੀ ਆਬਾਦੀ 10 ਲੱਖ ਸੀ। ਪਿਛਲੇ ਵਰ੍ਹੇ ਦੇ ਮੁਕਾਬਲੇ 'ਚ 16,000 ਜ਼ਿਆਦਾ ਬੰਦੇ ਮਰੇ। ਚਿੜੀਆ ਘਰ ਦੇ ਗੈਂਡੇ ਵੱਢਕੇ ਖਾ ਲਏ ਸੀ ਪਰ ਆਦਮਖੋਰੀ ਦੀ ਪ੍ਰਮਾਣਿਕ ਗਵਾਹੀ ਨਹੀਂ ਮਿਲਦੀ। ਲੈਨਿਨਗਰਾਦ ਵਿਚ ਇਹ ਕੰਮ ਵੀ ਹੋਇਆ।

ਅਮਰੀਕਨ ਘਰੋਗੀ ਜੰਗ ਸਮੇਂ (1863) 'ਵਿੱਕਸਬਰਗ' ਦੀ ਆਬਾਦੀ 4,000 ਸੀ, ਕੋਈ 2,500 ਬੰਦੇ ਮਰੇ। ਘੋੜੇ, ਕੁੱਤੇ ਸ਼ਾਇਦ ਚੂਹੇ ਵੀ ਮਾਰਕੇ ਖਾਧੇ ਗਏ ਪਰ ਭੁੱਖਮਰੀ ਦੀ ਕੋਈ ਵਾਰਦਾਤ ਨਹੀਂ ਹੋਈ ਸੀ। ਹਿਟਲਰ ਦਾ ਹੁਕਮ ਸੀ ਕਿ ਲੈਨਿਨਗਰਾਦ ਮਾਸਕੋ ਨੇਸਤ-ਓ-ਨਾਬੂਦ ਕਰ ਦੇਣੇ ਹਨ। ਜੇ ਪ੍ਰਾਜਯ ਸਵੀਕਾਰ ਵੀ ਕਰਨ ਤਾਂ ਕਬੂਲ ਨਹੀਂ ਕਰਨੀ। ਮਾਰਕਸਵਾਦ ਦਾ ਗੜ੍ਹ ਸਫ਼ਾ-ਇ-ਹਸਤੀ ਤੋਂ ਮਿਟਾ ਦੇਣਾ ਹੈ। ਇਹ ਕੰਮ ਇਹਦੇ ਨਿਰਮਾਤਾ ਕਰਨਗੇ ਕਿਉਂਕਿ ਨਜ਼ਰ ਆਉਂਦੀ ਪ੍ਰਾਜਯ ਜੇ ਸੱਚਮੁੱਚ ਸ਼ਿਕਸਤ 'ਚ ਬਦਲ ਜਾਂਦੀ ਹੈ ਤਾਂ ਰੂਸੀਆਂ ਨੇ ਮਾਸਕੋ ਲੈਨਿਨਗਰਾਦ ਨੂੰ ਆਪ ਬਾਰੂਦ ਨਾਲ ਉਡਾਉਣ ਦਾ ਫੈਸਲਾ ਕਰ ਲਿਆ ਸੀ। ਲੈਨਿਨਗਰਾਦ ਵਿਚ ਤਾਂ ਬਾਰੂਦ ਥਾਉਂ ਥਾਈਂ ਦੱਬ ਵੀ ਹੋ ਗਿਆ ਸੀ। ਕੀ ਵਿਅੰਗ ਹੈ ਕਿ ਇਹ ਕੁਝ ਕਮਿਊਨਿਸਟ ਪਾਰਟੀ ਨੇ 45 ਸਾਲ ਮਗਰੋਂ ਆਪ ਕਰ ਲਿਆ।

ਸੋਵੀਅਤ ਲੇਖਕ ਭਵਨ 'ਤੇ ਬੰਬ ਡਿੱਗਿਆ। ਅੱਠ ਸੰਪਾਦਕ ਮਾਰੇ ਗਏ। ਨਿਰਦੇਸ਼ਕ ਸਖਤ ਜ਼ਖ਼ਮੀ ਹੋ ਗਿਆ। Man with a Gun ਫ਼ਿਲਮ ਦਾ ਨਿਰਦੇਸ਼ਕ ਮਸ਼ੀਨ-ਗੰਨ ਯੂਨਿਟ ਦਾ ਕਮਾਂਡਰ ਹੋ ਗਿਆ। ਗੁਰੀਲਿਆਂ ਦੀਆਂ 200 ਟੁਕੜੀਆਂ ਤਿਆਰ ਕੀਤੀਆਂ ਗਈਆਂ, ਕੁੱਲ ਬੰਦੇ 15,000, ਜਿਹਨਾਂ ਜਰਮਨ ਫਰੰਟ ਦੇ ਪਿੱਛੇ ਲੜਨਾ ਸੀ। ਲੜਾਈ ਸ਼ੁਰੂ ਹੋਣ ਦੇ 15 ਦਿਨ ਬਾਅਦ ਹੀ 1,60,000 People's Volunteers ਭਰਤੀ ਹੋ ਗਏ ਸੀ ਜਿਸ ਵਿਚ ਔਰਤਾਂ 32,000, ਕਮਿਊਨਿਸਟ 20,000 ਅਤੇ ਯੰਗ ਕਮਿਊਨਿਸਟ 18,000 ਸ਼ਾਮਿਲ ਸੀ। ਵੀਹਵੀਂ ਸਦੀ ਦਾ ਮਹਾਨ ਸੰਗੀਤਕਾਰ ਸ਼ਸ਼ਤਾਕੋਵਿਚ ਭਰਤੀ ਹੋਣ ਗਿਆ। ਉਹਨੂੰ ਰੱਖਿਆ ਨਾ, ਪਰ air raid ਡਿਊਟੀ ਸੰਭਾਲ ਦਿੱਤੀ। ਐਕਟਰ ਚਰਕਾਸੋਫ਼, ਅਤੇ 45 ਸਾਲਾ ਸ਼ਾਇਰ ਰੋਜਸਤਵਿੰਸਕੀ ਰੱਖ ਲਏ ਗਏ।

ਉਸਪੈਂਸਕੀ ਨੇ ਨੇਵੀ 'ਚ ਭਰਤੀ ਹੋਣਾ ਸੀ ਪਰ ਉਹਦੇ ਬੂਟਾਂ ਦੇ ਸਾਈਜ਼ ਦਾ ਅੜਿੱਕਾ ਪੈ ਗਿਆ ਕਿਉਂਕਿ ਨੇਵੀ ਦੇ ਕੁਆਰਟਰ ਮਾਸਟਰ ਪਾਸ 14 ਨੰਬਰ ਦੇ ਬੂਟ ਨਹੀਂ ਸਨ। ਆਮ ਬੰਦੇ ਦੇ 7 ਜਾਂ 8 ਸਾਈਜ਼ ਦੇ ਹੁੰਦੇ ਹਨ। ਪਾਰਕਿਨਸਨ ਰੋਗ ਕਾਰਨ ਸ਼ਵਾਰਤਜ਼ ਦੇ ਹੱਥ ਕੰਬਦੇ ਸੀ। ਕਹਿੰਦੇ ਤੂੰ ਬੰਦੂਕ ਕਿਵੇਂ ਫੜੇਂਗਾ। ਉਹ ਕਹਿੰਦਾ, ਕੋਈ ਹੋਰ ਕੰਮ ਦੇ ਦਿਉ। ਉਹਨੇ 'ਯੋਸ਼ੈਂਕੋ' ਨਾਲ ਰਲਕੇ Under the Lindens of Berlin ਨਾਟਕ ਲਿਖਿਆ, ਜਿਹੜਾ Comedy Threate ਵਿਚ ਖੇਲਿਆ ਗਿਆ। ਕਾਮੇਡੀ ਥੀਏਟਰ ਨੂੰ ਲੈਨਿਨਗਰਾਦ 'ਚੋਂ ਕੱਢ ਲਿਆ ਸੀ ਪਰ ਉਹਨੇ, ਉਹਦੀ ਬੀਵੀ ਨੇ ਨਾਂਹ ਕਰ ਦਿੱਤੀ ਸੀ। ਉਸਦਾ ਨਾਟਕ The Naked King ਸਤਾਲਿਨ ਅਧੀਨ ਲੈਨਿਨਗਰਾਦੀ ਜੀਵਨ ਬਾਰੇ ਹੈ ਜਿਹੜਾ ਸਤਾਲਿਨ ਦੀ ਮੌਤ ਤੋਂ 10 ਸਾਲ ਬਾਅਦ ਅਤੇ ਕਰਤਾ ਦੀ ਮੌਤ ਤੋਂ 8 ਸਾਲ ਬਾਅਦ ਖੇਡ੍ਹਿਆ ਗਿਆ।

ਜੂਨ 30 ਨੂੰ ਲੜਾਈ ਸ਼ੁਰੂ ਹੋਣ ਤੋਂ ਹਫਤਾ ਬਾਅਦ ਬਾਰਡਰ ਪਲਟਨ ਦੇ ਸਿਪਾਹੀ ਵਜੋਂ ਕੰਟਾਰੋਵਿਚ ਦੀ ਪਹਿਲੀ ਲੇਖਕ ਮੌਤ ਸੀ। ਸ਼ਸਤਾਕੋਵਿਚ ਲੈਨਿਨਗਰਾਦ ਰੇਡੀਓ 'ਤੇ ਬੋਲਿਆ, "ਮੈਂ ਸੱਤਵੀਂ ਸਿੰਫਨੀ (Leningrad Symphony) ਦਾ ਦੂਜਾ ਭਾਗ ਲਿਖ ਲਿਆ ਹੈ। ਸ਼ਹਿਰ ਦਾ ਸਾਧਾਰਨ ਅਨੁਸਾਰ ਜੀਵਨ ਹੈ। ਹੁਣ ਆਪਾਂ ਸਾਰੇ ਫੌਜੀ ਜ਼ਿੰਮੇਵਾਰੀਆਂ ਨਿਭਾ ਰਹੇ ਹਾਂ।" ਵੀਹਵੀਂ ਸਦੀ ਦੀ ਪ੍ਰਮੁੱਖ ਕਾਵਿ ਵਿਅਕਤੀ ਐਨਾ ਅਖਮਾਤੋਵਾ ਦਾ ਰੇਡੀਓ 'ਤੇ ਪ੍ਰਭਾਵਸ਼ਾਲੀ ਪ੍ਰਵਚਨ ਸੀ। ਉਹ ਵੀ Air Raid Precaution ਸੰਸਥਾ ਵਿਚ ਰੇਤੇ ਦੀਆਂ ਬੋਰੀਆਂ ਸਿਉਂਦੀ ਹੁੰਦੀ ਸੀ। (ਮੈਂ ਤਾਂ ਰੂਸੀ ਸਿੱਖਿਆ ਹੀ ਅਖਮਾਤੋਵਾ ਕਰਕੇ ਸੀ ਪਰ ਕੰਮ ਵਿਚੇ ਰਹਿ ਗਿਆ)

Musical Comedy ਦੀ ਕਿਰਤ The Bat ਚਲ ਰਹੀ ਸੀ। ਹਵਾਈ ਹਮਲਾ ਹੋਇਆ। ਥੀਏਟਰ ਦਾ ਮਨੇਜਰ ਦਰਸ਼ਕ ਸ੍ਰੋਤਿਆਂ ਨੂੰ ਕਹਿੰਦਾ – ਤੁਸੀਂ ਕੰਧਾਂ ਨਾਲ ਲਗ ਕੇ ਬੈਠ ਜਾਓ। ਇਥੇ ਕੋਈ Air Raid Shelter ਨਹੀਂ। ਸੰਗੀਤ-ਨਾਟਕ ਦੀ ਹਵਾਈ-ਜਹਾਜ਼ ਮਾਰ ਗੰਨਾਂ ਦੀਆਂ ਗੋਲੀਆਂ ਨਾਲ ਜੁਗਲ-ਬੰਦੀ ਚਲਦੀ ਰਹੀ। ਇਕ ਦਿਨ ਕੋਈ ਔਰਤ ਰੇਡੀਓ ਸਟੇਸ਼ਨ ਨੂੰ ਭੱਜੀ ਆਈ ਜਿਸ ਦੇ

ਮਕਾਨ 'ਤੇ ਬੰਬ ਡਿੱਗਾ ਸੀ ਅਤੇ ਦੋ ਬੱਚੇ ਮਲਬੇ ਥੱਲੇ ਆ ਗਏ ਮਨ। ਕਹਿੰਦੀ ਮੈਂ ਬੋਲਣਾ। ਰੇਡੀਓ ਵਾਲੇ ਉਹਨੂੰ ਸਟੂਡੀਓ 'ਚ ਲੈ ਗਏ। ਉਹਦੀ ਦੁੱਖ ਨਾਲ ਆਵਾਜ਼ ਭਰੜਾਈ ਗਈ ਜਦੋਂ ਦੱਸ ਰਹੀ ਸੀ ਕਿ ਮੇਰਾ ਲੜਕਾ ਅਤੇ ਲੜਕੀ ਮਰ ਗਏ ਹਨ। ਸ਼ਸਤਾਕੋਵਿਚ ਦੇ ਲੈਨਿਨਗਰਾਦ ਸੰਮਨਾਦ ਦਾ ਦੂਸਰਾ ਹਿੱਸਾ ਚੱਲ ਰਿਹਾ ਸੀ। ਬੋਗਦਾਨੋਫ-ਬਰਜ਼ੋਵਸਕੀ ਅਨੁਸਾਰ ਤੋਪਾਂ ਦੀ ਗਰਜ, ਅੱਗਾਂ, ਬੰਬਾਰੀ, ਖਤਰੇ ਦੇ ਘੁੱਗੂਆਂ, ਹਵਾਈ ਜਹਾਜ਼ਾਂ ਦੀ ਗੂੰਜ ਦੇ ਰੌਲੇ ਵਿਚ ਯਥਾਰਥ ਅਤੇ ਕਲਾ ਇਕ-ਮਿਕ ਹੋ ਗਏ ਸਨ। ਬੋਗਦਾਨੋਫ-ਬਰਜ਼ੋਵਸਕੀ ਦੇ ਕਮਾਂਡ ਹੈੱਡ ਕੁਆਰਟਰ 'ਤੇ ਜਾ ਕੇ ਸਲਾਹ ਕੀਤੀ ਕਿ ਛੋਟਾ ਜਿਹਾ (Orchestra) ਵਜੰਤਰਨ ਤਿਆਰ ਕੀਤਾ ਜਾਵੇ ਜਿਹੜਾ ਫਰੰਟ 'ਤੇ ਸੈਨਿਕਾਂ ਨੂੰ ਆਪਣੀ ਖਿਦਮਤ ਪੇਸ਼ ਕਰੇ। ਥੱਲੇ ਉੱਤਰਦੇ ਸਾਰ ਸੰਗੀਤਕਾਰਾਂ ਦੀ ਰਾਈਫਲ ਪਰੇਡ ਸ਼ੁਰੂ ਹੋ ਗਈ। ਬ. ਬ. ਦੇ ਕਥਨ ਅਨੁਸਾਰ ਉਹਨਾਂ ਦੀ ਨਵੀਂ ਜ਼ਿੰਦਗੀ ਦਾ ਸਾਧਾਰਨ ਵਿਅਕਤੀ ਨਾਲੋਂ ਮਾਮੂਲੀ ਵੇਰਵੇ ਦਾ ਫਰਕ ਹੈ।

ਲੈਨਿਨਗਰਾਦ ਦੇ ਰੇਡੀਓ ਦਾ ਡਾਇਰੈਕਟਰ ਬਾਬੁਸ਼ਕਨ ਇੰਨਾ ਕਮਜ਼ੋਰ ਸੀ ਕਿ ਉਹਨੇ ਮਾਈਕ ਸਾਹਮਣੇ ਹੋਣ ਲਈ ਵਸਾਖੀਆਂ ਬਣਵਾਈਆਂ ਹੋਈਆਂ ਸੀ। ਕਹਿੰਦੇ ਸੀ ਉਹਨੇ ਸਿਆਲ ਨਹੀਂ ਕੱਟਣਾ। ਪਰ ਉਹਦੀ 1944 ਵਿਚ ਪੈਦਲ ਸਿਪਾਹੀ ਵਜੋਂ ਮੌਤ ਹੋਈ। ਕਵੀ ਵਲਜੀਨਨ ਰੇਡੀਓ 'ਤੇ ਨਜ਼ਮ ਪੜ੍ਹਕੇ ਭੁੱਖਾ ਸਟੂਡੀਓ ਵਿਚੇ ਡਿੱਗ ਪਿਆ।

ਜਨਵਰੀ 8, 1942 ਨੂੰ ਰੇਡੀਓ ਚੁੱਪ ਹੋ ਗਿਆ ਕਿਉਂਕਿ ਬਿਜਲੀ ਬੰਦ ਹੋ ਗਈ ਸੀ। ਲੋਕ ਰੇਡੀਓ ਸਟੇਸ਼ਨ ਉਦਾਲੇ ਇਕੱਠੇ ਹੋ ਗਏ – ਹੌਂਸਲੇ ਦੀ ਲੋੜ ਹੈ, ਅਸੀਂ ਹਾਜ਼ਰ ਹਾਂ। ਰਾਸ਼ਨ ਘਟਾਉਣਾ, ਠੀਕ ਹੈ, ਰੇਡੀਓ ਚਲਦਾ ਰਹਿਣ ਦਿਓ। ਇਹਦੇ ਬਿਨਾਂ ਤਾਂ ਕਬਰ 'ਚ ਪੈਣ ਵਾਲੀ ਗੱਲ ਹੈ, ਬਿਲਕੁਲ।

ਚਿਤਰਕਾਰ ਤਸਵੀਰ ਬਣਾ ਰਿਹਾ ਸੀ : ਅਣ-ਪ੍ਰੀਚਿਤ, ਭਿਆਨਕ ਦ੍ਰਿਸ਼ ਪਰ ਆਸਮਾਨ ਸ਼ਾਂਤ ਸੀ। ਇਹਦੀ ਕਦੇ ਨੁਮਾਇਸ਼ ਨਹੀਂ ਲੱਗੀ। ਬਹੁਤ ਸਾਰੀਆਂ ਰਚਨਾਵਾਂ ਕਈ ਦਹਾਕਿਆਂ ਮਗਰੋਂ ਛਪੀਆਂ ਜਾਂ ਅਜੇ ਵੀ ਪੁਰਾਲੇਖਾਂ ਵਾਂਗੂੰ ਪਈਆਂ ਹਨ ਕਿਉਂਕਿ ਸਾਹਿਤਕ ਪਾਰਟੀ ਨੂੰ ਅਣਸੁਖਾਵੀਆਂ ਗੱਲਾਂ, ਦੂਰ-ਵਿਹਾਰੀ ਪਾਤਰ ਅਤੇ ਗ਼ਲਤ ਨੀਤੀ ਪਸੰਦ ਨਹੀਂ ਸੀ।

000

ਜਰਮਨ ਪਿੱਛੇ ਧੱਕੇ ਜਾ ਰਹੇ ਸੀ। ਲੇਖਕ ਭਵਨ ਦਾ ਮੂੰਹ ਮੱਥਾ ਨਿਕਲ ਆਇਆ ਸੀ। ਅਜੇ ਵੀ ਖਿਆਲ ਸੀ ਕਿ ਜਿਹੜੇ ਲੇਖਕ ਜੰਗੀ ਕੰਮ ਨਹੀਂ ਕਰ ਰਹੇ ਉਹਨਾਂ ਨੂੰ ਲੈਨਿਨਗਰਾਦ 'ਚੋਂ ਬਾਹਰ ਕੱਢ ਲਿਆ ਜਾਵੇ। ਪੂਰਵ ਯੁੱਧ ਮੈਂਬਰਾਂ ਦੀ ਸੂਚੀ ਸੀ 300 ● ਫੌਜ ਵਿਚ ਲੈਨਿਨਗਰਾਦ ਫਰੰਟ 'ਤੇ ਮਰੇ 107, ● ਭੁੱਖ ਨਾਲ ਮਰਨ ਵਾਲੇ 33, ● ਹੋਰ ਕਿਸੇ ਫਰੰਟ 'ਤੇ ਮਰਨ ਵਾਲੇ 11, ● ਗੋਲੀ ਨਾਲ ਉਡਾਏ ਜਾਣ ਵਾਲੇ 6, ● ਨੰਬਰ 6 ਤੋਂ ਪਤਾ ਲਗਦਾ ਹੈ ਕਿ ਟੁਕ-ਟੇਰ ਲਿਖਾਰੀ ਹਰ ਸਮੇਂ ਹਰ ਥਾਉਂ ਹੁੰਦੇ ਹਨ।

ਪ੍ਰਗਤੀਵਾਦੀ ਸਾਹਿਤ ਨੂੰ ਭਾਵੇਂ ਕੋਈ ਅਸਫਲ ਕਹੇ ਪਰ ਇਹਦੀ ਲੋੜ ਖਤਮ ਨਹੀਂ ਹੋਈ। ਸਵੈ-ਉੱਨਤੀ ਅਤੇ ਸਾਰਥਿਕ ਜੀਵਨ, ਅੰਕੜਾ ਵਿਗਿਆਨ (Statistically) ਅਨੁਸਾਰ ਹੀ, ਨਵ-ਉਦਾਰਵਾਦ 'ਚ ਤਾਂ ਕੀ, ਉਦਾਰਵਾਦ 'ਚ ਵੀ ਸੰਭਵ ਨਹੀਂ ਸੀ। ਇਹਦੇ ਲਈ ਸੰਸਥਾਈ ਸਮਾਜਵਾਦ ਦੀ ਲੋੜ ਹੈ। ਨਿਜੀ ਸਰਮਾਏਦਾਰੀ ਜਾਂ ਨੌਕਰਸ਼ਾਹੀ ਸਰਮਾਏਦਾਰੀ ਕੋਈ ਹੱਲ ਨਹੀਂ।

ਪੰਜਾਬੀ ਪ੍ਰਗਤੀਵਾਦੀ ਸਾਹਿਤ ਦੀ ਬੁਨਿਆਦੀ ਕਮਜ਼ੋਰੀ ਲੇਖਕ ਤੇ ਮਿਹਨਤਕਸ਼ਾਂ ਵਿਚ ਪਾੜਾ ਹੈ। ਇਹਨੂੰ ਪੂਰਨ ਲਈ ਸ਼੍ਰੇਣਿਕ ਆਲੋਚਨਾ ਦਾ ਜ਼ੋਰ-ਤਾਣ ਲਾਇਆ ਜਾਂਦਾ ਹੈ। ਰਚਨਾ ਬਾਰੇ ਤਾਂ ਸ਼ਾਇਦ ਹੀ ਕਿਸੇ ਪ੍ਰਸਿੱਧ ਆਲੋਚਕ ਨੇ ਗੱਲ ਕੀਤੀ ਹੋਣੀ ਹੈ। ਉਪਰੋਕਤ ਚਿਤਰਕਾਰ ਦੇ ਕਹਿਣ ਵਾਂਗੂੰ – ਰਚਨਾ ਬਹੁਤੀ, ਆਲੋਚਨਾ ਥੋੜ੍ਹੀ। ਜਿਸ ਦਿਨ ਇਹ ਮਵੀਕਾਰ ਕਰ ਲਿਆ ਤਾਂ ਸ਼ਾਇਦ ਅਸੀਂ ਵੀ ਸਮਾਜਵਾਦ ਦੇ ਰਾਹ ਤੁਰਦੇ ਹੋਵਾਂਗੇ।

The 900 Days: The siege of Leningrad, Harrison E. Salisbury, Pan Books 1971 □□

[144, ਸੈਕਟਰ 65, ਫੇਜ਼ 11, ਐੱਸ. ਏ. ਐੱਸ. ਨਗਰ, ਮੋਹਾਲੀ – 160 062]

ਭਾਊ [ਦਰਸ਼ਨ ਸਿੰਘ]

ਦਰਸ਼ਨ ਸਿੰਘ ਦਾ ਨਵਾਂ ਨਾਵਲ 'ਭਾਊ' (ਪੰਨੇ 253, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਉਸ ਸਿਆਸੀ ਸ਼ਖਸੀਅਤ ਬਾਰੇ ਹੈ, ਜਿਸ ਨੇ 2004 ਵਾਲੀਆਂ ਲੋਕ ਸਭਾ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਈ। ਨਾਵਲ ਦੇ ਪਹਿਲੇ ਹੀ ਪੈਰੇ ਵਿਚ ਲੇਖਕ ਇਸ ਸ਼ਖਸੀਅਤ ਦੀ ਪਛਾਣ ਦਾ ਸੰਕੇਤ ਦੇ ਦਿੰਦਾ ਹੈ। ਇਹ ਸ਼ਖਸੀਅਤ ਸੀ. ਪੀ. ਐੱਮ. ਦੇ ਸਾਬਕਾ ਜਨਰਲ ਸਕੱਤਰ ਹਰਕਿਸ਼ਨ ਸਿੰਘ ਸੁਰਜੀਤ ਨਾਲ ਮੇਲ ਖਾਂਦੀ ਹੈ। ਨਾਵਲ ਵਿਚ ਇਸ ਦਾ ਨਾਂਅ ਕਾਮਰੇਡ ਕਰਮ ਸਿੰਘ ਕਿਰਤੀ ਹੈ।

ਨਾਵਲਕਾਰ ਨੇ ਇਹਨਾਂ ਚੋਣਾਂ ਦੌਰਾਨ ਦਸ ਹਫਤਿਆਂ ਦੀਆਂ ਘਟਨਾਵਾਂ ਨੂੰ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਮੁੱਖ ਪਾਤਰ ਦੀ ਸ਼ਖਸੀਅਤ ਦੇ ਅਹਿਮ ਪੱਖਾਂ ਦੇ ਨਾਲ-ਨਾਲ ਭਾਰਤੀ ਸਿਆਸਤ ਦਾ ਸਮੁੱਚਾ ਤਾਣਾ-ਬਾਣਾ ਵੀ ਪਾਠਕ ਦੀਆਂ ਨਜ਼ਰਾਂ ਥਾਣੀਂ ਲੰਘ ਜਾਂਦਾ ਹੈ। ਲੇਖਕ ਦੀ ਕਲਪਨਾ ਉਡਾਰੀ ਬੇਜੋੜ ਹੈ। ਉਸ ਨੇ ਸੱਚੀਆਂ ਗੱਲਾਂ ਤੇ ਘਟਨਾਵਾਂ ਨੂੰ ਕਲਪਨਾ ਦੀ ਚਾਸ਼ਨੀ ਵਿਚ ਭਿਉਂ ਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਗੱਲਾਂ ਵਿਚੋਂ ਗੱਲ ਤੁਰਦੀ-ਤੁਰਦੀ ਗਲੋਟੇ ਬਣ ਜਾਂਦੀ ਹੈ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਲੇਖਕ ਆਪ ਆਪਣੀਆਂ ਲਿਖਤਾਂ ਦੇ ਗਲੋਟੇ ਬਣਾਈ ਜਾਂਦਾ ਹੈ। ਉਸ ਨੇ ਪਿਛੇਤਾ ਲਿਖਣਾ ਸ਼ੁਰੂ ਕੀਤਾ ਪਰ ਹੁਣ 2001 ਤੋਂ ਤਕਰੀਬਨ ਹਰ ਸਾਲ ਉਹਦੀ ਕਿਤਾਬ ਛਪ ਰਹੀ ਹੈ। ਛਪ ਹੀ ਨਹੀਂ ਚਰਚਾ ਵਿਚ ਵੀ ਆ ਰਹੀ ਹੈ।

'ਭਾਊ' ਲਿਖ ਕੇ ਦਰਸ਼ਨ ਸਿੰਘ ਨੇ ਪੁੰਨ ਦਾ ਕੰਮ ਕੀਤਾ ਹੈ। ਜਿਸ ਸ਼ਖਸੀਅਤ ਬਾਰੇ ਇਹ ਨਾਵਲ ਹੈ, ਉਸ ਦੀ ਪੈਂਠ ਤੇ ਚਰਚਾ ਕਮਿਊਨਿਸਟ ਅਤੇ ਗ਼ੈਰ-ਕਮਿਊਨਿਸਟ ਅਖਾੜਿਆਂ ਵਿਚ ਬਰਾਬਰ ਦੀ ਰਹੀ ਹੈ। ਖੌਰੇ ਇਸੇ ਕਰਕੇ ਦੋਹਾਂ ਅਖਾੜਿਆਂ ਦੇ ਲੋਕਾਂ ਲਈ ਉਸ ਦੇ ਅਤੇ ਉਸ ਦੀ ਸ਼ਖਸੀਅਤ ਦੇ ਅਰਥ ਵੱਖੋ-ਵੱਖਰੇ ਹਨ। ਇਸ ਨੁਕਤੇ ਨੂੰ ਲੇਖਕ ਨੇ ਇੰਨੀ ਬਰੀਕੀ ਅਤੇ ਸੂਝ-ਬੂਝ ਨਾਲ ਫੜਿਆ ਹੈ ਕਿ ਇਸ ਸ਼ਖਸੀਅਤ ਦੀ ਸਿਆਸਤ, ਸਰਗਰਮੀ ਅਤੇ ਸੁਭਾਅ ਦੀਆਂ ਪਰਤਾਂ ਪਿਆਜ਼ ਦੇ ਛਿਲਕਿਆਂ ਵਾਂਗ ਉਭਰਦੀਆਂ ਜਾਂਦੀਆਂ ਹਨ। ਨਾਵਲ ਵਿਚ ਇਹ ਚਰਚਾ ਬਹੁਤ ਸਹਿਜ ਨਾਲ ਹੋਈ ਹੈ। ਅਜਿਹੇ ਸਹਿਜ ਬਾਰੇ ਹੀ ਸੰਸਾਰ ਪ੍ਰਸਿੱਧ ਲੇਖਕ ਚੈਖਵ ਦੀ ਟਿੱਪਣੀ ਸੀ ਕਿ ਲਿਖਤ ਦੀ ਖ਼ੂਬਸੂਰਤੀ ਤਾਂ ਬਿਰਤਾਂਤ ਦਾ ਬਿਆਨ ਹੁੰਦਾ ਹੈ। ਇਸ ਬਿਆਨ ਵਿਚੋਂ ਸਾਰੀਆਂ ਗੱਲਾਂ ਗਲੋਟੇ ਵਾਂਗ ਉਧੜਦੀਆਂ ਹਨ, ਆਪਣੇ ਆਪ। ਇਸ ਪੱਖ ਤੋਂ ਦਰਸ਼ਨ ਸਿੰਘ ਦਾ ਬਿਆਨ ਬੇਜੋੜ ਹੈ। ਨਾਵਲ ਵਿਚ ਉਸਨੇ ਕਰਮ ਸਿੰਘ ਕਿਰਤੀ ਦੀ ਸਿਆਸਤ ਬਾਰੇ ਕਿਤੇ ਕੋਈ ਸਿੱਧੀ ਟਿੱਪਣੀ ਤਾਂ ਨਹੀਂ ਕੀਤੀ ਪਰ ਹਰ ਥਾਂ ਬਿਰਤਾਂਤ ਵਿਚੋਂ ਬਿਆਨ ਬੋਲਦਾ ਹੈ। ਮੁੱਖ ਪਾਤਰ ਦੇ ਮੂੰਹੋਂ ਨਿਕਲਿਆ ਬਿਰਤਾਂਤ ਸੁਣੋ : 'ਸੱਚ ਪੁੱਛੋ ਤਾਂ ਅੱਜ ਕੱਲ੍ਹ ਸਿਆਸਤ ਵਿਚ ਰਹਿ ਹੀ ਏਹੋ ਕੁਝ ਗਿਐ। ਬਸ ਕੰਮ ਕਰਾਉ ਲੋਕਾਂ ਦੇ। ਹੋਰ ਕੁਝ ਨਹੀਂ। ਕੋਈ ਨਹੀਂ ਪੁੱਛਦਾ, ਤੁਹਾਡੀ ਪਾਰਟੀ ਦੀ ਪਾਲਸੀ ਕੀ ਏ? ਸਿਧਾਂਤ ਕੀ ਏ? ਵਿਚਾਰਧਾਰਾ ਕੀ ਏ? ਬਸ, ਕੰਮ ਕਰਾਉ ਤੇ ਚੋਣਾਂ ਲੜੋ। ਬਾਕੀ ਸਭ ਛੁੱਟੀ...।' ਨਾਵਲ ਵਿਚ ਅਗਾਂਹ ਜਾ ਕੇ ਇਹੀ ਪਾਤਰ ਕਹਿੰਦਾ ਹੈ: 'ਬੇਖ ਭਾਈ, ਮਾਮਲਾ ਲੈਣ-ਦੇਣ ਦਾ ਨਹੀਂ। ਸਿਆਸਤ ਦਾ ਏ। ਸਿਧਾਂਤ ਦਾ ਏ। ਭਗਵਾ ਪਾਰਟੀ ਨੂੰ ਲਾਹੁਣਾ ਜ਼ਰੂਰੀ ਏ...।' ਅਜਿਹੇ ਵਿਰੋਧੀ ਜੁੱਟ ਉਸਾਰ ਕੇ ਲੇਖਕ ਕਿਰਤੀ ਦੀ ਸਿਆਸਤ ਦੇ ਵਿਰੋਧਾਭਾਸ ਨੂੰ ਉਭਾਰਦਾ ਹੈ।

ਦਰਅਸਲ ਇਹ ਨਾਵਲ ਭਾਰਤ ਦੀ ਚੋਣ ਸਿਆਸਤ/ ਚੋਣ ਪ੍ਰਬੰਧ ਉੱਤੇ ਬਹੁਤ ਤਿੱਖੀ ਤੇ ਸਟੀਕ ਟਿੱਪਣੀ ਹੈ। ਚੋਣਾਂ ਦੀ ਚਰਖੜੀ ਉੱਤੇ ਸਿਆਸਤ ਦੀਆਂ ਗੋਟੀਆਂ ਘੁੰਮ ਰਹੀਆਂ ਹਨ। ਮੁੱਖ ਪਾਤਰ ਇਸ ਚਰਖੜੀ ਨੂੰ ਪੂਰੇ ਤਾਣ ਨਾਲ ਘੁੰਮਾਉਂਦਾ ਹੈ। ਆਮ ਭਾਸ਼ਾ ਵਿਚ ਇਸ ਨੂੰ ਜੋੜ-ਤੋੜ ਦਾ ਨਾਂਅ ਦਿੱਤਾ ਜਾਂਦਾ ਹੈ। ਇਹ ਜੋੜ-ਤੋੜ ਹੁੰਦਾ ਭਾਵੇਂ ਜਮਹੂਰੀਅਤ ਦੇ ਨਾਂਅ ਉੱਤੇ ਹੈ ਪਰ ਇਸ ਦੀ

ਰਫਤਾਰ ਇੰਨੀ ਤੇਜ਼ ਅਤੇ ਇਸਦਾ ਸੇਕ ਇੰਨਾ ਲੂਹਣ ਵਾਲਾ ਹੈ ਕਿ ਜਮਹੂਰੀਅਤ ਤਾਂ ਬਿੰਦ ਕੁ ਪਿੱਛੋਂ ਹੀ ਹੌਂਕਣ ਲੱਗ ਪੈਂਦੀ ਹੈ। ਚੋਣਾਂ ਦੇ ਬਿਰਤਾਂਤ ਰਾਹੀਂ ਜਮਹੂਰੀਅਤ ਉੱਤੇ ਇੰਨਾ ਕਾਟਵਾਂ ਵਾਰ ਸਾਹਿਤ ਵਿਚ ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ। ਇਸ ਚੋਣ ਸਿਆਸਤ ਉੱਤੇ ਸਿਆਸੀ ਨੁਕਤੇ ਤੋਂ ਸਿੱਧਾ ਵਾਰ ਸੱਤਰਵਿਆਂ ਦੇ ਅਖੀਰ ਵਿਚ ਚੱਲੀ ਨਕਸਲੀ ਲਹਿਰ ਨੇ ਕੀਤਾ ਸੀ। ਉਸ ਲਹਿਰ ਦੀ ਸਿਆਸਤ ਨੂੰ ਲਾਂਭੇ ਰੱਖ ਕੇ ਜੇਕਰ ਸਿਰਫ ਚੋਣ ਸਿਆਸਤ ਦੇ ਨੁਕਤੇ ਤੋਂ ਵਿਚਾਰ ਕੀਤੀ ਜਾਵੇ ਤਾਂ ਸਾਫ਼ ਹੋ ਜਾਂਦਾ ਹੈ ਕਿ ਉਸ ਲਹਿਰ ਦੇ ਨੁਮਾਇੰਦਿਆਂ ਨੇ ਚੋਣ ਸਿਆਸਤ ਬਾਰੇ ਜੋ ਪੇਸ਼ੀਨਗੋਈ ਕੀਤੀ ਸੀ, ਹੁਣ ਉਸ ਦਾ ਵਿਰਾਟ ਤੇ ਵਿਕਰਾਲ ਰੂਪ ਉਭਰ ਕੇ ਸਾਹਮਣੇ ਆ ਗਿਆ ਹੈ। ਇਸ ਸਿਆਸਤ ਵਿਚੋਂ ਆਮ ਲੋਕ ਤੇ ਆਮ ਵਰਕਰਾਂ ਦੇ ਹਿੱਸੇ ਹਾਸ਼ੀਆ ਹੀ ਆਇਆ ਹੈ। ਦੁਖਾਂਤ ਇਹ ਹੈ ਕਿ ਹੁਣ ਚੋਣ ਸਿਆਸਤ ਉੱਤੇ ਟਿਕੀ ਇਸ ਜਮਹੂਰੀਅਤ ਨੂੰ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਵਜੋਂ ਪ੍ਰਸਾਰਿਆ-ਪ੍ਰਚਾਰਿਆ ਜਾਂਦਾ ਹੈ। 1947 ਵਿਚ ਜਦੋਂ ਅੰਗਰੇਜ਼ਾਂ ਨੇ ਭਾਰਤ ਛੱਡਿਆ ਅਤੇ ਪਿੱਛੇ ਜਿਹੜਾ ਜਮਹੂਰੀ ਢਾਂਚਾ ਉਹ ਛੱਡ ਕੇ ਗਏ ਸਨ, ਉਹਦੇ ਬਾਰੇ ਪੱਛਮ ਦੇ ਚਿੰਤਕਾਂ ਨੇ ਉਦੋਂ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਜਗੀਰਦਾਰੀ ਦੀ ਦਲਦਲ ਵਿਚ ਫਸੇ ਭਾਰਤੀ ਲੋਕ ਜਮਹੂਰੀਅਤ ਚਲਾ ਨਹੀਂ ਸਕਣਗੇ। ਜਿਵੇਂ ਕਿਵੇਂ ਜਮਹੂਰੀਅਤ (?) ਚੱਲ ਨਿਕਲੀ। ਭਾਰਤੀ ਆਗੂਆਂ ਨੇ ਪੱਛਮੀ ਚਿੰਤਕਾਂ ਨੂੰ ਇਕ ਤਰ੍ਹਾਂ ਨਾਲ ਝੂਠੇ ਪਾ ਦਿੱਤਾ। ਹੁਣ ਛੇ ਦਹਾਕੇ ਬਾਅਦ ਪੱਛਮੀ ਚਿੰਤਕ ਇਸ ਜਮਹੂਰੀਅਤ ਨੂੰ ਸਭ ਤੋਂ ਵੱਡੀ ਜਮਹੂਰੀਅਤ ਤਸੱਵਰ ਕਰ ਰਹੇ ਹਨ। ਉਹ ਇਕ ਵਾਰ ਫਿਰ ਗ਼ਲਤ ਹਨ। ਉਹਨਾਂ ਨੂੰ ਪਤਾ ਹੀ ਨਹੀਂ ਕਿ ਇਹ ਜਮਹੂਰੀਅਤ ਕਿੰਨੀ ਖੋਖਲੀ ਹੈ ਅਤੇ ਲੋਕਾਂ ਨੂੰ ਕਿੰਝ ਸੂਲੀ ਟੰਗ ਕੇ ਆਏ ਦਿਨ ਮਜ਼ਬੂਤ ਹੋ ਰਹੀ ਹੈ। ਇਸ ਖੋਖਲੀ ਜਮਹੂਰੀਅਤ ਵਿਚ ਆਮ ਵਰਕਰ ਅਤੇ ਲੋਕ ਕਿਸ ਤਰ੍ਹਾਂ ਬੇਦਖਲ ਹੁੰਦੇ ਜਾ ਰਹੇ ਹਨ, ਇਸ ਨਾਵਲ ਵਿਚ ਇਹਨਾਂ ਦਾ ਬਿਆਨ ਬਹੁਤ ਵਿਸਥਾਰ ਵਿਚ ਪੇਸ਼ ਹੋਇਆ ਹੈ। ਚੋਣਾਂ ਦੇ ਇਸ ਮੇਲੇ ਵਿਚ ਹਰ ਕਿਸੇ ਦਾ ਅੱਗਾ ਨੰਗਾ ਹੋ ਰਿਹਾ ਹੈ ਪਰ ਕਿਸੇ ਨੂੰ ਵੀ ਸੰਗ-ਸ਼ਰਮ ਕੋਈ ਨਹੀਂ ਹੈ। ਗੱਲ ਸਿਰਫ਼ ਤੇ ਸਿਰਫ਼ ਸੀਟਾਂ ਜਿੱਤਣ ਦੀ ਰਹਿ ਜਾਂਦੀ ਹੈ। ਜਮਹੂਰੀਅਤ ਦੇ ਇਸ ਤਮਾਸ਼ੇ ਵਿਚ ਸਾਰੇ ਜਮੂਰਿਆਂ ਵਾਂਗ ਨੱਚ ਰਹੇ ਹਨ। ਕੌਣ ਕਿਸ ਦੀਆਂ ਤੰਦਾਂ ਖਿੱਚ ਕੇ ਕੱਟ ਰਿਹਾ ਹੈ, ਨਾਵਲ ਵਿਚ ਇਹ ਸਭ ਜ਼ਿਕਰ ਹਰ ਪੰਨੇ ਉੱਤੇ ਧੂੜਿਆ ਹੋਇਆ ਹੈ।

ਨਾਵਲ ਦਾ ਵਧੇਰੇ ਅਹਿਮ ਅਤੇ ਦਿਲਚਸਪ ਪੱਖ ਕਮਿਊਨਿਸਟ ਲਹਿਰ ਦਾ ਬਣ-ਵਿਗੜ ਰਿਹਾ ਅਕਸ ਹੈ। ਨਾਵਲ ਵਿਚ ਚਰਚਾ ਤਾਂ ਭਾਵੇਂ 2004 ਵਾਲੀਆਂ ਲੋਕ ਸਭਾ ਚੋਣਾਂ ਵੇਲੇ ਦੇ ਦਸ ਹਫ਼ਤਿਆਂ ਦੀ ਭਰਵੀਂ ਸਰਗਰਮੀ ਦੀ ਹੀ ਹੈ ਪਰ ਇਹਨਾਂ ਚੋਣਾਂ ਦੇ ਪਿਛੋਕੜ ਵਿਚ ਜਾਂ ਕਹਿ ਲਵੋ ਕਿ ਇਸ ਚਰਚਾ ਦੇ ਬਹਾਨੇ ਕਮਿਊਨਿਸਟ ਲਹਿਰ ਅਤੇ ਇਸ ਦੇ ਇਤਿਹਾਸਕ ਪੱਖ ਨੂੰ ਨਾਵਲਕਾਰ ਨੇ ਚੋਣਵੇਂ ਰੂਪ ਵਿਚ ਪੇਸ਼ ਕੀਤਾ ਹੈ। ਮੁੱਖ ਪਾਤਰ ਜਿਸ ਪਾਰਟੀ ਦਾ ਕਾਰਿੰਦਾ ਹੈ, ਉਸ ਦੀ ਵਿਸ਼ੇਸ਼ ਵਿਚਾਰਧਾਰਾ ਅਤੇ ਸਿਆਸਤ ਹੈ। ਇਹ ਵਿਸ਼ੇਸ਼ ਵਿਚਾਰਧਾਰਾ ਅਤੇ ਸਿਆਸਤ ਵੱਖ-ਵੱਖ ਇਲਾਕਿਆਂ, ਜਾਤਾਂ, ਧਰਮਾਂ, ਬੋਲੀਆਂ ਲਈ ਵਿਸ਼ੇਸ਼ ਹੋਣ ਦੀ ਤਵੱਕੋ ਹਰ ਕਮਿਊਨਿਸਟ ਦੀ ਹੈ ਪਰ ਮੁੱਖ ਪਾਤਰ ਇਸ ਨੂੰ ਲਚਕ ਅਤੇ ਹੁਣ ਦੇ ਹਾਲਾਤ ਨਾਲ ਜੋੜ ਕੇ ਦੇਖਦਾ ਹੈ। 'ਯਾਰ ਲੋਕ' ਵਾਲੇ ਅਧਿਆਇ ਵਿਚ ਇਸ ਸਿਆਸਤ ਦੇ ਹੱਕ ਵਿਚ ਚਰਚਾ 'ਜ਼ਮੀਨੀ ਹਾਲਾਤ' ਦੇ ਪ੍ਰਸੰਗ ਵਿਚ ਕੀਤੀ ਗਈ ਹੈ। ਇਸ ਅਧਿਆਇ ਵਿਚ ਪ੍ਰੋਫੈਸਰ ਜੌਹਰ, ਜੋ ਆਪ ਮਾਰਕਸਵਾਦੀ ਹੈ, ਨੂੰ ਜਾਪਦਾ ਹੈ ਕਿ ਦੋਹਾਂ ਕਮਿਊਨਿਸਟ ਪਾਰਟੀਆਂ (ਸੀ.ਪੀ.ਐੱਮ ਤੇ ਸੀ.ਪੀ.ਆਈ.) ਦੇ ਆਗੂ ਸਿਧਾਂਤ ਪੱਖੋਂ ਕੋਰੇ ਹਨ। ਜਿਸ ਇਨਕਲਾਬ ਦਾ ਉਹ ਦਮ ਭਰਦੇ ਸਨ, ਉਹਨੂੰ ਲਿਆਉਣਾ ਨਹੀਂ ਸਨ ਚਾਹੁੰਦੇ। ਨਾਵਲ ਦੇ ਵਰਕੇ-ਵਰਕੇ ਉੱਤੇ ਇਸ ਸੋਚ ਦੀਆਂ ਕੂਕਾਂ ਵੱਜਦੀਆਂ ਹਨ। ਜਿਸ ਪਾਰਟੀ ਨੇ ਇਨਕਲਾਬ ਦੀ ਝੰਡਾ-ਬਰਦਾਰ ਬਣਨਾ ਸੀ ਜਾਂ ਅਗਾਂਹ ਲਈ ਨੀਂਹ ਦਾ ਕੰਮ ਕਰਨਾ ਸੀ, ਉਹ ਮੁੱਖ ਧਾਰਾ ਦੀਆਂ ਪਾਰਟੀਆਂ ਵਿਚੋਂ ਕਦੀ ਇਕ ਨੂੰ ਅਤੇ ਕਦੇ ਦੂਜੀ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਮੋਰਚੇ ਲਾਉਂਦੀ ਰਹੀ। ਮੁੱਖ ਪਾਤਰ ਦੇ ਹੋਣ ਵਾਲੇ

ਜਾਨਸ਼ੀਨ ਪੀ. ਆਰ. ਦਾ ਇਹ ਦਰਦ ਇਹਨਾਂ ਸਤਰਾਂ ਵਿਚੋਂ ਸਿੰਮਦਾ ਨਜ਼ਰ ਆਉਂਦਾ ਹੈ ਜਦੋਂ ਉਹ ਕਹਿੰਦਾ ਹੈ : 'ਸ਼ਾਹ ਤਾਂ ਅਸੀਂ ਸਿਰਫ਼ ਬੰਗਾਲ ਅਤੇ ਕੇਰਲ ਵਿਚ ਹਾਂ। ਹੋਰ ਥਾਂ ਪਾਰਟੀ ਉਸਾਰੀ ਹੀ ਨਹੀਂ ਗਈ। ਅਸੀਂ ਮੋਰਚੇ ਹੀ ਬਣਾਉਂਦੇ ਰਹੇ...।' ਇਸੇ ਪ੍ਰਸੰਗ ਵਿਚ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਵੀ ਅਜਾਈਂ ਗਈਆਂ ਪ੍ਰਤੀਤ ਹੋਣ ਲਗਦੀਆਂ ਹਨ। ਆਂਧਰਾ ਪ੍ਰਦੇਸ਼ ਦੇ ਲੀਡਰ ਮੁੱਖ ਪਾਤਰ ਨੂੰ ਕਹਿੰਦੇ ਹਨ : 'ਜਿਸ ਤਰ੍ਹਾਂ ਤੁਹਾਡੇ ਕੋਲ ਬਾਬੇ ਨੇ, ਜੇ ਇਥੇ ਸਾਡੇ ਕੋਲ ਹੁੰਦੇ ਤਾਂ ਅਸੀਂ ਹੇਠਲੀ ਉੱਪਰ ਕਰ ਦਿੰਦੇ। ਆਪਣੇ ਬਾਬਿਆਂ ਨੂੰ ਆਪਣਾ ਝੰਡਾ ਬਣਾ ਕੇ ਚੱਲੋ।' ਤਾਂ ਵੀ ਮੁੱਖ ਪਾਤਰ ਦੀ ਬਿਰਤੀ/ਸਮਾਧੀ ਨਹੀਂ ਟੁੱਟਦੀ। ਉਹਦੀ ਮੌਜੂਦਾ ਸਿਆਸਤ ਗ਼ਦਰੀ ਬਾਬਿਆਂ ਦੀ ਵਿਰਾਸਤ ਨਾਲ ਘੱਟ ਅਤੇ ਔਝਲਾ ਸਾਹਿਬ ਦੀ ਸਿਆਸਤ ਨਾਲ ਵੱਧ ਰਾਬਤਾ ਰੱਖਦੀ ਹੈ। ਮੁੱਖ ਪਾਤਰ ਅਤੇ ਔਝਲਾ ਸਾਹਿਬ ਦੀ ਵਿਚਾਰਧਾਰਾ ਭਾਵੇਂ ਵੱਖ ਸੀ, ਪਰ ਸਿਆਸਤ ਇਕ ਸੀ। ਵਿਰੋਧੀ ਨੂੰ ਰਾਹ ਤੋਂ ਹਟਾਉਣ ਲਈ ਉਹ ਤਰਕੀਬਾਂ ਬਣਾਉਂਦੇ ਰਹਿੰਦੇ ਹਨ, ਗੰਢ-ਤੁੱਪ ਕਰਦੇ ਹਨ। ਜ਼ਾਹਿਰ ਹੈ ਕਿ ਇਸ ਸਿਆਸਤ ਵਿਚੋਂ ਵਿਚਾਰਧਾਰਾ ਬਹੁਤ ਅਛੋਪਲੇ ਜਿਹੇ ਗ਼ਾਇਬ ਹੋ ਜਾਂਦੀ ਹੈ। ਲੇਖਕ ਨੇ ਇਸ ਸਿਆਸਤ ਦੀ ਚਰਚਾ ਹੋਰ ਪਾਤਰਾਂ ਦਾ ਝੁਰਮਟ ਬਣਾ ਕੇ ਕੀਤੀ ਹੈ। ਇਸ ਝੁਰਮਟ ਵਿਚ ਕੋਈ ਵਿਰਲਾ-ਟਾਵਾਂ ਹੀ ਰੜਕਦਾ ਹੈ, ਨਹੀਂ ਤਾਂ ਸਾਰੇ ਮੁੱਖ ਪਾਤਰ ਦੀਆਂ ਗੋਟੀਆਂ ਹੀ ਜਾਪਦੇ ਹਨ। ਇਹੀ ਕਾਰਨ ਹੈ ਕਿ ਪਾਰਟੀ ਲਈ ਜੀਅ-ਜਾਨ ਲਾਉਣ ਵਾਲਾ ਡੀ. ਸੀ. ਗ਼ੈਰ-ਸਰਗਰਮ ਹੋ ਜਾਂਦਾ ਹੈ ਭਾਵ ਪਾਰਟੀ ਦਾ ਅਸਲ ਤੱਤ ਹਾਰ ਜਾਂਦਾ ਹੈ। ਹਾਰਦਾ ਵੀ ਮੁੱਖ ਪਾਤਰ ਦੀ ਠਿੱਬੀ ਨਾਲ ਹੈ। ਲੇਖਕ ਨੇ ਇਸ ਪ੍ਰਸੰਗ ਦੀ ਚਰਚਾ ਇਉਂ ਕੀਤੀ ਹੈ : 'ਡੀ. ਸੀ. ਦਿਮਾਗ਼ੀ ਬੰਦਾ ਸੀ। ਉਹ ਕਿਰਤੀ ਦੀ ਕਦਰ ਤਾਂ ਕਰਦਾ ਸੀ ਪਰ ਉਹਦਾ ਗ਼ੁਲਾਮ ਨਹੀਂ ਸੀ। ਉਹਦੀਆਂ ਨਜ਼ਰਾਂ ਵਿਚ ਮੁੱਖ ਚੀਜ਼ ਵਿਅਕਤੀ ਨਹੀਂ, ਵਿਚਾਰਧਾਰਾ ਸੀ। ਦੂਜੇ ਪਾਸੇ ਕਿਰਤੀ ਵਿਅਕਤੀ ਨੂੰ ਵਿਚਾਰਧਾਰਾ ਤੋਂ ਪਿੱਛੇ ਨਹੀਂ ਸੀ ਰੱਖਦਾ।' ਇਹੀ ਕਾਰਨ ਹੈ ਕਿ 'ਯਾਰ ਲੋਕ' ਵਾਲੀ ਵਿਚਾਰ-ਚਰਚਾ ਵਿਚ ਗੱਲ ਵਿਚਾਰਧਾਰਾ ਤਕ ਪੁੱਜਦੀ ਨਹੀਂ ਬਲਕਿ ਮੁੱਖ ਪਾਤਰ ਪੁੱਜਣ ਨਹੀਂ ਦਿੰਦਾ। ਲੇਖਕ ਦੇ ਲਿਖਣ ਮੁਤਾਬਕ ਉਹ ਪਰਾਂ ਉੱਤੇਪਾਣੀ ਨਹੀਂ ਪੈਣ ਦਿੰਦਾ। ਵਾਲ ਦੀ ਖੱਲ ਉਧੜਨ ਲਗਦੀ ਹੈ ਤਾਂ ਉਹ ਇਹ ਕਹਿ ਕੇ ਗੱਲ ਹੀ ਮੁਕਾ ਦਿੰਦਾ ਹੈ: 'ਬੜਾ (ਕੰਮ) ਕਰ ਲਿਐ। ਪਾਰਟੀ ਕੋਲ ਮੇਰੇ ਤੋਂ ਛੋਟੇ ਲੀਡਰ ਕਾਫੀ ਨੇ ...ਆਪੇ ਸੰਭਾਲਣਗੇ ..ਮੇਰੀ ਪੀੜ੍ਹੀ ਜੋ ਕਰ ਸਕਦੀ ਸੀ, ਕਰ ਬੈਠੀ ਏ।' ਇਥੇ ਖੁਸ਼-ਹੈਸੀਅਤੀ ਟੈਕਸ ਖਿਲਾਫ਼ ਉੱਠੀ ਕਾਂਗ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਉਦੋਂ ਸਰਕਾਰ ਨਾਲ ਸਮਝੌਤਾ ਤਾਂ ਹੋ ਗਿਆ ਪਰ ਸਮਝੌਤੇ ਦਾ ਵਿਰੋਧ ਸ਼ੁਰੂ ਹੋ ਗਿਆ। ਗੱਲ ਵਧੇਰੇ ਹੀ ਅਗਾਂਹ ਵਧੀ ਤਾਂ 'ਕਿਰਤੀ ਨੇ ਪੈਂਤੜਾ ਬਦਲਿਆ ਤੇ ਕਹਿਣ ਲੱਗਾ, ਮੈਂ ਡੀ. ਸੀ. ਨੂੰ ਸਮਝੌਤੇ ਲਈ ਹਰੀ ਝੰਡੀ ਦਿੱਤੀ ਤਾਂ ਸੀ, ਪਰ ਉਹਨੂੰ ਇੰਨਾ ਥੱਲੇ ਨਹੀਂ ਸੀ ਲੱਗਣਾ ਚਾਹੀਦਾ। ਡੀ. ਸੀ. ਆਸੇ-ਪਾਸੇ ਕਹਿੰਦਾ ਰਿਹਾ ਕਿ ਕਿਰਤੀ ਮੁੱਕਰ ਗਿਆ ਹੈ, ਪਰ ਉਹਨੇ ਸਿੱਧਾ ਹੋ ਆਪਣਾ ਬਚਾਅ ਨਾ ਕੀਤਾ। ਵੈਸੇ ਵੀ ਉਹਦਾ ਦਿਲ ਪਾਰਟੀ ਤੋਂ ਖੱਟਾ ਹੋ ਚੁੱਕਾ ਸੀ। ਉਹ ਪਾਰਟੀ ਛੱਡ ਨਿਰੋਲ ਪੱਤਰਕਾਰੀ ਕਰਨ ਲੱਗ ਪਿਆ।'

ਇਹ ਦਰਅਸਲ ਮੁੱਖ ਪਾਤਰ ਕਿਰਤੀ ਦੀ ਪੈਂਠ ਵਾਲੀ ਸਿਆਸਤ ਦਾ ਦੂਜਾ ਪਾਸਾ ਹੈ। ਇਸ ਸਿਆਸਤ ਦੀ ਕੀਮਤ ਡੀ. ਸੀ. ਵਰਗਿਆਂ ਨੂੰ ਤਾਰਨੀ ਪੈਂਦੀ ਹੈ। ਇਸੇ ਲੜੀ ਵਿਚ ਸੂਬਾ ਸਕੱਤਰ ਰਹਿ ਚੁੱਕਾ ਖਰੈਤੀ ਲਾਲ ਵੀ ਆਉਂਦਾ ਹੈ। ਡੀ. ਸੀ. ਜਦੋਂ ਚੀਨ ਦੇ ਕਮਿਊਨਿਜ਼ਮ ਬਾਰੇ ਚਰਚਾ ਛੇੜਦਾ ਹੈ ਤਾਂ ਮੁੱਖ ਪਾਤਰ ਦਾ ਜਵਾਬ ਉਸ ਨੂੰ ਵਿਛਾਅ ਹੀ ਦਿੰਦਾ ਹੈ : 'ਚੱਲ ਯਾਰ, (ਚੀਨੀ) ਬੁਸ਼ ਤੇ ਉਹਦੇ ਹਵਾਰੀਆਂ ਨਾਲੋਂ ਤਾਂ ਚੰਗੇ ਨੇ।' ਅਜਿਹੀ ਸਿਆਸਤ ਦੀ ਕੀਮਤ ਪਾਰਟੀ ਦਾ ਇਕ ਹੋਰ ਵਰਕਰ ਖ਼ੁਦਕੁਸ਼ੀ ਕਰਕੇ ਚੁਕਾਉਂਦਾ ਹੈ। ਨਾਵਲਕਾਰ ਨੇ ਕਮਿਊਨਿਸਟ ਲਹਿਰ ਦੀਆਂ ਇਹ ਤੰਦਾਂ ਇੰਨੇ ਮਹੀਨ ਰੂਪ ਵਿਚ ਆਪਸ 'ਚ ਜੋੜੀਆਂ ਹਨ ਕਿ ਪੁਰਾਣੀ ਤੇ ਮੌਜੂਦਾ ਸਿਆਸਤ ਦੀ ਹਰ ਚਾਲ ਇਸ ਵਿਚੋਂ ਸਾਫ਼ ਉਘੜਦੀ ਹੈ। ਫਲੈਸ਼-ਬੈਕ ਦੀ ਤਕਨੀਕ ਰਾਹੀਂ ਇਹ ਚਰਚਾ ਆਪਸ ਵਿਚ ਇੰਨੀ

ਗੁੰਦੀ ਤੇ ਗੁੰਨ੍ਹੀ ਹੋਈ ਹੈ ਕਿ ਪਾਠਕ ਨੂੰ ਪਤਾ ਹੀ ਨਹੀਂ ਲਗਦਾ ਕਿ ਇਤਿਹਾਸ ਦੀ ਗੱਲ ਕਦੋਂ ਸ਼ੁਰੂ ਹੋਈ ਅਤੇ ਮੌਜੂਦਾ ਹਾਲਾਤ ਦੀ ਗੱਲ ਕਦੋਂ ਮੁੱਕ ਗਈ ਹੈ।

ਨਾਵਲ ਵਿਚ ਕਿਰਤੀ ਦਾ ਸਾਰਾ ਜ਼ੋਰ ਭਗਵਾ ਪਾਰਟੀ ਨੂੰ ਹਰਾਉਣ 'ਤੇ ਲੱਗਾ ਹੋਇਆ ਹੈ। ਇਸ ਪਾਰਟੀ ਨੂੰ ਹਰਾਉਣ ਖ਼ਾਤਰ ਉਹ ਆਖ਼ਰਕਾਰ ਰਾਸ਼ਟਰ ਪਾਰਟੀ ਨਾਲ ਖੜ੍ਹਾ ਦਿਸਣ ਲਗਦਾ ਹੈ। ਉਹਦੇ ਲਈ ਰਾਸ਼ਟਰ ਪਾਰਟੀ ਧਰਮ ਨਿਰਪੱਖ ਪਾਰਟੀ ਹੈ। ਇਸ ਨਾਵਲ ਵਿਚ ਕਿਤੇ ਸਿੱਖਾਂ ਦੇ ਕਤਲੇ ਆਮ ਦਾ ਜ਼ਿਕਰ ਨਹੀਂ ਆਇਆ। ਨਹੀਂ ਤਾਂ ਰਾਸ਼ਟਰ ਪਾਰਟੀ ਦੀ ਧਰਮਨਿਰਪੱਖਤਾ ਦੇ ਤੂੰਬੇ ਉੱਡ ਜਾਣੇ ਸਨ। ਕਿਰਤੀ ਦੀ ਸਿਆਸਤ ਦੇ ਸਮਰਥਾਂ ਅਨੁਸਾਰ ਉਦੋਂ 2004 ਵਿਚ ਹੋਰ ਚਾਰਾ ਵੀ ਕੋਈ ਨਹੀਂ ਸੀ। ਫ਼ਿਰਕੂ ਪਾਰਟੀ (ਭਗਵਾ) ਨੂੰ ਡੱਕਣਾ ਜ਼ਰੂਰੀ ਸੀ। ਪਰ ਹਕੀਕਤ ਇਹ ਹੈ ਕਿ ਪੰਜ ਸਾਲ ਬਾਅਦ ਹਾਲਾਤ ਫਿਰ ਉਹੀ ਹਨ। ਪੰਜ ਸਾਲਾਂ ਦੌਰਾਨ ਧਰਮ ਨਿਰਪੱਖ ਪਾਰਟੀ ਨੇ ਕਮਿਊਨਿਸਟਾਂ ਨੂੰ ਨਾਲ ਲੈ ਕੇ ਚੱਲਣ ਦਾ ਦਿਖਾਵਾ ਨਹੀਂ ਕੀਤਾ। ਅਸਲ ਵਿਚ ਮਸਲਾ ਤਾਂ ਕਮਿਊਨਿਸਟਾਂ ਦੀ ਆਜ਼ਾਦਾਨਾ ਸਿਆਸੀ ਪੈਂਠ ਦਾ ਹੈ ਜੋ ਫਿਲਹਾਲ ਗ਼ਾਇਬ ਹੈ। ਨਾਵਲ ਵਿਚ ਦੋ-ਚਾਰ ਥਾਈਂ ਕਮਿਊਨਿਸਟ ਪਾਰਟੀ ਦੀ ਏਕਤਾ ਦੀ ਗੱਲ ਛਿੜਦੀ ਹੈ। 'ਯਾਰ ਲੋਕ' ਵਾਲੇ ਅਧਿਆਇ ਵਿਚ ਇਹ ਰਤਾ ਕੁ ਬੰਨ੍ਹਵੇਂ ਰੂਪ ਵਿਚ ਚੱਲੀ ਸੀ। ਇਸ ਦਾ ਇਕੋ-ਇਕ ਕਾਰਨ ਦੇਸ਼ ਦੇ ਤਾਣੇ-ਬਾਣੇ ਦੀ ਨਿੱਘਰ ਚੁੱਕੀ ਹਾਲਤ ਹੈ। ਇਸ ਹਾਲਤ ਵਿਚੋਂ ਜੋੜ-ਤੋੜ ਵਾਲੀ ਸਿਆਸਤ ਨਹੀਂ ਕੱਢ ਸਕਦੀ।

ਇਸ ਨਾਵਲ ਦੀ ਇਕ ਹੋਰ ਖ਼ੂਬਸੂਰਤੀ ਸਿਆਸੀ ਨੇਤਾਵਾਂ ਦੇ ਵਰਤੋਂ-ਵਿਹਾਰ ਅਤੇ ਰਿਸ਼ਤੇ ਨਿਭਾਉਣ-ਪੁਗਾਉਣ ਦੀ ਪੇਸ਼ਕਾਰੀ ਦੀ ਹੈ। ਸਿਆਸੀ ਨੇਤਾਵਾਂ ਦੀ ਨਿੱਜੀ ਜ਼ਿੰਦਗੀ ਦੇ ਪਲਾਂ ਨੂੰ ਨਾਵਲਕਾਰ ਨੇ ਬਾਖ਼ੂਬੀ ਫੜਿਆ ਹੈ, ਖਾਸ ਕਰਕੇ ਮੁੱਖ ਪਾਤਰ ਕਿਰਤੀ ਦੇ ਇਸ ਪੱਖ ਨੂੰ ਵਿਸ਼ੇਸ਼ ਰੂਪ ਵਿਚ ਚਿਤਰਿਆ ਗਿਆ ਹੈ। ਉਹਦੀ ਪਤਨੀ, ਪੁੱਤਰ ਅਤੇ ਪੋਤਰੇ ਬਾਰੇ ਬਿਰਤਾਂਤ ਵਿਚੋਂ ਕਿਰਤੀ ਦੀ ਜ਼ਿੰਦਗੀ ਦੇ ਹੋਰ ਅਹਿਮ ਪੱਖਾਂ ਦੀ ਸੂਹ ਮਿਲਦੀ ਹੈ। ਕਿਰਤੀ ਦੇ ਪੋਤਰੇ ਦੇ ਵਿਆਹ ਵਾਲਾ ਪ੍ਰਸੰਗ ਭਾਵੇਂ ਕਿਰਤੀ ਦੇ ਪੱਖ ਵਿਚ ਪੇਸ਼ ਹੋਇਆ ਹੈ ਪਰ ਇਸ ਵਿਚਲੀ ਚਰਚਾ ਉਸ ਦੀ ਸਿਆਸਤ ਦੀ ਚੁਗਲੀ ਨਾਲੋ-ਨਾਲ ਕਰੀ ਜਾਂਦੀ ਹੈ। ਹੋਣ ਵਾਲੀ ਪੋਤ-ਨੂੰਹ ਦੀ ਇਹ ਮੰਗ ਕਿ ਵਿਆਹ ਉੱਤੇ ਪ੍ਰਧਾਨ ਮੰਤਰੀ ਆਵੇ, ਕਿਰਤੀ ਦੀ ਪੈਂਠ ਦੀ ਬੁਝਾਰਤ ਪਾਉਂਦੀ-ਪਾਉਂਦੀ ਕਿਤੇ ਦੀ ਕਿਤੇ ਨਿਕਲ ਜਾਂਦੀ ਹੈ। ਕਿਰਤੀ ਦੀ ਸਾਰੀ ਸਿਆਸੀ ਪੈਂਠ ਕਮਿਊਨਿਸਟ ਪਾਰਟੀ ਦਾ ਆਗੂ ਹੋਣ ਕਰਕੇ ਹੈ ਪਰ ਇਹਨਾਂ ਰਿਸ਼ਤੇ ਦਾਰਾਂ ਦੀਆਂ (ਬੁਰਜੂਆ) ਸ਼ਰਤਾਂ ਉਹ ਇਹ ਕਹਿ ਕੇ ਪੂਰੀਆਂ ਕਰੀ ਜਾਂਦਾ ਹੈ ਕਿ ਇਹ ਲੋਕ ਕਿਹੜਾ ਕਮਿਊਨਿਸਟ ਹਨ।

ਦਰਸ਼ਨ ਸਿੰਘ ਦੀਆਂ ਲਿਖਤਾਂ ਵਿਚ ਆਈ ਠੁੱਕਦਾਰ ਭਾਸ਼ਾ ਦੀ ਕੋਈ ਰੀਸ ਨਹੀਂ। ਇੰਨੀਆਂ ਸੁਆਦਲੀਆਂ ਲਿਖਤਾਂ ਵਾਲੇ ਬੰਦੇ ਨੂੰ ਸਲਾਮਾਂ ਪਰ 'ਭਾਊ' ਵਿਚ ਦਿਸਦੀਆਂ ਭਾਸ਼ਾਈ ਕਾਂਗਿਆਰੀਆਂ ਤੇ ਕੋਕੜੂਆਂ ਨੇ ਐਤਕੀਂ ਰਤਾ ਕੁ ਤੰਗ ਕੀਤਾ। ਪੁਆਂਦਾ, ਵਰਤਾਂਦਾ, ਵਜਾਂਦਾ ਤੇ ਕਰਾਂਦੇ ਦੀ ਥਾਂ ਪੁਆਉਂਦਾ, ਵਰਤਾਉਂਦਾ, ਵਜਾਉਂਦਾ ਤੇ ਕਰਾਉਂਦੇ ਲਿਖਿਆ ਜਾ ਸਕਦਾ ਸੀ। ਪੁਣ-ਛਾਣ ਦੀ ਥਾਂ ਪੁਨ-ਛਾਣ, ਜਾਣ-ਪਛਾਣ ਦੀ ਥਾਂ ਜਾਨ-ਪਛਾਣ, ਹਰਿਆਣਾ ਦੀ ਥਾਂ ਹਰਿਆਨਾ ਬੇਸੁਆਦੀ ਜਿਹੀ ਕਰ ਗਏ। ਉਂਝ ਮੈਟਲ ਡਿਟੈਕਟਰ ਦੀ ਥਾਂ ਵਰਤਿਆ ਸ਼ਬਦ 'ਰੇਡੀਆਈ ਚੁਗਾਠਾਂ' ਅਤੇ ਆਰਾਮ ਕੁਰਸੀ ਦੀ ਥਾਂ ਸੁੱਖ-ਦੇਣੀ ਕੁਰਸੀ ਰੰਗ ਬੰਨ੍ਹ ਦਿੰਦੇ ਹਨ। ਆਸ ਨਹੀਂ, ਯਕੀਨ ਹੈ ਕਿ ਅਗਲੀਆਂ ਰਚਨਾਵਾਂ ਉਹ ਭਾਸ਼ਾ ਤੇ ਬੋਲੀ ਦਾ ਪਿੜ ਇੰਝ ਹੀ ਬੰਨ੍ਹੇਗਾ।

'ਭਾਊ' ਦੀ ਸਾਹਿਤ-ਜਗਤ ਵਿਚ ਹੋਈ ਅਤੇ ਹੋ ਰਹੀ ਭਰਪੂਰ ਚਰਚਾ ਨੇ ਇਹ ਗੱਲ ਤਾਂ ਸਾਬਤ ਕਰ ਦਿੱਤੀ ਹੈ ਕਿ ਸਿਆਸੀ ਪੰਡਤਾਂ ਅਤੇ ਆਮ ਲੋਕਾਂ ਦੀਆਂ ਨਜ਼ਰਾਂ ਅਜੇ ਵੀ ਕਮਿਊਨਿਸਟਾਂ ਵੱਲ ਹਨ। ਇਸ ਨਾਵਲ ਵਿਚ ਕਮਿਊਨਿਸਟਾਂ ਅਤੇ ਕਮਿਊਨਿਸਟ ਪਾਰਟੀਆਂ ਬਾਰੇ ਜਿਹੜੀਆਂ ਟਿੱਪਣੀਆਂ

ਹੋਈਆਂ ਹਨ, ਉਹ ਬਹਿਸ ਦਾ ਜ਼ਰੀਆ ਬਣ ਸਕਦੀਆਂ ਹਨ। ਜੇਕਰ ਇਸ ਨਾਵਲ ਦੇ ਬਹਾਨੇ ਹੀ ਕਮਿਊਨਿਸਟ ਲਹਿਰ ਦੀਆਂ ਖ਼ਾਮੀਆਂ ਪੂਰਨ ਦੀ ਗੱਲ ਤੁਰ ਪਵੇ ਤਾਂ ਇਹ ਇਸ ਨਾਵਲ ਦੀ ਵੱਡੀ ਪ੍ਰਾਪਤੀ ਹੋਵੇਗੀ। ਨਾਵਲ ਦੀ ਕਥਾ, ਕਥਾ ਰਸ, ਗੋਂਦ ਅਤੇ ਪਾਤਰ ਚਿਤਰਨ ਦੱਸਦਾ ਹੈ ਕਿ ਇਹ ਨਾਵਲ ਖੜ੍ਹੇ ਪਾਣੀਆਂ ਵਿਚ ਢੀਮ ਜ਼ਰੂਰ ਮਾਰੇਗਾ। [ਜਸਬੀਰ]

ਤਾ ਮੈ ਕਹਿਆ ਕਹਿਣੁ {ਕਰਤਾਰ ਸਿੰਘ ਦੁੱਗਲ}

ਕਹਾਣੀ ਸਮੇਤ ਕਈ ਵਿਧਾਵਾਂ ਵਿਚ ਪੂਰੇ ਜ਼ੋਰ ਸ਼ੋਰ ਨਾਲ ਕਲਮ ਚਲਾਉਣ ਤੋਂ ਪਿੱਛੋਂ ਆਪਣੇ ਸਿਰਜਣਾਤਮਕ ਜੀਵਨ ਦੀ ਸ਼ਾਮ ਵਿਚ ਕਰਤਾਰ ਸਿੰਘ ਦੁੱਗਲ ਨੇ ਕਵਿਤਾ ਦੀ ਸ਼ਰਨ ਵਿਚ ਪਨਾਹ ਲੈ ਲਈ ਜਾਪਦੀ ਹੈ। ਇਹ ਗੱਲ ਤਾਂ ਨਹੀਂ ਕਿ ਉਸਨੇ ਪਹਿਲਾਂ ਕਵਿਤਾ ਦੀ ਰਚਨਾ ਨਾ ਕੀਤੀ ਹੋਵੇ; ਆਧੁਨਿਕ ਦਿੱਖ ਵਾਲੀ ਉਸਦੀ ਕਵਿਤਾ ਦੇ ਦੋ ਸੰਗ੍ਰਹਿ ਬਹੁਤ ਪਹਿਲਾਂ ਦੇ ਪ੍ਰਕਾਸ਼ਤ ਹੋਏ ਮਿਲਦੇ ਹਨ। ਪਰ ਪਿਛਲੇ ਕੁਝ ਸਾਲਾਂ ਤੋਂ ਉਸਨੇ ਆਪਣੇ ਆਪ ਨੂੰ ਕਵਿਤਾ ਲਈ ਸਮਰਪਤ ਕਰਦਿਆਂ ਹੋਇਆਂ ਅੱਧੀ ਦਰਜਨ ਤੋਂ ਵੱਧ ਕਾਵਿ ਸੰਗ੍ਰਹਿ ਪ੍ਰਕਾਸ਼ਤ ਕਰਵਾਏ ਹਨ ਜਿੰਨ੍ਹਾਂ ਦਾ ਮੁਹਾਵਰਾ ਤੇ ਮੁਹਾਂਦਰਾ ਪ੍ਰਾਪਤ ਪੰਜਾਬੀ ਕਾਵਿ ਨਾਲੋਂ ਅਸਲੋਂ ਵੱਖਰਾ ਹੈ। ਇਹ ਵਖਰੇਵਾਂ ਦੁੱਗਲ ਨੇ ਸੁਚੇਤ ਤੌਰ 'ਤੇ ਲਿਆਂਦਾ ਹੈ, ਹੱਥਲੀ ਪੁਸਤਕ (ਤਾ ਮੈਂ ਕਹਿਆ ਕਹਿਣੁ, ਵੱਡਾ ਸਾਈਜ਼, ਪੰਨੇ 64, ਮੁੱਲ 175 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ,ਨਵੀਂ ਦਿੱਲੀ) ਦੀ ਪ੍ਰਵੇਸ਼ਿਕਾ ਵਿਚ ਜਿਸਦਾ ਸਪਸ਼ਟ ਉਲੇਖ ਕੀਤਾ ਗਿਆ ਹੈ।

ਦੁੱਗਲ ਦਾ ਕਹਿਣਾ ਹੈ ਕਿ ਗੁਰਬਾਣੀ ਦਾ ਅਧਿਆਤਮਕ ਮਹੱਤਵ ਆਪਣੀ ਥਾਂ, ਉਸ ਵਿਚ ਜੋ ਕਾਵਿ ਸਿਰਜਣਾ ਪ੍ਰਾਪਤ ਹੁੰਦੀ ਹੈ ਉਹ ਪੰਜਾਬੀ ਸਾਹਿਤ-ਪਰੰਪਰਾ ਦਾ ਇਕ ਵੱਡਾ ਸਰਮਾਇਆ ਹੈ,ਜਿਸਨੂੰ ਅਣਗੌਲਿਆਂ ਕਰਨਾ ਸਾਹਿਤਕ ਗ਼ਰੀਬੀ ਸਹੇੜਨ ਤੁਲ ਹੈ। ਉਸ ਨੂੰ ਇਸ ਗੱਲ ਦਾ ਖੇਦ ਹੈ ਕਿ ਇਸ ਅਮੀਰ ਪਰੰਪਰਾ ਵੱਲ ਸਾਡੇ ਕਵੀਆਂ ਨੇ ਮੂੰਹ ਨਹੀਂ ਕੀਤਾ,ਸਿਵਾਏ ਭਾਈ ਵੀਰ ਸਿੰਘ ਦੇ। ਜਦਕਿ ਵੀਹਵੀਂ ਸਦੀ ਦੇ ਵੱਡੀ ਸਮਰੱਥਾ ਵਾਲੇ ਕਵੀ ਮੋਹਨ ਸਿੰਘ,ਅੰਮ੍ਰਿਤਾ ਪ੍ਰੀਤਮ,ਹਰਿਭਜਨ ਸਿੰਘ,ਸ਼ਿਵ ਕੁਮਾਰ ਆਦਿ ਉਸ ਨਾਲੋਂ ਵੱਖਰੇ ਰਾਹ ਦੇ ਪਾਂਧੀ ਬਣੇ ਰਹੇ। ਏਥੋਂ ਤਕ ਕਿ ਭਾਈ ਵੀਰ ਸਿੰਘ ਦਾ ਨਿਕਟਵਰਤੀ ਪੂਰਨ ਸਿੰਘ ਵੀ ਉਸਦੀ ਪਰੰਪਰਾ ਵਿਚ ਸ਼ਾਮਲ ਨਹੀਂ ਸੀ। ਕਰਤਾਰ ਸਿੰਘ ਦੁੱਗਲ ਗੁਰਮਤਿ ਕਾਵਿ ਨੂੰ ਆਪਣਾ ਆਦਰਸ਼ ਮਿਥਕੇ ਭਾਈ ਵੀਰ ਸਿੰਘ ਵਾਂਗ ਇਸ ਦੀ ਸੇਧ ਵਿਚ ਕਵਿਤਾ ਰਚਣ ਲਈ ਯਤਨਸ਼ੀਲ ਹੈ। ਉਸਨੂੰ ਕੁਝ ਪਸਚਾਤਾਪ ਜਿਹੇ ਦਾ ਅਹਿਸਾਸ ਹੈ ਕਿ ਖੁਦ ਉਸਨੇ ਲੰਮੇ ਸਮੇਂ ਤਕ ਇਸ ਪਰੰਪਰਾ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ। ਹੁਣ ਉਹ ਖੁਦ ਆਪਣੇ ਆਪ ਨੂੰ ਪਹਿਲਾਂ ਨਾਲੋਂ ਵਖਰਿਆਉਣ ਦੇ ਯਤਨ ਵਿਚ ਹੈ।

ਅਧਿਅਤਮਕ ਰੰਗ ਵਾਲੀ ਕਾਵਿ-ਸਿਰਜਣਾ ਵੱਲ ਮੁੜਨ ਦੀ ਦੁੱਗਲ ਦੀ ਇਸ ਕੋਸ਼ਸ਼ ਦਾ ਸੰਬੰਧ ਨਿਸਚੇ ਹੀ ਉਮਰ ਦੇ ਉਸ ਢਲਦੇ ਪੜਾਅ ਨਾਲ ਹੈ ਜਿਸ ਵਿਚੋਂ ਉਹ ਗੁਜ਼ਰ ਰਿਹਾ ਹੈ। ਜ਼ਿੰਦਗੀ ਦੀ ਆਥਣ ਵਿਚ ਮਨੁੱਖ ਦਾ ਕੀ ਅਨੁਭਵ ਹੁੰਦਾ ਹੈ ਅਤੇ ਉਹ ਕਿਸ ਤਰ੍ਹਾਂ ਦੀ ਮਨੋ-ਸਥਿਤੀ ਵਿਚੋਂ ਗੁਜ਼ਰਦਾ ਹੈ,ਇਸਨੂੰ ਕਾਵਿ-ਪ੍ਰਗਟਾਅ ਦੇਣ ਦੇ ਪੱਖ ਤੋਂ ਦੁੱਗਲ ਦੀ ਦੇਣ ਮਹੱਤਵਪੂਰਨ ਤਾਂ ਹੈ। ਪਰ ਦੁੱਗਲ ਦੇ ਇਸ ਕਾਵਿ-ਪ੍ਰਗਟਾਅ ਦੀ ਸੁਰ ਉਹੀ ਪੁਰਾਣੀ ਹੈ ਜਿਸ ਅਨੁਸਾਰ 'ਪਿੱਛਾ ਦੂਰ ਰਹਿ ਜਾਣ ਤੇ ਅੱਗਾ ਨੇੜੇ ਆਉਣ' ਦੀ ਅਵਸਥਾ ਵਿਚ ਪਹੁੰਚਿਆ ਸੰਸਾਰੀ ਮਨੁੱਖ ਬੀਤੇ ਉਤੇ ਝੂਰਦਾ ਹੋਇਆ ਰੱਬ ਦੇ ਦੁਆਰ ਵੱਲ ਝਾਕਣ ਲਗਦਾ ਹੈ। ਇੰਝ ਇਹ ਕਵਿਤਾ ਇਕ ਸੂਖਮਭਾਵੀ ਜੀਵਨ ਦੀ ਸੰਝ ਨੂੰ ਬਹੁਤ ਕਲਾਮਈ ਪ੍ਰਗਟਾਅ ਦੇਣ ਦੇ ਬਾਵਜੂਦ ਕੋਈ ਨਵਾਂ ਕਾਵਿ ਮੁਹਾਣ ਬਣਾ ਸਕੇ, ਇਸ ਬਾਰੇ ਸੰਦੇਹ ਹੈ। ਖਾਸ ਤੌਰ 'ਤੇ ਇਸ ਕਾਰਨ ਕਿ ਕਵਿਤਾ ਦਾ ਸਰੋਕਾਰ ਸਿਰਫ ਜ਼ਿੰਦਗੀ ਦੀ ਆਥਣ ਤਕ ਮਹਿਦੂਦ ਨਹੀਂ।

ਹੱਥਲੀ ਪੁਸਤਕ ਵਿਚ 52 ਕਵਿਤਾਵਾਂ ਸ਼ਾਮਲ ਹਨ ਜਿੰਨ੍ਹਾਂ ਵਿਚਲੇ ਵਿਚਾਰ-ਪ੍ਰਬੰਧ ਦਾ ਸਰੋਤ ਗੁਰਮਤਿ ਕਾਵਿ ਹੈ। ਲਗਪਗ ਹਰ ਕਵਿਤਾ ਵਿਚ ਗੁਰਬਾਣੀ ਦੀਆਂ ਤੁਕਾਂ ਹਨ ਜਿੰਨ੍ਹਾਂ ਦੇ ਆਸਰੇ ਕਵਿਤਾ ਦੀ ਉਸਾਰੀ ਕੀਤੀ ਗਈ ਹੈ। ਲੇਖਕ ਆਪਣੀ ਸਿੱਖੀ ਦੀ ਆਸਥਾ ਵਿਚ ਬੁਹਤ ਪਰਿਪੱਕ ਹੈ; ਇਸ ਲਈ ਗੁਰਬਾਣੀ ਦਾ ਆਸਰਾ ਮਿਲਣਾ ਉਸ ਲਈ ਇਕ ਤਰ੍ਹਾਂ ਦਾ ਸੁਭਾਗ ਹੈ। ਗੁਰਮਤਿ ਦੀ ਧਾਰਨਾ ਅਨੁਸਾਰ ਹੀ ਉਹ ਇਸ ਕਾਵਿ-ਸਿਰਜਣਾ ਨੂੰ ਆਪਣੇ ਖੁਦ ਦੀ ਪ੍ਰਾਪਤੀ ਨਹੀਂ ਸਮਝਦਾ। ਇਹ ਤਾਂ ਉਸਦੇ ਗੁਰੂ ਜਾਂ ਕਿਸੇ ਉਤਲੀ ਸ਼ਕਤੀ ਦੀ ਕਿਰਪਾ ਦ੍ਰਿਸ਼ਟੀ ਦਾ ਫਲ ਮਾਤਰ ਹੈ:

ਥੱਕਿਆ-ਟੁੱਟਾ, ਭੁੱਖਾ-ਭਾਣਾ ਤੇ ਤਰਿਹਾਇਆ
ਵੇਖਕੇ ਮੈਨੂੰ ਰਹਿਮ ਰਹੀਮ ਨੂੰ ਆਇਆ
ਹੱਥ ਮੇਰੇ ਵਿਚ ਕਲਮ ਤੇ ਕਾਗਜ਼ ਦਾ ਰੁੱਗ ਫੜਾਇਆ
ਵਿਹਲਾ ਮਾਹਣੂੰ ਵੇਖ ਸਤਗੁਰਾਂ ਨੇ ਕਾਰੇ ਲਾਇਆ
"ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ"

ਸੁਭਾਗ ਵਾਲੀ ਇਹ ਅਵਸਥਾ ਬਹੁਤ ਪਛੜਕੇ ਪ੍ਰਾਪਤ ਹੋਈ ਹੈ;ਪਹਿਲਾਂ ਇੰਝ ਨਹੀਂ ਸੀ। ਪਹਿਲਾਂ ਤਾਂ ਸਗੋਂ ਜਿਸ ਰਾਹ ਉੱਤੇ ਉਸਨੂੰ ਤੁਰਨ ਲਈ ਕਿਹਾ ਜਾਂਦਾ ਸੀ ਉਸਤੋਂ ਉਲਟੇ ਵਹਿਣ ਵਿਚ ਪੈ ਜਾਂਦਾ ਸੀ:

ਮੈਨੂੰ ਜੋ ਕੁਝ ਗਿਆ ਕਹਾਇਆ,ਮੈਂ ਨਹੀਂ ਕਹਿਆ ਕਹਿਣ
ਗਿਆ ਜਿਸ ਡਗਰ 'ਤੇ ਪਾਇਆ,ਮੈਂ ਉਲਟੇ ਫੜ ਲਏ ਵਹਿਣ
ਮੇਰਾ ਸਮਾਂ ਪੇਸ਼ੀ ਦਾ ਆਇਆ,ਮੈਨੂੰ ਲੱਗੇ ਆਵਾਜ਼ੇ ਪੈਣ...
ਮੇਰੇ ਥੱਕੇ ਥੱਕੇ ਪਾਂਵ,ਮੇਰੇ ਬੁਝੇ ਬੁਝੇ ਨੈਣ
"ਪ੍ਰਾਣੀ ਤੂੰ ਆਇਆ ਲਾਹਾ ਲੈਣ।
"ਲੱਗਾ ਕਿਤ ਕੁਫਕੜੇ,"ਸਭ ਮੁਕਦੀ ਚਲੀ ਰੈਣੁ।"

ਰੈਣ ਦੇ ਮੁੱਕਣ ਤੇ ਪੇਸ਼ੀ ਦਾ ਸਮਾਂ ਆਉਣ ਵਾਲੀ ਧਾਰਨਾ ਇਸ ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਰਮੀ ਹੋਈ ਹੈ। ਸ਼ੇਖ ਫਰੀਦ ਦੇ ਬੋਲਾਂ ਜਾਂ ਗੁਰਬਾਣੀ ਦੇ ਸ਼ਬਦਾਂ ਦੇ ਪਿਛੋਕੜ ਵਿਚੋਂ ਉਭਰਦੀ ਕਵੀ ਦੀ ਇਸ ਧਾਰਨਾ ਵਿਚ ਇਕ ਦਵੰਦ ਦੀ ਟੋਹ ਵੀ ਲਗਦੀ ਹੈ। ਰੱਬ ਦੀ ਰਜ਼ਾ ਨੂੰ ਪ੍ਰਵਾਨ ਕਰਨ ਤੇ ਸਮਰਪਣ ਦੀ ਭਾਵਨਾ ਵਿਚੋਂ ਝੋਰੇ ਅਤੇ ਰੁਦਨ ਦਾ ਅੰਸ਼ ਗ਼ੈਰਹਾਜ਼ਰ ਨਹੀਂ : ਜੇ ਇਕ ਬੰਨੇ *'ਸਭ ਸਿਆਣਪਾਂ ਭੁੱਲਕੇ ਇਕ ਡਗਰ ਤੁਹਾਡੀ ਅਪਨਾਏ ਜੀਓ'* ਅਤੇ *"ਹੁਣਿ ਤਉ ਸਰਣਾਗਤਿ ਆਏ"* ਦੀ ਭਾਵਨਾ ਪ੍ਰਗਟ ਹੁੰਦੀ ਹੈ ਤਾਂ ਜ਼ਿੰਦਗੀ ਦੇ ਸੁਪਨੇ ਵਾਂਗ ਬੀਤ ਜਾਣ ਦੀ ਝੋਰੇ ਦੀ ਸੁਰ ਵੀ ਸੁਣਾਈ ਦਿੰਦੀ ਹੈ:

ਮੁਕਦੀ ਜਾਂਦੀ ਰੈਣ,ਨਹੀਂ ਕਰਮ ਤੁਹਾਡਾ ਪਾਇਆ
ਮੈਂ ਸਾਂ ਜਿਵੇਂ ਤਰਿਹਾਇਆ,ਹੁਣ ਵੀ ਹਾਂ ਤਰਿਹਾਇਆ
...
ਜਿਸ ਬਖਸ਼ਿਆ ਨਹੀਂ 'ਸੰਜੋਗ',ਉਹਦਾ ਅਸੀਂ ਮੰਨ ਲਿਆ ਭਾਣਾ
"ਸੁਪਨੇ ਸਭਿ ਰਸੁ ਭੋਗ" ਅਸੀਂ ਤੁਰ ਹੈ ਜਾਣਾ
ਸੀਨੇ ਵਿਚ ਭਰੇ ਵਿਜੋਗ,ਅਸੀਂ ਹੈ ਇਹ ਕਾਂਡ ਮੁਕਾਣਾ
ਸਿੱਖਿਆ ਮਸਾਂ ਸੀ ਚੁਗਣਾ ਚੋਗ ਕਿ ਸਾਡਾ ਮੁੱਕ ਗਿਆ ਦਾਣਾ

ਜੀਵਨ ਦੀ ਤੰਦ ਦੇ ਮੁਕਣ ਨੂੰ ਨੀਂਦ ਤੇ ਸੌਣ ਦੇ ਪ੍ਰਤੀਕ ਰਾਹੀਂ ਪੇਸ਼ ਕਰਨ ਦੀ ਭਾਵਨਾ ਵਿਚ ਵੀ ਲੁਪਤ ਰੂਪ ਵਿਚ ਮੌਤ ਦੀ ਡਰਾਉਣੀ ਹਕੀਕਤ ਨੂੰ ਰਤਾ ਸੁਖਾਵੇਂ ਰੂਪ ਵਿਚ ਵੇਖਣ ਦਾ ਉਪਰਾਲਾ ਕੀਤਾ ਗਿਆ ਹੈ:

ਮੈਂ ਸੋਆਂਗਾ
ਜਦ ਮੈਂ ਸੁੱਤਾ ਹੋਵਾਂਗਾ/ ਤੁਸੀਂ ਮਲਕੜੇ ਆਉਣਾ
ਮੈਨੂੰ ਸੁੱਤੇ ਨੂੰ, ਉਂਗਲੀ ਲਾ ਲੈ ਜਾਉਣਾ

ਕਵਿਤਾ ਵਿਚ ਰੁਮਾਂਸ ਤੇ ਸ਼ਿੰਗਾਰ ਰਸ ਦਾ ਸੰਚਾਰ ਵੀ ਉਸੇ ਲੀਹ ਉੱਤੇ ਹੋਇਆ ਹੈ ਜਿਸ ਲੀਹ ਉੱਤੇ ਗੁਰਬਾਣੀ ਦੇ ਸੰਕਲਪ ਅਨੁਸਾਰ ਜੀਵ ਇਸਤਰੀ ਪ੍ਰਭੂ ਮਿਲਾਪ ਲਈ ਤਾਂਘਦੀ ਹੈ। ਗੁਰੂ ਨਾਨਕ ਬਾਣੀ ਵਿਚ ਬਿਰਹਣ ਤੇ ਸੁਹਾਗਣ ਦੇ ਬਿੰਬ ਰਾਹੀਂ ਕੁਦਰਤ ਦੀ ਖ਼ੂਬਸੂਰਤੀ ਦੇ ਹਵਾਲੇ ਨਾਲ ਜੋ ਰਚਨਾ ਹੋਈ ਹੈ,ਕਰਤਾਰ ਸਿੰਘ ਦੁੱਗਲ ਨੇ ਉਸਤੋਂ ਪ੍ਰੇਰਨਾ ਲੈ ਕੇ ਨਿੱਕੇ ਆਕਾਰ ਵਾਲੀਆਂ ਕੁਝ ਬਹੁਤ ਖ਼ੂਬਸੂਰਤ ਕਵਿਤਾਵਾਂ ਦੀ ਰਚਨਾ ਕੀਤੀ ਹੈ। ਪਰ ਔਰਤ ਮਰਦ ਸੰਬੰਧਾਂ ਨੂੰ ਬੇਬਾਕੀ ਨਾਲ ਚਿਤਰਨ ਵਾਲੇ ਆਧੁਨਿਕ ਗਲਪਕਾਰ ਦੇ ਆਪਣੇ ਬਿੰਬ ਤੋਂ ਪਾਸੇ ਜਾਂਦਿਆਂ ਹੋਇਆਂ ਉਸਨੇ ਸੂਫੀਆਂ ਦੇ ਇਸ਼ਕ ਦੇ ਸੰਕਲਪ ਨੂੰ ਅਪਨਾਉਣ ਵਿਚ ਵੀ ਰੁਚੀ ਨਹੀਂ ਵਿਖਾਈ। ਹੁਣ ਉਹ 'ਘਰ ਦੀ ਨਾਰ' ਦੀ ਵੇਦਨਾ ਨੂੰ ਪ੍ਰਗਟ ਕਰਨ ਵੱਲ ਵਧੇਰੇ ਰੁਚਿਤ ਹੈ:

ਸੱਤ ਸ਼ਿੰਗਾਰ ਕਰਕੇ ਮੈਂ ਨਿਕਲੀ,ਉਹਦੇ ਰਾਹ ਖਲੀ
ਘਰ ਦੀ ਨਾਰ ਮੈਂ ਸੰਘ ਭੁਲਾ ਕੇ , ਖੜ੍ਹੀ ਹਾਂ ਕਲ-ਮੁਕਲੀ...
ਔਸੀਆਂ ਪਾਂਦੀ,ਕਾਗ ਉਡਾਂਦੀ,ਮੈਂਡੀ ਅਵਧਿ ਜਾਵੇ ਢਲੀ
ਹੋਈਆਂ ਤ੍ਰਿਕਾਲਾਂ,ਮੈਂਡੀ ਰਾਤ ਵਸਲ ਦੀ
"ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ"

ਅਧਿਆਤਮਕ ਲੀਹ ਉੱਤੇ ਚਲਦੀ ਇਸ ਕਾਵਿ-ਰਚਨਾ ਵਿਚ ਸੰਸਾਰਕ ਸਮੱਸਿਆਵਾਂ ਦਾ,ਭਾਵੇਂ ਥੋੜ੍ਹਾ ਹੀ,ਜ਼ਿਕਰ ਅਵੱਸ਼ ਹੈ। ਸੰਸਾਰੀ ਦੁੱਖ ਸੰਤਾਪ ਦਾ ਜ਼ਿਕਰ ਵਿਅਕਤੀਗਤ ਅਤੇ ਸਮੂਹਕ ਦੋਹਾਂ ਪੱਧਰਾਂ ਉੱਤੇ ਹੋਇਆ ਹੈ। ਵਿਅਕਤੀਗਤ ਦੁੱਖਾਂ ਦੇ ਵਖਾਣ ਵਿਚ ਆਪਣੇ ਇਕੋ ਇਕ ਪੋਤਰੇ ਅਤੇ 'ਤੁਰ ਗਈ' ਭਾਬੀ ਜਾਨ ਦੇ ਵਿਛੋੜੇ ਦਾ ਰੁਦਨ ਹੈ। 'ਨੌਕਰੀ ਪੇਸ਼ਾ ਘਰ ਵਿਚ ਜਨਮੇ ਹੋਣ ਕਾਰਨ ਕਦਮ ਕਦਮ ਲਾਚਾਰੀ' ਭੋਗਣ ਦੀ ਵੇਦਨਾ *ਕੁਦਰਤ ਕਉਣ ਹਮਾਰੀ* ਵਿਚ ਪ੍ਰਗਟ ਹੋਈ ਹੈ। ਦੇਸ਼-ਵੰਡ ਦੇ ਨਤੀਜੇ ਵਜੋਂ ਪੋਠੋਹਾਰ ਦੀ ਧਰਤੀ ਤੋਂ ਉਜੜ ਕੇ ਆਉਣ ਅਤੇ *ਏ ਪੰਡੀਆ ਮੋ ਕਉ ਢੇਡ ਕਹੰਤ* ਵਾਂਗ ਭਾਪੇ ਭਾਪੇ ਅਖਵਾਏ ਜਾਣ ਦਾ ਵਿਓਰਾ ਹੈ। ਸਮੂਹਕ ਪ੍ਰਸੰਗ ਵਿਚ ਰਾਜਸੀ ਵਿਵਸਥਾ ਜਾਂ ਕੁਦਰਤ ਦੀ ਕਰੋਪੀ ਨਾਲ ਆਮ ਲੋਕਾਈ ਨੂੰ ਪੈਂਦੀ ਮਾਰ ਦਾ ਦੁੱਖ ਹੈ। ਇਸ ਤਰ੍ਹਾਂ ਦੇ ਵੇਰਵਿਆਂ ਵਿਚ ਉਸਦੀ ਆਸਥਾ ਰੱਬ ਅੱਗੇ ਪ੍ਰਸ਼ਨ ਬਣਕੇ ਵੀ ਖਲੋਂਦੀ ਹੈ:

ਇਹ ਸ੍ਰਿਸ਼ਟੀ ਜੋ ਸਾਜੀ ਹੈ ਤੁਹਾਡੀ
ਫਿਰ ਇਸ ਵਿਚ ਹੈ ਕਿਉਂ ਗੰਦਗੀ...
ਜਿਨ੍ਹਾਂ ਨੂੰ ਬੁਰਕੀ ਨਹੀਂ ਨਸੀਬ ਹੁੰਦੀ,ਦਿਨ ਵਿਚ ਦੂਜੀ ਵਾਰ
ਜਿਹੜੇ ਸੜਕਾਂ ਕੰਢੇ ਫੁੱਟਪਾਥ 'ਤੇ, ਦਿੰਦੇ ਨੇ ਵਕਤ ਗੁਜ਼ਾਰ
ਅਮੀਰ ਨੇ ਹੁੰਦੇ ਹੋਰ ਅਮੀਰ,ਗਰੀਬ ਹੁੰਦੇ ਨੇ ਹੋਰ ਖ਼ਵਾਰ...
"ਕਿਧਰੇ ਕੋਈ ਗ਼ਲਤੀ ਹੈ",ਮੈਂ ਰੱਬ ਜੀ ਨੂੰ ਕਹਿੰਦਾ ਹਾਂ
ਮੇਰੇ ਏਸ ਸ਼ੰਕੇ 'ਤੇ ਰੱਬ ਹੱਸ ਰਿਹਾ ਹੈ

ਪਰ ਢਲਦੀ ਉਮਰ ਦਾ ਕਰਤਾਰ ਸਿੰਘ ਦੁੱਗਲ ਉਮਰ ਵਿਚ ਆਪਣੇ ਤੋਂ ਵੀ ਬਿਰਧ ਖੁਸ਼ਵੰਤ ਸਿੰਘ ਵਰਗਾ ਨਹੀਂ ਬਣ ਸਕਦਾ, ਜੋ ਰੱਬ ਦੀ ਹੋਂਦ ਤੋਂ ਮੁਨਕਰ ਹੈ। ਦੁੱਗਲ ਅਨੁਸਾਰ *'ਮੇਰੇ ਮਿੱਤਰ ਖੁਸਵੰਤ ਦੇ ਘਰ ਮਾਇਆ ਤੇ ਸ਼ੁਹਰਤ ਦੀ ਹੈ ਭੀੜ ਲੱਗੀ ਹੋਈ,ਈਸ਼ਵਰ ਦੀ ਉਸਨੂੰ ਇੰਝ ਲਗਦਾ ਹੈ ਲੋੜ ਨਹੀਂ ਕੋਈ'*। ਰੱਬ ਦੀ ਲੋੜ ਨੂੰ ਪਦਾਰਥਕ ਸੁਖ ਸਹੂਲਤਾਂ ਤਕ ਸੀਮਤ ਨਾ ਸਮਝਦਾ ਹੋਇਆ ਉਹ ਫਿਰ ਗੁਰਮਤਿ ਦਾ ਆਸਰਾ ਲੈਂਦਾ ਹੈ: *"ਹੈ ਤਉ ਸਹੀ ਲਖੈ ਜਉ ਕੋਈ"*।

ਲੈਅ-ਤਾਲ ਸਹਿਤ ਸੂਖਮ ਪਿੰਡੇ ਵਾਲੀਆਂ ਸਰੋਦੀ ਭਾਂਤ ਦੀਆਂ ਇਸ ਪੁਸਤਕ ਵਿਚਲੀਆਂ ਨਿੱਕੀਆਂ ਨਿੱਕੀਆਂ ਕਵਿਤਾਵਾਂ ਵਿਚ ਜਦੋਂ ਕਿਤੇ ਕਿਤੇ ਵਾਰਤਕ ਨੁਮਾ ਪੰਕਤੀਆਂ ਆ ਜਾਂਦੀਆਂ ਹਨ ਤਾਂ ਸੁਆਦ ਕਿਰਕਿਰਾ ਹੋ ਜਾਂਦਾ ਹੈ। ਵੈਸੇ ਇਹਨਾਂ ਕਵਿਤਾਵਾਂ ਨੂੰ ਵਿਚਾਰਧਾਰਕ ਰੱਖ-ਰਖਾਉ ਦੇ ਬਾਵਜੂਦ ਹਰ ਕੋਈ ਮਾਣ ਸਕਦਾ ਹੈ,ਐਨ ਉਵੇਂ ਜਿਵੇਂ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਨੂੰ।

(ਰਘਬੀਰ ਸਿੰਘ)

ਪ੍ਰਾਪਤ ਪੁਸਤਕਾਂ

ਦੋ ਪੱਤਣਾਂ ਦੇ ਤਾਰੂ [ਨਾਵਲ] ਅਜਾਇਬ ਕਮਲ
ਪੰਨੇ 202, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਕਾਲੀ ਪਗੀ [ਨਾਵਲ] ਨਰਿੰਦਰਪਾਲ ਸਿੰਘ ਕੋਮਲ
ਪੰਨੇ 304, ਮੁੱਲ 325 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਨੀ ਮੈਂ ਕਿੱਧਰ ਜਾਵਾਂ [ਨਾਵਲ] ਦੂਧਨਾਥ ਸਿੰਘ, ਅਨੁਵਾਦਕ : ਰਾਬਿੰਦਰ ਸਿੰਘ ਬਾਠ
ਪੰਨੇ 144, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਗੁ: ਨਾ. ਦੇ. ਯੂ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਮੋਚੀ ਦਾ ਪੁੱਤ [ਕਹਾਣੀ ਸੰਗ੍ਰਹਿ] ਮੋਹਨ ਲਾਲ ਫਿਲੌਰੀਆ
ਪੰਨੇ 183, ਮੁੱਲ 200 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

ਹਾਇ ਓਏ ਦੁੱਲਿਆ [ਕਹਾਣੀ ਸੰਗ੍ਰਹਿ] ਭੋਲਾ ਸਿੰਘ ਸੰਘੇੜਾ
ਪੰਨੇ 140, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਦਸਤਕ ਦੀ ਉਡੀਕ [ਕਹਾਣੀ ਸੰਗ੍ਰਹਿ] ਸੁਰਿੰਦਰ ਨੀਰ
ਪੰਨੇ 164, ਮੁੱਲ 200 ਰੁਪਏ, ਪੇਪਰਬੈਕ 100 ਰੁਪਏ, ਆਬਰੂ ਪ੍ਰਕਾਸ਼ਨ, ਜੰਮੂ

ਸ਼ਿਵ ਦੀ ਗੌਰਜਾਂ [ਕਹਾਣੀ ਸੰਗ੍ਰਹਿ] ਗੁਰਚਰਨ ਕੌਰ ਥਿੰਦ
ਪੰਨੇ 112, ਮੁੱਲ 100 ਰੁਪਏ, ਸੁਨੀਤਾ ਪਬਲਿਸ਼ਰਜ਼, ਹੈਬੋਵਾਲ ਕਲਾਂ, ਲੁਧਿਆਣਾ

ਕਿਰਾਏ ਵਾਲੇ ਆਦਮੀ [ਹਾਸ-ਵਿਅੰਗ] ਨਿਰੰਜਣ ਸ਼ਰਮਾ ਸੇਖਾ
ਪੰਨੇ 84, ਮੁੱਲ 100 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

...ਬਲਖ਼ ਨਾ ਬੁਖ਼ਾਰੇ [ਨਾਟਕ] ਸੰਜੀਵਨ ਸਿੰਘ
ਪੰਨੇ 64, ਮੁੱਲ 50 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

ਕੰਡਿਆਲੀ ਤਾਰ [ਨਾਟਕ] ਕਿਰਪਾਲ ਸਿੰਘ ਕਸਾਲੀ
ਪੰਨੇ 93, ਮੁੱਲ 150 ਰੁਪਏ, ਸੁਖਪ੍ਰੀਤ, ਗੁਰੂ ਨਾਨਕ ਨਗਰ, ਜੰਮੂ

ਨੱਚਾਂਗੀ ਸਾਰੀ ਰਾਤ [ਨਾਟਕ] ਕਿਰਪਾਲ ਸਿੰਘ ਕਸਾਲੀ
ਪੰਨੇ 104, ਮੁੱਲ 125 ਰੁਪਏ, ਸੁਖਪ੍ਰੀਤ, ਗੁਰੂ ਨਾਨਕ ਨਗਰ, ਜੰਮੂ

ਸ਼ਹੀਦ ਭਗਤ ਸਿੰਘ : ਅਣਥੱਕ ਜੀਵਨ ਗਾਥਾ [ਮਹਾਂਕਾਵਿ] ਇੰਦਰਜੀਤ ਨੰਦਨ
ਪੰਨੇ 240, ਮੁੱਲ 130 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਨੀਲਕੰਠ [ਕਾਵਿ ਸੰਗ੍ਰਹਿ] ਮਨਮੋਹਨ
ਪੰਨੇ 100, ਮੁੱਲ 120 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਸੱਚ ਦੇ ਸਨਮੁਖ [ਕਾਵਿ ਸੰਗ੍ਰਹਿ] ਕੁਲਵੰਤ ਜਗਰਾਉਂ
ਪੰਨੇ 144, ਮੁੱਲ 130 ਰੁਪਏ, ਲਾਹੌਰ ਬੁੱਕ ਸ਼ਾਪ, ਲਾਜਪਤ ਰਾਏ ਮਾਰਕਿਟ, ਲੁਧਿਆਣਾ

ਉਪਰਾਮ ਮੌਸਮ [ਕਾਵਿ ਸੰਗ੍ਰਹਿ] ਧਰਮ ਕੰਮੇਆਣਾ
ਪੰਨੇ 112, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਓਅੰਕਾਰ[ਕਾਵਿ ਸੰਗ੍ਰਹਿ] ਗਿੱਲ ਮੋਰਾਂਵਾਲੀ
ਪੰਨੇ 104, ਮੁੱਲ 125 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਕਵੀ ਹਾਂ ਮੈਂ [ਕਾਵਿ ਸੰਗ੍ਰਹਿ : ਸ਼ਾਹਮੁਖੀ ਤੇ ਗੁਰਮੁਖੀ ਅੱਖਰਾਂ ਵਿਚ] ਤਿਲਕ ਚੰਦ 'ਤਿਲਕ'
ਪੰਨੇ 146+146, ਮੁੱਲ 400 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਗੁ: ਨਾ. ਦੇ. ਯੂ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਗਮਲਿਆਂ ਵਿਚਲੇ ਬੋਹੜ [ਕਾਵਿ ਸੰਗ੍ਰਹਿ] ਅਵਤਾਰ ਖਹਿਰਾ
ਪੰਨੇ 79, ਮੁੱਲ 100 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਮੈਂ ਪੰਜਾਬ ਹਾਂ [ਕਾਵਿ ਸੰਗ੍ਰਹਿ] ਤੁਲੀ ਫ਼ਕੀਰ ਚੰਦ ਜਲੰਧਰੀ
ਪੰਨੇ 96, ਮੁੱਲ 80 ਰੁਪਏ, ਮਧੂਸੂਦਨ ਤੁਲੀ, ਰਮੇਸ਼ ਨਗਰ, ਜਲੰਧਰ

ਸ਼ਾਇਰ ਸੁਰਿੰਦਰ ਸਿੰਘ ਸੁੰਨੜ [ਕਾਵਿ ਚਿਤਰ] ਤੁਲੀ ਫ਼ਕੀਰ ਚੰਦ ਜਲੰਧਰੀ
ਪੰਨੇ 120, ਮੁੱਲ 50 ਰੁਪਏ, ਮਧੂਸੂਦਨ ਤੁਲੀ, ਰਮੇਸ਼ ਨਗਰ, ਜਲੰਧਰ

ਐਟਸੈਟਰਾ-1 [ਖੋਜ-ਪੱਤਰ ਤੇ ਆਲੋਚਨਾ] ਰਵਿੰਦਰ ਰਵੀ
ਪੰਨੇ 227, ਮੁੱਲ 300 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

ਐਟਸੈਟਰਾ-2 [ਰਚਨ-ਪ੍ਰਕਿਰਿਆ ਤੇ ਹੋਰ ਲੇਖ] ਰਵਿੰਦਰ ਰਵੀ
ਪੰਨੇ 171, ਮੁੱਲ 200 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

ਐਟਸੈਟਰਾ-3 [ਮੁਲਾਕਾਤਾਂ] ਰਵਿੰਦਰ ਰਵੀ
ਪੰਨੇ 196, ਮੁੱਲ 250 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

ਸੋਚ ਦਾ ਸਫ਼ਰ [ਵਾਰਤਕ] ਪੂਰਨ ਸਿੰਘ
ਪੰਨੇ 232, ਮੁੱਲ 100 ਰੁਪਏ, ਸਾਤਵਿਕ ਪੁਸਤਕਾਂ, ਸਿਟੀ ਸੈਂਟਰ, ਅੰਮ੍ਰਿਤਸਰ

ਸਿਗਮੰਡ ਫ਼ਰਾਇਡ ਅਤੇ ਮਨੋ ਵਿਸ਼ਲੇਸ਼ਣ [ਵਾਰਤਕ] ਡਾ. ਕੁਲਵੰਤ ਸਿੰਘ
ਪੰਨੇ 104, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਗੁ: ਨਾ. ਦੇ. ਯੂ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਪਗੜੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ [ਆਤਮ ਕਥਾ] ਸਰਦਾਰ ਅਜੀਤ ਸਿੰਘ: ਸੰਪਾਦਕ ਜਗਮੋਹਨ ਸਿੰਘ
ਪੰਨੇ 207, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

सरदार भगत सिंह (पत्र और दस्तावेज़) संपादन : वीरेन्द्र सिन्धु
पन्ने 96, मूल्य 90 रूपये, राजपाल एंड सन्ज, कश्मीरी गेट, दिल्ली

ਸਿਖੁ ਸੁ ਖੋਜਿ ਲਹੈ [ਨਿਬੰਧ] ਜਸਵੰਤ ਸਿੰਘ ਜ਼ਫ਼ਰ
ਪੰਨੇ 112, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕਵੀ ਰਵਿੰਦਰ ਰਵੀ [ਆਲੋਚਨਾ] ਸੰਪਾਦਕ : ਮਨਜੀਤ ਮੀਤ
ਪੰਨੇ 536, ਮੁੱਲ 550 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਸ਼ਿਵ ਕੁਮਾਰ ਬਟਾਲਵੀ : ਕਾਵਿ-ਵਿਗਾਸ [ਆਲੋਚਨਾ] ਬ. ਸ. ਰਤਨ (ਡਾ.)
ਪੰਨੇ 112, ਮੁੱਲ 120 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

ਗੁਰਮਤਿ ਦਰਸ਼ਨ ਦੇ ਮਾਨਵੀ ਸਰੋਕਾਰ [ਆਲੋਚਨਾ] ਪ੍ਰੋ. ਕ੍ਰਿਸ਼ਨ ਸਿੰਘ
ਪੰਨੇ 108, ਮੁੱਲ 80 ਰੁਪਏ, ਅਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ

ਉੱਤਰੀ ਅਮਰੀਕਾ ਦਾ ਪੰਜਾਬੀ ਸਾਹਿਤ : ਸਮਾਜ-ਸ਼ਾਸਤਰੀ ਪਰਿਪੇਖ [ਆਲੋਚਨਾ] ਡਾ. ਹਰਬਿੰਦਰ ਕੌਰ
ਪੰਨੇ 231, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਕਹਾਣੀਕਾਰ ਵੀਨਾ ਵਰਮਾ ਅਤੇ ਨਾਰੀ ਸੰਵੇਦਨਾ [ਆਲੋਚਨਾ] ਸੁਖਵਿੰਦਰ ਕੌਰ
ਪੰਨੇ 88, ਮੁੱਲ 100 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਗੁ: ਨਾ. ਦੇ. ਯੂ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਚਤੁਰਭੁਜ ਦਾ ਪੰਜਵਾਂ ਕੋਣ [ਲੇਖ] ਦੀਪ ਜ਼ੀਰਵੀ
ਪੰਨੇ 64, ਮੁੱਲ 30 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

ਪੱਤਰ

ਮੈਂ 'ਸਿਰਜਣਾ' ਦੇ ਜਨਮ ਤੋਂ ਹੀ ਇਸਦਾ ਪਾਠਕ ਹਾਂ ਅਤੇ ਲਿਖਤਾਂ ਬਾਰੇ ਅਕਸਰ ਟਿੱਪਣੀਆਂ ਕਰਦਾ ਰਹਿੰਦਾ ਹਾਂ। ਪਰੰਤੂ ਅੱਤਵਾਦ ਦੇ ਵੀਹ ਸਾਲੇ ਝੱਖੜ ਨੇ ਪੜ੍ਹਨਾ-ਲਿਖਣਾ ਦੋਨੋਂ ਭੁਲਾ ਦਿੱਤੇ। ਪੈੱਨ ਦੀ ਸਿਆਹੀ ਦੀ ਥਾਂ ਸਟੇਨਗੰਨ ਦੇ ਕਾਰਤੂਸਾਂ ਦਾ ਵੱਧ ਖਿਆਲ ਰਹਿੰਦਾ ਸੀ। ਚਲੋ-ਉਹ ਸਮਾਂ ਲੰਘ ਗਿਆ। ਹੁਣ ਮੈਂ ਸ਼ੇਖ ਫਰੀਦ ਵਾਂਗ ਬੁੱਢਾ ਹੋ ਗਿਆ ਹਾਂ ਅਤੇ ਦੇਹ ਵੀ ਕੰਬਣ ਲੱਗ ਪਈ ਹੈ। ਪਰ ਆਪਣੇ ਘਰ ਦੇ ਖੁੱਲ੍ਹੇ ਵਿਹੜੇ ਵਿਚ ਪੜ੍ਹਦਾ ਤੇ ਲਿਖਤ ਨੂੰ ਚਿੱਥਦਾ ਹਾਂ। ਪਿਛਲੀ ਵਾਰ ਇਕ ਸੰਖੇਪ ਜਿਹੀ ਚਿੱਠੀ ਲਿਖੀ ਸੀ, ਇਸ ਵਾਰ ਸਿਰਜਣਾ-147 ਬਾਰੇ ਖੁੱਲ੍ਹ ਕੇ ਗੱਲ ਕਰਨ ਦਾ ਮਨ ਹੈ। ਗੱਲ ਕਹਾਣੀਆਂ ਤੋਂ ਤੋਰਦਾ ਹਾਂ। ਦਰਸ਼ਨ ਸਿੰਘ ਨੂੰ ਇਸ ਉਮਰ 'ਚ ਇਹੋ ਜਿਹੇ ਸੁਪਨੇ ਆਉਣੇ ਕੋਈ ਚੰਗੀ ਅਲਾਮਤ ਨਹੀਂ ਹਨ। ਉਹਨੂੰ ਬਾਬੇ ਫਰਾਇਡ ਨੂੰ ਖੋਹਲ ਕੇ ਪੜ੍ਹਨਾ ਚਾਹੀਦਾ ਹੈ, ਅਜਿਹੇ ਸੁਪਨੇ ਆਉਣੋਂ ਹਟ ਜਾਣਗੇ ਤੇ ਚੰਗੇ ਸੁਪਨੇ ਆਉਣ ਲੱਗ ਜਾਣਗੇ। ਭਗਵੰਤ ਰਸੂਲਪੁਰੀ ਦੀ ਕਹਾਣੀ ਦਲਿਤਾਂ ਬਾਰੇ ਹੈ ਪਰੰਤੂ ਦਲਿਤਾਂ ਬਾਰੇ ਅਜਿਹੀ ਗੱਲ ਕਰਨ ਦੀ ਕੋਈ ਤੁਕ ਨਹੀਂ। ਉਸਦੀ ਕਹਾਣੀ ਪੜ੍ਹ ਕੇ ਜਾਪਦਾ ਹੈ ਕਿ ਕਹਾਣੀ ਦੀ ਨਾਇਕਾ ਤੇ ਹੋਰ ਦੂਜੇ ਪਾਤਰ ਕਰਮਾਂ ਦੇ ਮਾਰੇ ਹੋਏ ਹਨ। ਇਹ ਸਬਕ ਤਾਂ ਜੁਗਾਂ-ਜੁਗਾਂ ਤੋਂ ਉਹਨਾਂ ਨੂੰ ਪੜ੍ਹਾਇਆ ਜਾ ਰਿਹਾ ਹੈ। ਮੈਨੂੰ ਜਾਪਦਾ ਹੈ ਕਿ ਰਸੂਲਪੁਰੀ ਉਹਨਾਂ ਨੂੰ ਮੁੜ ਇਹ ਸਬਕ ਦ੍ਰਿੜਾਉਣ ਲਈ ਤੁਰਿਆ ਹੋਇਆ ਹੈ। ਕਿਸੇ ਬੰਦੇ ਨੂੰ ਨਰਕ 'ਚ ਡਿੱਗਿਆ ਦੱਸਣਾ ਹੀ ਕਾਫੀ ਨਹੀਂ ਉਹਨੂੰ ਨਰਕ ਵਿਚੋਂ ਨਿਕਲਣ ਦਾ ਰਾਹ ਵੀ ਦੱਸਣਾ ਚਾਹੀਦਾ ਹੈ, ਜਿਵੇਂ ਅਜਮੇਰ ਸਿੱਧੂ ਨੇ ਪਿਛਲੇ ਪਰਚਿਆਂ ਵਿਚ ਆਪਣੀ ਕਹਾਣੀ ਵਿਜ ਕੀਤਾ ਸੀ।

ਹਰਪ੍ਰੀਤ ਸੇਖਾ ਆਪਣੀ ਕਹਾਣੀ 'ਛੱਪੜ' ਵਿਚ ਵੀਹ ਸਾਲ ਪੁਰਾਣੇ ਸਮਾਚਾਰ ਦੇ ਰਿਹਾ ਹੈ। ਇਹ ਸਾਰਾ ਕੁਝ ਪਹਿਲਾਂ ਲੇਖਕਾਂ ਤੇ ਚਿੰਤਕਾਂ ਨੇ ਬਹੁਤ ਚੰਗੀ ਤਰ੍ਹਾਂ ਸਪਸ਼ਟ ਕੀਤਾ ਹੈ। ਲੋੜ ਅੱਜੋਕੀ ਸਥਿਤੀ ਦਾ ਸਮਾਚਾਰ ਦੇਣ ਦੀ ਹੈ ਕਿ ਕੀ ਦਿਮਾਗ਼ਾਂ ਵਿਚੋਂ ਪੁਰਾਣੀ ਜਗੀਰੂ ਧੁੰਦ ਹਟੀ ਹੈ ਜਾਂ ਨਹੀਂ। ਉਰਦੂ ਅਫ਼ਸਾਨਾਨਿਗਾਰ ਰਤਨ ਸਿੰਘ ਦੀ ਕਹਾਣੀ ਰਵਾਇਤੀ ਹੈ, ਨਵੀਂ ਕੋਈ ਗੱਲ ਨਹੀਂ।

ਮੈਂ ਇਹ ਸਮਝਦਾ ਹਾਂ ਕਿ ਸੋਵੀਅਤ ਯੂਨੀਅਨ ਬਾਰੇ ਟੁੱਟਵੇਂ ਨਿਰਣੇ ਕਰਨ ਦਾ ਸਮਾਂ ਲੰਘ ਗਿਆ ਹੈ। ਅੱਜ ਲੋੜ ਸੰਗਠਤ ਚਿੰਤਨ ਦੀ ਤੇ ਠੋਸ ਸਿੱਟਿਆਂ ਦੀ ਹੈ ਅਤੇ ਇਹ ਯਤਨ ਹੇਠਾਂ ਤੋਂ ਲੈ

ਕੇ ਕੌਮਾਂਤਰੀ ਪੱਧਰ ਤਕ ਕੀਤੇ ਜਾਣੇ ਚਾਹੀਦੇ ਹਨ। ਬੀਬੀ ਬਲਵਿੰਦਰ ਤੇ ਚੰਦਰ ਮੋਹਨ ਠੀਕ ਹਨ ਪਰੰਤੂ ਗੰਭੀਰ ਗੱਲ ਸੁਰਜੀਤ ਹਾਂਸ ਦੇ ਮਨੁੱਖੀ ਅਧਿਕਾਰਾਂ ਬਾਰੇ ਗੰਭੀਰ ਚਿੰਤਨ ਵਿਚ ਹੈ। ਇਹ ਪੁਸਤਕ ਮੇਰੇ ਵਰਗੇ ਨੰਗ ਦੀ ਪਹੁੰਚ ਤੋਂ ਬਾਹਰ ਹੈ ਪਰੰਤੂ ਸਾਡੇ ਚਿੰਤਕਾਂ ਨੂੰ ਇਸਦਾ ਗੰਭੀਰ ਅਧਿਐਨ ਕਰਕੇ ਖੁੱਲ੍ਹ ਕੇ ਸੰਵਾਦ ਰਚਾਉਣ ਦੀ ਲੋੜ ਹੈ। ਹਾਂਸ ਦੀ ਪਹਿਲ ਕਦਮੀ ਮੇਰੇ ਲਈ ਇਕ ਸਮਾਚਾਰ ਹੈ ਪਰੰਤੂ ਪੰਜਾਬ 'ਚ ਜੰਮੇ ਬੁੱਧੀਜੀਵੀਆਂ ਤੇ ਚਿੰਤਕਾਂ ਦਾ ਇਕ ਦੁਖਾਂਤ ਹੈ ਕਿ ਉਹ ਪਰਾਇਆਂ ਦੀ ਗੱਲ ਖੁੱਲ੍ਹ ਕੇ ਅਤੇ ਸੁਹਿਰਦ ਹੋ ਕੇ ਕਰਦੇ ਹਨ ਪਰੰਤੂ ਘਰ ਅੰਦਰ ਕਿਸੇ ਧਾਰਮਿਕ ਸਥਾਨ ਦੇ ਉੱਚੇ ਆਸਣ 'ਤੇ ਬੈਠੇ ਧੂਤਿਆਂ ਤੋਂ ਡਰ ਜਾਂਦੇ ਹਨ। ਸਿੱਖੀ ਬਾਰੇ ਗੱਲ ਕਰਦਿਆਂ ਹਾਂਸ ਵੀ ਇਹੋ ਕਰ ਗਿਆ ਹੈ, ਏਥੇ ਮੈਂ ਉਸ ਨਾਲ ਸਹਿਮਤ ਨਹੀਂ ਹਾਂ। ਮੇਰੇ ਆਪਣੇ ਵਿਚਾਰ ਹੋਰ ਹਨ। ਕਿਸੇ ਢੁਕਵੇਂ ਥਾਂ ਤੇ ਸਮੇਂ ਇਸਦੀ ਚਰਚਾ ਅਵੱਸ਼ ਕਰਨਾ ਚਾਹਾਂਗਾ। ਚੱਲੋ ਇਸ ਵਾਰ ਇੰਨਾ ਹੀ ਕਾਫੀ ਹੈ।

[ਸੁਰਜੀਤ ਗਿੱਲ, ਘੋਲੀਆ ਕਲਾਂ, ਜ਼ਿਲ੍ਹਾ ਮੋਗਾ]

ਖ਼ੂਬਸੂਰਤ ਰਚਨਾਵਾਂ ਦਾ ਗੁਲਦਸਤਾ 'ਸਿਰਜਣਾ'-147। 'ਪੰਜਾਬੀ ਭਾਸ਼ਾ ਲਈ ਚਿੰਤਾ' ਸਮੁੱਚੇ ਪੰਜਾਬੀ ਪਿਆਰਿਆਂ ਦੀ ਚਿੰਤਾ ਹੈ। ਪਰ ਸਾਡੇ ਆਮ ਲੋਕ ਆਪਣੀ ਮਾਂ-ਬੋਲੀ ਬਾਰੇ ਬਿਲਕੁਲ ਅਵੇਸਲੇ ਹਨ। ਇਹਨਾਂ ਕੋਲ ਹੋਰ ਸਭ ਫ਼ਿਕਰ, ਯੱਭ ਹਨ। ਪਰ ਆਪਣੀ ਮਾਂ ਬੋਲੀ ਲਈ ਕੋਈ ਸਮਾਂ ਨਹੀਂ। ਏਸ ਬਾਰੇ ਤਾਂ ਨਾ ਇਹ ਸੋਚਦੇ ਨੇ, ਨਾ ਫਿਕਰ ਹੀ ਕਰਦੇ ਨੇ। ਮੈਂ ਆਪਣੇ ਹਸਪਤਾਲ ਦੇ ਬਹੁਤੇ ਕੰਮ ਪੰਜਾਬੀ 'ਚ ਹੀ ਕਰਵਾਉਂਦਾ ਹਾਂ, ਜਿਵੇਂ ਪਰਚੀ 'ਤੇ ਮਰੀਜ਼ ਦਾ ਨਾਂ, ਉਮਰ, ਪਿੰਡ, ਸ਼ਹਿਰ ਦਾ ਨਾਂ, ਪੰਜਾਬੀ 'ਚ ਹੀ ਲਿਖਣ ਨੂੰ ਤਰਜੀਹ ਦਿੰਨਾਂ। ਜਿੱਥੇ ਅੰਗਰੇਜ਼ੀ ਦੀ ਹੀ ਲੋੜ ਹੈ ਉੱਥੇ ਹੀ ਅੰਗਰੇਜ਼ੀ ਵਰਤਦਾਂ। ਵਿਚਰਨਾ ਤਾਂ ਅਸੀਂ ਆਪਣੇ ਪੰਜਾਬੀ ਲੋਕਾਂ 'ਚ ਹੀ ਐ। ਅੰਗਰੇਜ਼ੀ ਤਾਂ ਅਸੀਂ ਖਾਹਮਖਾਹ ਹੀ ਚੁੱਕੀ ਫਿਰਦੇ ਆਂ। ਜਿੱਥੇ ਆਪਣੀ ਭਾਸ਼ਾ ਨਾਲ ਵਧੀਆ ਗੁਜ਼ਾਰਾ ਹੋ ਰਿਹਾ ਹੋਵੇ ਉੱਥੇ ਦੂਜੀ ਭਾਸ਼ਾ ਨੂੰ ਕਿਉਂ ਵਰਤਿਆ ਜਾਵੇ? ਮੈਂ ਤਾਂ ਹਸਪਤਾਲ 'ਚ ਆਏ ਭਈਆਂ, ਭਈਆਣੀਆਂ ਨਾਲ ਵੀ ਪੰਜਾਬੀ ਬੋਲਦਾ ਹਾਂ। ਮੈਂ ਉਹਨਾਂ ਦੀ ਹਿੰਦੀ ਨੂੰ ਸਮਝ ਲੈਂਦਾ ਹਾਂ। ਤੇ ਉਹ ਮੇਰੀ ਪੰਜਾਬੀ ਨੂੰ ਚੰਗੀ ਤਰ੍ਹਾਂ ਸਮਝ ਲੈਂਦੇ ਹਨ। ਬਹੁਤ ਸਾਰਾ ਕੰਮ ਆਪਣੀ ਮਾਂ-ਬੋਲੀ ਵਿਚ ਕਰਕੇ ਇਸ ਭਾਸ਼ਾ ਨੂੰ ਪ੍ਰਫੁੱਲਤ ਕੀਤਾ ਜਾ ਸਕਦੈ। ਪਰ ਸਾਡੇ ਪੰਜਾਬੀ ਪਤਾ ਨਹੀਂ ਕਦੋਂ ਜਾਗਣਗੇ। ਭਗਵੰਤ ਰਸੂਲਪੁਰੀ, ਦਰਸ਼ਨ ਸਿੰਘ, ਹਰਪ੍ਰੀਤ ਸੇਖਾ ਤੇ ਰਤਨ ਸਿੰਘ, ਚਾਰਾਂ ਦੀਆਂ ਹੀ ਕਹਾਣੀਆਂ ਚੰਗੀਆਂ ਲੱਗੀਆਂ। ਬਲਵਿੰਦਰ ਕੌਰ ਬਰਾੜ, ਚੰਦਰ ਮੋਹਨ ਅਤੇ ਕਰਨਜੀਤ ਸਿੰਘ ਦੇ ਲੇਖ ਵਾਹਵਾ ਹੀ ਮਿਹਨਤ ਨਾਲ ਲਿਖੇ ਹੋਏ ਹਨ। ਚੰਗੇ ਲੱਗੇ। ਭੁਪਿੰਦਰ ਕੌਰ ਪ੍ਰੀਤ ਦੀ ਕਵਿਤਾ, ਹਰਨੇਕ ਸਿੰਘ ਕੋਮਲ ਦੇ 'ਆਧੁਨਿਕ ਦੋਹੇ' ਤੇ ਬੂਟਾ ਸਿੰਘ ਚੌਹਾਨ ਦੀ 'ਗ਼ਜ਼ਲ'-ਆਨੰਦ ਆ ਗਿਆ ਪੜ੍ਹਕੇ।

[ਡਾ. ਕਰਮਜੀਤ ਸਿੰਘ ਨਡਾਲਾ, ਵਾਲੀਆ ਹਸਪਤਾਲ, ਅੱਡ ਨਡਾਲਾ, ਕਪੂਰਥਲਾ]

ਸਿਰਜਣਾ-147 ਦੀ ਦਿੱਖ ਵੀ ਪਿਆਰੀ ਸੀ ਅਤੇ ਮੈਟਰ ਵੀ ਸਲਾਹੁਣਯੋਗ ਸੀ। ਹਰਪ੍ਰੀਤ ਸੇਖਾ ਦੀ ਕਹਾਣੀ 'ਛੱਪੜ' ਨੇ ਬਹੁਤ ਪ੍ਰਭਾਵਤ ਕੀਤਾ। ਇਸਦੀ ਪੇਸ਼ਕਾਰੀ ਕਮਾਲ ਦੀ ਸੀ। ਪਰਵਾਸ ਦਾ ਬੋਝ ਉਠਾਉਂਦੇ ਸਾਡੇ ਲੋਕ ਕਿਹੋ ਜਿਹੀ ਮਾਨਸਿਕਤਾ ਦੇ ਸ਼ਿਕਾਰ ਹਨ, ਸੋਚ ਉਹਨਾਂ ਦੀ ਪੰਜਾਬ 'ਚ ਹੈ ਜਦਕਿ ਵਸਦੇ ਉਹ ਪਰਦੇਸ ਵਿਚ ਹਨ। ਇਥੋਂ ਦਾ ਜਾਤੀ ਪ੍ਰਬੰਧ ਅਤੇ ਬੇਲੋੜੀ ਹੈਂਕੜ ਉਹਨਾਂ ਦੇ ਜਿਸਮ ਅਤੇ ਜਾਨ ਦਾ ਇਕ ਹਿੱਸਾ ਬਣੀ ਹੋਈ ਹੈ। ਬੇਸ਼ੱਕ ਅਗਲੀ ਪੀੜ੍ਹੀ 'ਤੇ ਆ ਕੇ ਰਵਾਇਤੀ ਰਿਸ਼ਤਾ-ਨਾਤਾ ਪ੍ਰਬੰਧ ਡਗਮਗਾ ਗਿਆ ਹੈ। ਰਤਨ ਸਿੰਘ ਦੀ ਕਹਾਣੀ 'ਰਹੇ ਰੱਬ ਦਾ ਨਾਂ' ਕਲਾਤਮਕ ਪੱਖੋਂ ਬੇਜੋੜ ਹੈ। ਇਸ ਵਿਚ ਗੁੱਲੀ ਗੰਡੇ ਦਾ ਟੁੱਲ ਅਜਿਹਾ ਵਿਲੱਖਣ ਰੂਪਕ ਹੈ ਜਿਹੜਾ ਬਿਰਤਾਂਤਕਾਰ ਪਹਿਲਾਂ ਵਣਜਾਰਣ ਕੁੜੀ ਵੱਲ ਮਾਰਦਾ ਹੈ ਜਿਸਦਾ ਬਦਲਾ ਉਹ ਗੁਲੇਲਾ ਮਾਰ ਕੇ ਦਿੰਦੀ ਹੈ। ਭਾਵ ਦੋਹਾਂ ਦੀ ਬੇਟੀ ਤਥਾਕਥਿਤ ਸਭਿਅਕ ਸਮਾਜ ਨੂੰ ਛੱਡ ਕਿਸੇ ਵਣਜਾਰੇ ਮੁੰਡੇ ਨਾਲ ਵਿਆਹ ਕਰਾ ਲੈਂਦੀ ਹੈ, ਜਿਸ ਦੀ ਵੱਡੀ ਹਮਾਇਤ ਬਿਰਤਾਂਤਕਾਰ ਦੀ ਪਤਨੀ ਕਰਦੀ ਹੈ। ਦਰਸ਼ਨ ਸਿੰਘ ਦੀ

ਕਹਾਣੀ 'ਸੁਫਨਾ' ਆਪਣੇ ਵਿਸ਼ੇ ਨਾਲੋਂ ਬਿਰਤਾਂਤਕ ਸੰਗਠਨ ਦੀ ਘਾੜਤ ਵਜੋਂ ਜ਼ਿਆਦਾ ਪ੍ਰਭਾਵਤ ਕਰਦੀ ਹੈ। ਸੁਪਨ ਵਿਧੀ ਨਾਲ ਸਿਰਜਿਆ ਕਥਾ-ਜਗਤ ਵਿਲੱਖਣ ਅਤੇ ਰੌਚਿਕ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ ਰਤਾ ਲੰਬੀ ਚਲੀ ਗਈ ਤਾਂ ਵੀ ਅੱਛੀ ਲੱਗੀ। ਬਲਵਿੰਦਰ ਕੌਰ ਬਰਾੜ ਦਾ ਨਿਬੰਧ ਪੰਜਾਬੀ ਔਰਤ ਦੇ ਆਵਾਸ ਅਤੇ ਪਰਵਾਸ ਨਾਲ ਜੁੜੇ ਮਸਲਿਆਂ ਸਰੋਕਾਰਾਂ ਦੇ ਆਰ ਪਾਰ ਫੈਲਿਆ ਹੈ ਪਰ ਇਸ ਨਾਲ ਜੁੜੇ ਪਰਵਾਸੀ ਸਾਹਿਤ ਦੀਆਂ ਟੂਕਾਂ ਵੱਲ ਸੰਕੇਤ ਨਹੀਂ ਕਰਦਾ ਦਿਸਿਆ। ਚੰਦਰ ਮੋਹਨ ਅਤੇ ਕਰਨਜੀਤ ਸਿੰਘ ਦੇ ਨਿਬੰਧ ਆਪੋ ਆਪਣੀ ਜਗ੍ਹਾ ਖ਼ੂਬਸੂਰਤ ਤੇ ਜਾਣਕਾਰੀ ਵਧਾਉਣ ਵਾਲੇ ਹਨ।

[ਜੇ.ਬੀ. ਸੇਖੋਂ, ਰਾਮ ਪੁਰ ਬਿਲੜੋ, ਗੜ੍ਹਸ਼ੰਕਰ]

ਸਿਰਜਣਾ-148 ਵਿਚ ਸੁਰਜੀਤ ਹਾਂਸ ਦਾ ਨਿਬੰਧ ਬਹੁ-ਪੱਖੀ ਵਿਕਾਸ ਦੀ ਸੇਧ ਵਿਚ ਦਾਰਸ਼ਨਿਕ ਲੇਖ ਹੈ। ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਤੇ ਆਖਰ ਉਹ ਜਿੱਤ ਗਿਆ' ਅਤੇ ਸੰਤੋਖ ਸਿੰਘ ਧੀਰ ਦੀ ਕਹਾਣੀ 'ਸਾਡੇ ਸਮੇਂ ਦੇ ਬੰਦੇ' ਚੰਗੀਆਂ ਕਹਾਣੀਆਂ ਹਨ। ਜਦਕਿ ਕਵਿਤਾਵਾਂ ਬਹੁਤ ਹੀ ਹੌਲੀਆਂ ਹਨ। ਮਹਿਜ਼ ਇਕ ਖਾਨਾ ਪੂਰੀ। ਇਸ ਤੋਂ ਬਚਣਾ ਚਾਹੀਦਾ ਹੈ।

[ਜਸਵਿੰਦਰ ਸਿੰਘ, ਸਮਰਾਲਾ]

ਕਦੇ ਕਦੇ ਇਉਂ ਮਹਿਸੂਸ ਹੁੰਦੈ ਜਿਵੇਂ ਭਰਪੂਰ ਅਤੇ ਪਾਏਦਾਰ ਸਾਮੱਗਰੀ ਦੇਣ ਦੇ ਬਾਵਜੂਦ ਅੰਕ ਵਿਚ ਕੋਈ ਖਾਸ ਚੀਜ਼ ਰਹਿ ਗਈ ਹੈ। ਇਹ 'ਖਾਸ ਚੀਜ਼' ਸੰਪਾਦਕੀ ਹੈ। ਅਪਰੈਲ-ਜੂਨ, 2008 ਦੇ ਅੰਕ ਵਿਚ ਇਸ ਦੀ ਅਣਹੋਂਦ ਹੈ। ਮੇਰੀ ਨਜ਼ਰ ਵਿਚ ਸੰਪਾਦਕੀ ਕਿਸੇ ਪਰਚੇ ਦਾ ਸ਼ੀਸ਼ਾ ਹੁੰਦੀ ਹੈ। ਇਸ ਸ਼ੀਸ਼ੇ ਵਿਚੋਂ ਸੰਪਾਦਕ ਨੇ ਸਮਾਜ ਦੀ ਮੌਜੂਦਾ ਸੂਰਤ-ਇ-ਹਾਲ ਦੇ ਦਰਸ਼ਨ ਕਰਾਉਣੇ ਹੁੰਦੇ ਹਨ। ਪਿਛਲੇ ਦਿਨੀਂ ਹਿੰਦੀ ਦੀ ਇਕ ਵੱਡੀ ਪੱਤ੍ਰਿਕਾ ਨੇ ਸੰਪਾਦਕੀ ਦੇ ਮੌਜ਼ੂ ਉਪਰ ਹੀ ਵਿਸ਼ੇਸ਼ ਅੰਕ ਤਿਆਰ ਕੀਤਾ ਸੀ। ਮੇਰਾ ਕਹਿਣ ਦਾ ਮਨੋਰਥ ਕੇਵਲ ਏਨਾ ਹੈ ਕਿ 'ਸਿਰਜਣਾ' ਵਿਚ 'ਸੰਪਾਦਕੀ' ਦੀ ਆਪਣੀ ਮਹੱਤਤਾ ਹੈ ਤੇ ਇਹ ਨਿਰੰਤਰ ਛਪਣੀ ਚਾਹੀਦੀ ਹੈ।

[ਦਰਸ਼ਨ ਸਿੰਘ ਆਸ਼ਟ, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ]

ਸਿਰਜਣਾ-148 ਵਿਚ ਮੇਰੀ ਪੁਸਤਕ, 'ਕਿੱਥੇ ਗਏ ਉਹ ਲੋਕ?' ਦਾ ਰੀਵਿਊ ਛਾਪਣ ਲਈ ਧੰਨਵਾਦ। ਵਿਦਵਾਨ ਆਲੋਚਕ ਡਾ. ਚੰਦਰ ਮੋਹਨ ਨੇ ਸਾਰੀ ਪੁਸਤਕ ਪੜ੍ਹਨ ਅਤੇ ਘੋਖਣ ਉਪਰੰਤ ਇਹ ਰੀਵਿਊ ਕੀਤਾ ਹੈ। ਅਫਸੋਸ ਇਸ ਗੱਲ ਦਾ ਹੈ ਕਿ ਪੁਸਤਕ ਵਿਚ ਛਪੇ ਲੇਖ ਤਾਂ ਬੜੇ ਗਹੁ ਨਾਲ ਪੜ੍ਹੇ ਹਨ ਪਰ ਪੁਸਤਕ ਦਾ ਸਿਰਲੇਖ ਗ਼ਲਤ ਲਿਖਣ (ਕਿੱਥੇ ਗਏ ਉਹ ਦਿਨ) ਦੀ ਕੁਤਾਹੀ ਹੋ ਗਈ। ਉਪਰੰਤ, ਮਾਨਯੋਗ ਐਡੀਟਰ ਨੇ ਵੀ ਇੰਡੈਕਸ ਵਿਚ ਇਹੀ ਗ਼ਲਤੀ ਕਰਕੇ ਦੋਹਰ ਲਾ ਦਿੱਤੀ। ਜੇ ਅਜਿਹੀ ਗਲਤੀ ਕਿਸੇ ਦਫਤਰੀ ਬਾਬੂ ਨੇ ਫਾਈਲ ਵਿਚ ਕੀਤੀ ਹੁੰਦੀ ਤਾਂ ਇਸਨੂੰ ਕਲੈਰੀਕਲ ਮਿਸਟੇਕ ਕਹਿਕੇ ਰਫਾ ਦਫਾ ਕਰਨਾ ਆਸਾਨ ਸੀ। ਪਰ 'ਸਿਰਜਣਾ' ਵਰਗੇ ਪ੍ਰਤਿਸ਼ਠਤ ਪਰਚੇ ਲਈ ਇਹ ਵੱਡਾ ਦੋਸ਼ ਹੈ।

[ਜਸਦੇਵ ਸਿੰਘ ਧਾਲੀਵਾਲ, ਮਲੇਰਕੋਟਲਾ]

ਸਿਰਜਣਾ-148 ਵਿਚ ਦਰਸ਼ਨ ਸਿੰਘ ਜੋਗਾ ਦੀ ਕਹਾਣੀ 'ਨਮਸਕਾਰ' ਔਰਤ ਦੇ ਮਨ ਦੀ ਇਕ ਸੱਚੀ ਤਸਵੀਰ ਪੇਸ਼ ਕਰਦੀ ਹੈ। ਨਾਇਕਾ ਦੀ ਮਾਂ ਦੀ ਮੌਤ ਉਪਰੰਤ ਜਿੱਥੇ ਨਾਇਕਾ ਦੀ ਮਨੋਦਸ਼ਾ ਨੂੰ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ, ਉੱਥੇ ਸਮਾਜ ਦੇ ਕੁਝ ਅਜਿਹੇ ਅਨਸਰਾਂ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ ਜੋ ਭਾਵਨਾਵਾਂ ਦੇ ਮੁਕਾਬਲੇ ਮਾਇਕ ਬੱਚਤ ਨੂੰ ਵਧੇਰੇ ਮਹੱਤਤਾ ਦਿੰਦੇ ਹਨ। ਕਹਾਣੀਕਾਰ ਪਾਠਕਾਂ ਨੂੰ ਆਪਣੇ ਨਾਲ ਤੋਰਨ ਵਿਚ ਸਫਲ ਰਿਹਾ ਹੈ। ਅਜਿਹੀ ਸਸ਼ਕਤ ਕਹਾਣੀ ਦੀ ਚੋਣ ਲਈ 'ਸਿਰਜਣਾ' ਨੂੰ ਮੁਬਾਰਕਬਾਦ। ਭਵਿੱਖ ਵਿਚ ਅਜਿਹੀਆਂ ਮਨੋਵਿਗਿਆਨਕ ਕਹਾਣੀਆਂ ਪੜ੍ਹਨ ਦੀ ਉਮੀਦ ਬਰਕਰਾਰ ਹੈ।

[ਰਸ਼ੀਦ ਅੱਬਾਸ, ਮਲੇਰਕੋਟਲਾ]

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐੱਸ. ਸੀ. ਐੱਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
*ਸੰਪਾਦਕ : **ਰਘਬੀਰ ਸਿੰਘ***
ਪ੍ਰਕਾਸ਼ਨ ਮਿਤੀ : 1 ਜੁਲਾਈ, 2008

'ਛੱਟਾ ਚਾਨਣਾਂ ਦਾ ਦੇਈ ਜਾਣਾ' ਦਾ ਹੋਕਰਾ ਦੇਣ ਵਾਲੇ ਸਮਰੱਥ ਸ਼ਾਇਰ
ਸੁਰਿੰਦਰ ਗਿੱਲ ਦਾ ਸੱਜਰਾ ਕਾਵਿ-ਸੰਗ੍ਰਹਿ

ਦੋਸਤੀ ਦੀ ਰੁੱਤ



ਸੁਰਿੰਦਰ ਗਿੱਲ ਜੋ ਕੱਚੀ ਉਮਰ ਦੇ ਨਿਰਛਲ, ਕੋਰੇ-ਕੁਆਰੇ ਤੇ ਸੱਚੇ-ਸੁੱਚੇ ਜਜ਼ਬਿਆਂ ਨੂੰ ਪ੍ਰਗਟਾਉਣ ਵਾਲੇ ਇਕ ਸੰਵੇਦਨਸ਼ੀਲ ਨੌਜਵਾਨ ਕਵੀ ਵਜੋਂ ਸ਼ੁਭ ਸ਼ਗਨਾਂ ਦਾ ਢੋਆ ਲੈ ਕੇ ਪਿਛਲੀ ਸਦੀ ਦੇ ਸੱਠਵਿਆਂ ਦੇ ਸ਼ੁਰੂ ਵਿਚ ਇਕ ਸਮਰੱਥ ਕਵੀ ਵਜੋਂ ਸਾਹਮਣੇ ਆਇਆ ਸੀ, ਅੱਥਰੀ ਜਵਾਨੀ ਦੇ ਵੇਗਮੱਤੇ ਰਾਹਾਂ ਤੋਂ ਹੁੰਦਾ ਹੋਇਆ ਹੁਣ ਢਲਦੀ ਉਮਰ ਦੇ ਇਕ ਚਿੰਤਨਸ਼ੀਲ ਵਿਅਕਤੀ ਵਜੋਂ ਸਾਹਮਣੇ ਖਲੋਤਾ ਹੈ। ਉਮਰ ਦੇ ਇਸ ਪੜਾਅ ਉੱਤੇ ਉਹ ਦੋਸਤੀਆਂ, ਸਾਂਝਾਂ ਤੇ ਰਿਸ਼ਤਿਆਂ ਦੇ ਨਵੇਂ ਅਰਥ ਤਲਾਸ਼ਦਾ ਹੋਇਆ ਪ੍ਰਗਤੀਵਾਦੀ ਮਾਨਵਵਾਦੀ ਚੇਤਨਾ ਅਨੁਸਾਰ ਪਹਿਲਾਂ ਵਾਂਗ ਸਰੋਕਾਰਾਂ ਦੀ ਬਾਤ ਪਾਉਂਦਾ ਹੈ।

-ਰਘਬੀਰ ਸਿੰਘ

ਸੁੰਦਰ ਦਿੱਖ ਪੰਨੇ : 80 ਮੁੱਲ : 100 ਰੁਪਏ

ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

SIRJANA Literary Punjabi Quarterly Chandigarh

No. 149 July-September 2008

Registered with the Registrar of Newspapers for India vide R.N. 10215/65

‘ਮੀਂਹ ਕਣੀ ਦੇ ਦਿਨ’, ‘ਮਿੱਟੀ’ ਅਤੇ ‘ਬੱਦਲਾਂ ਦੀ ਪਉੜੀ’ ਦੇ ਲੇਖਕ
ਦਰਸ਼ਨ ਸਿੰਘ ਦਾ ਸੱਤਵਾਂ ਨਾਵਲ

ਉਨੱਤੀ ਫਰਵਰੀ ਤੋਂ ਤੇਰਾਂ ਮਈ 2004 ਤਕ ਦੇ ਕੁਝ ਸਾਤਿਆਂ ’ਚ ਭਾਰਤ ਦੀਆਂ ਵਕਤ ਤੋਂ ਪਹਿਲਾਂ ਕਰਾਈਆਂ ਗਈਆਂ ਆਮ ਚੋਣਾਂ ਦੀ ਪ੍ਰਕਿਰਿਆ ਪੂਰੀ ਹੋਈ। ਸ਼ੁਰੂ ’ਚ ਹਵਾ ਹਾਕਮ ਮੋਰਚੇ ਦੇ ਹੱਕ ’ਚ ਵਗ ਰਹੀ ਸੀ। ਫੇਰ ਵਿਰੋਧੀ ਮੋਰਚੇ ਦੇ ਹੱਕ ’ਚ ਵਗਨ ਲੱਗ ਪਈ। ਜਿਹੜੀਆਂ ਹਸਤੀਆਂ ਨੇ ਇਸ ਹਵਾ ਦਾ ਰੁੱਖ ਬਦਲਿਆ, ਉਹਨਾਂ ’ਚ ਇਕ ਹਸਤੀ ਸੀ ਕਾਮਰੇਡ ਕਰਮ ਸਿੰਘ ਕਿਰਤੀ। ਇਹ ਨਾਵਲ ਹੈ ਉਹਦੀ ਘਾਲਣਾ ਦੀ ਕਹਾਣੀ ਤੇ ਉਹਦੇ ਰਾਹੀਂ ਝਾਤ-ਝਾਤ ਦਿਸੀ, ਓਸ ਲੋਕ ਲਹਿਰ ਦੀ ਵਾਰਤਾ ਜਿਹਦੇ ਲਈ ਉਹਨੇ ਤੇ ਉਹਦੇ ਜਿਹੇ ਲੱਖਾਂ ਹੋਰਨਾਂ ਨੇ ਆਪਣਾ ਲਹੂ-ਪਸੀਨਾ ਇਕ ਕੀਤਾ।

ਸੁੰਦਰ ਦਿਖ ਪੰਨੇ **253** ਮੁੱਲ : **250** ਰੁਪਏ

ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ